**Golden State Realty** | **JASSI GILL** Broker/Owner



Listing and Selling Homes
From San Jose to Sacramento
**Ph:510-304-9292**
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763

Travelopod — Flights Lower Than Online
**Discounted Flights To INDIA**
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:
**SALE: $350 OFF**
For Special Sale Fares
**Call Now: 1-800-674-3868**
5* Ratings & 24x7 Service
EXTRA $50 OFF with Promo Code: FLY50
HURRY! Book Now & Save Big on Your Flights to India!

COVERED CALIFORNIA | Certified Insurance Agent | **Global Green** INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann | MANN@GGIABA.COM | Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 26, Issue 21; May 24, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388





'ਪੰਜਾਬ ਟਾਈਮਜ਼' ਦੀ 26ਵੀਂ ਵਰ੍ਹੇਗੰਢ ਮੌਕੇ ਇਸ ਦੇ ਬਾਨੀ ਸੰਪਾਦਕ ਸਵ. ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਮਰਹੂਮ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਯਾਦ ਕੀਤਾ ਗਿਆ। 'ਪੰਜਾਬ ਟਾਈਮਜ਼ ਨਾਈਟ-2025' ਮੌਕੇ ਹਾਜ਼ਰ ਅਖਬਾਰ ਦੇ ਪ੍ਰੈਜ਼ੀਡੈਂਟ ਸ. ਮਨਦੀਪ ਸਿੰਘ ਜੰਮੂ, ਮੈਨੇਜਿੰਗ ਐਡੀਟਰ ਜਸਪ੍ਰੀਤ ਜੰਮੂ ਅਤੇ ਐਡਵਾਈਜ਼ਰੀ ਬੋਰਡ ਦੇ ਮੈਂਬਰ।
-ਪ੍ਰੋਗਰਾਮ ਦਾ ਵੇਰਵਾ ਅਤੇ ਤਸਵੀਰਾਂ ਅਗਲੇ ਅੰਕ ਵਿਚ।


**GOLDEN STATE REALITY**
"Realtor You Can Trust"
CRE Group Inc.



* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ: 916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



**Raja SWEETS & CATERING**
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**GLOBAL TRUCK PERMITS**




Services
- We do Same day IRP Plates
- Truck Permits
- New company
- Truck ELD
- Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਵਾਰਸ ਭਾਰਾਵਾਂ ਨੇ 'ਪੰਜਾਬੀ ਵਿਰਸਾ 2025' ਦੌਰਾਨ ਕਰਵਾਈ ਬਹਿਜਾ- ਬਹਿਜਾ..!











**ਫਰਿਜ਼ਨੋ:** ਸਥਾਨਕ ਵਿਰਸਾ ਫਾਊਂਡੇਸ਼ਨ ਵੱਲੋਂ ਵਾਰਸ ਭਰਾਵਾਂ ਦਾ ਸ਼ਾਨਦਾਰ ਸ਼ੋਅ 'ਪੰਜਾਬੀ ਵਿਰਸਾ 2025' ਫਰਿਜ਼ਨੋ ਦੇ ਵੁਡਵਰਡ ਪਾਰਕ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਓਪਨ ਹਾਲ ਵਿਚ ਸਟੇਜ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਕਹਿੰਦਿਆਂ ਸ਼ਾਇਰਾਨਾ ਅੰਦਾਜ਼ ਵਿਚ ਕੀਤੀ।

ਸ਼ੋਅ ਦੀ ਸ਼ੁਰੂਆਤ ਭੰਗੜੇ ਦੇ ਜੌਹਰ ਵਿਖਾਉਂਦਿਆਂ, ਓਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਨੇ ਕੀਤੀ, ਇਹ ਬੱਚੇ ਭੰਗੜਾ ਕੋਚ ਵੀਰਪਾਲ ਸਿੰਘ ਦੇ ਚੰਡੇ ਹੋਏ ਸਨ। ਇਸ ਪਿੱਛੋਂ ਜੀ.ਐਚ.ਜੀ ਦੇ ਗੱਭਰੂਆਂ ਨੇ ਮਲਵਈ ਗਿੱਧੇ ਨਾਲ ਲਾਈਵ ਬੋਲੀਆਂ ਪਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਭਿੰਦੇ ਜੱਟ ਨੇ ਮੋਢੇ 'ਤੇ ਪੁਰਾਣਾ ਵੀਡੀਓ ਕੈਮਰਾ ਰੱਖ ਕੇ ਆਪਣਾ ਸਦਾ ਬਹਾਰ ਗੀਤ "ਤੇਰੀ ਨੱਚਦੀ ਦੀ ਵੀਡੀਓ ਬਣਾਉਣੀ" ਨਾਲ ਦਰਸ਼ਕਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਪਿੱਛੋਂ ਸ਼ੁਰੂ ਹੋਇਆ ਵਾਰਿਸ ਭਰਾਵਾਂ ਦਾ ਪੰਜਾਬੀ ਵਿਰਸਾ 2025 ਸ਼ੋਅ। ਵਾਰਸ ਭਰਾਵਾਂ, ਮਨਮੋਹਨ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ 'ਅਸੀਂ ਜਿੱਤਾਂਗੇ ਜ਼ਰੂਰ, ਜਾਰੀ ਜੰਗ ਰੱਖਿਓ' ਗੀਤ ਨਾਲ ਸ਼ੋਅ ਦੀ ਸ਼ੁਰੂਆਤ ਕੀਤੀ।

ਇਸ ਪਿੱਛੋਂ ਵਾਰੀ ਆਈ 'ਕੁੜੀਏ ਨੀ ਸੱਗੀ ਫੁੱਲ ਵਾਲੀਏ' ਫੇਮ ਕਮਲ ਹੀਰ ਦੀ, ਜਿਸਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿਚ ਨਜ਼ਰੀਂ ਪੈ ਰਹੇ ਸਨ।

ਉਪਰੰਤ ਸੰਗਤਾਰ, ਨੇ ਆਪਣੇ ਗੀਤ ਗਾ ਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁਗਧ ਕੀਤਾ। ਅਖੀਰ ਵਿਚ ਇੰਤਜ਼ਾਰ ਦੀਆਂ ਘੜੀਆਂ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾ ਤੱਕ ਪਹੁੰਚਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾ ਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ 'ਤੇ ਨੱਚਣੋਂ ਰਹਿ ਨਹੀਂ ਸਕੇ, ਅਤੇ ਦਰਸ਼ਕਾਂ ਨੇ ਨੱਚ ਨੱਚ ਕੇ ਅੰਬਰੀਂ ਧੂੜ ਚੜ੍ਹਾ ਦਿੱਤੀ।

ਇਸ ਮੌਕੇ ਵਿਰਸਾ ਫਾਊਂਡੇਸ਼ਨ ਟੀਮ ਵੱਲੋਂ ਆਪਣੇ ਸਮੂਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ, ਅਤੇ ਵਿਰਸਾ ਫਾਊਂਡੇਸ਼ਨ ਮੈਂਬਰ ਜਸਵੀਰ ਸਰਾਏ ਨੇ ਵਿਰਸਾ ਫਾਊਂਡੇਸ਼ਨ ਦੇ ਕੰਮਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਵਿਰਸਾ ਫਾਊਂਡੇਸ਼ਨ ਵੱਲੋਂ ਸਾਰੇ ਸਪਾਂਸਰਾਂ ਅਤੇ ਦਰਸ਼ਕਾਂ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਖਾਣੇ ਦੇ ਸਟਾਲਾਂ ਤੋਂ ਦਰਸ਼ਕਾਂ ਨੇ ਆਪਣਾ ਪਸੰਦੀਦਾ ਖਾਣਾ ਖਾਧਾ ਤੇ ਮੇਲੇ ਦਾ ਅਨੰਦ ਮਾਣਿਆ।

ਵਿਰਸਾ ਫਾਊਂਡੇਸ਼ਨ ਦੇ ਸਮੂਹ ਪ੍ਰਬੰਧਕ-ਬਿੱਲ ਨਿੱਝਰ, ਬਿੱਟੂ ਕੁੱਸਾ, ਜੱਸੀ ਸਰਾਏ, ਸਨੀ ਮਹੇਟ, ਮਿੱਟੂ ਧਾਲੀਵਾਲ, ਰਾਜ ਧਾਲੀਵਾਲ, ਬੌਬੀ ਸਿੱਧੂ ਵਧੀਆ ਪ੍ਰਬੰਧਾਂ ਲਈ ਵਧਾਈ ਦੇ ਪਾਤਰ ਨੇ, ਜਿਨ੍ਹਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ, 'ਪੰਜਾਬੀ ਵਿਰਸਾ 2025' ਸ਼ੋਅ 4000 ਤੋਂ ਜ਼ਿਆਦਾ ਦਰਸ਼ਕਾਂ ਦੇ ਇਤਿਹਾਸਕ ਇਕੱਠ ਨਾਲ ਯਾਦਗਾਰੀ ਹੋ ਨਿਬੜਿਆ।

*-ਰਿਪੋਰਟ: ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

# ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਨੇ ਕਰਵਾਇਆ 35ਵਾਂ ਸਾਲਾਨਾ ਮੇਲਾ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 35ਵਾਂ ਸਾਲਾਨਾ ਸੱਭਿਆਚਾਰਕ ਮੇਲਾ ਜੋਸ਼ ਤੇ ਉਤਸ਼ਾਹ ਨਾਲ ਕਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਾਇਰ ਕਮਲ ਬੰਗਾ ਨੇ ਕਵਿਤਾ ਨਾਲ ਕੀਤੀ। ਸ਼ੈਲਡਨ ਹਾਈ ਸਕੂਲ ਦੇ ਖੂਬਸੂਰਤ ਥੀਏਟਰ ਵਿਚ 17 ਮਈ, ਸ਼ਨਿਚਰਵਾਰ ਸ਼ਾਮ ਨੂੰ ਹੋਏ ਇਸ ਸਮਾਗਮ ਵਿਚ ਗਿੱਧੇ ਅਤੇ ਭੰਗੜੇ ਦੇ 70 ਤੋਂ ਵੱਧ ਕਲਾਕਾਰਾਂ ਨੇ ਖੂਬਸੂਰਤ ਪੰਜਾਬੀ ਪਹਿਰਾਵੇ ਵਿਚ ਪੰਜਾਬ ਦੇ ਲੋਕ ਨਾਚਾਂ ਦੇ ਵੱਖ-ਵੱਖ ਰੰਗ ਦਿਖਾ ਕੇ ਦਰਸ਼ਕਾਂਦੇ ਦਿਲ ਜਿੱਤ ਲਏ। ਖਾਸ ਕਰਕੇ ਛੋਟੇ ਮੁੰਡੇ ਤੇ ਕੁੜੀਆਂ ਦੇ ਕਮਾਲ ਦੇ ਐਕਸ਼ਨ ਦੇਖ ਦੇਖ ਦਰਸ਼ਕ ਅਸ਼-ਅਸ਼ ਕਰ ਉੱਠੇ।

ਗਿੱਧੇ ਭੰਗੜੇ ਦੀਆਂ ਟੀਮਾਂ ਵਿਚ ਮੁਖ ਤੌਰ 'ਤੇ ਟੀਮ ਵਿਰਸੇ ਦੇ ਵਾਰਿਸ, ਪਰੀਆਂ ਦਾ ਗਿੱਧਾ, ਰੌਣਕ ਵੇਹੜੇ ਦੀ, ਪੰਜਾਬੀ ਧੜਕਣ ਡਾਂਸ ਅਕੈਡਮੀ, ਸ਼ੁਕੀਨਣ ਗਿੱਧੇ ਦੀਆਂ ਤੇ ਸ਼ਾਨ ਪੰਜਾਬ ਦੀ ਟੀਮਾਂ ਨੇ ਭਾਗ ਲਿਆ। ਇਨ੍ਹਾਂ ਟੀਮਾਂ ਨੂੰ ਕੋਚ ਪ੍ਰਕਾਸ਼ ਸਿੰਘ ਪੂਨੀਆਂ, ਅਮਨ ਕੌਰ ਸੰਧੂ, ਅਵਿਲੋਕਤਾ ਘੁੰਮਣ, ਵਰਿੰਦਰ ਸਿੰਘ ਸੰਘੇੜਾ ਤੇ ਅੰਮ੍ਰਿਤ ਸਿੰਘ ਸੰਘੇੜਾ ਨੇ ਤਿਆਰ ਕੀਤਾ ਸੀ।

ਗੀਤ ਸੰਗੀਤ ਦੇ ਦੌਰ ਵਿਚ 'ਸੰਗੀਤ ਗਰੁੱਪ ਕੈਲੀਫੋਰਨੀਆ' ਦੇ ਉਘੇ ਗਾਇਕ ਅਨੂਪ ਸਿੰਘ ਚੀਮਾ ਨੇ ਆਪਣੇ ਜਗਤ ਪ੍ਰਸਿੱਧ ਗੀਤ 'ਅੱਜ ਆ ਗਿਆ ਵਿਆਹ ਕੇ ਮੇਰਾ ਵੀਰ ਵਈ, ਭਾਬੋ ਲੱਗਦੀ ਸਿਆਲਾਂ ਦੀ ਕੋਈ ਹੀਰ ਵਈ' ਸਮੇਤ ਤਿੰਨ ਗੀਤ ਗਾ ਕੇ ਚੰਗਾ ਰੰਗ ਬੰਨ੍ਹਿਆ। ਮੇਲੇ ਦੇ ਰੂਹੇ ਰਵਾਂ ਸ. ਰਸ਼ਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਕਮੇਟੀ ਮੈਂਬਰਾਂ ਤੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸੋਸਾਇਟੀ ਵਲੋਂ ਪਿਛਲੇ ਵੀਹ ਸਾਲਾਂ ਤੋਂ ਲਗਾਤਾਰ ਸਟੇਜ ਐਂਕਰ ਦੀ ਸੇਵਾ ਨਿਭਾ ਰਹੇ ਜਸਵੰਤ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਤੇ ਸਮਰਪਿਤ ਸੇਵਾਵਾਂ ਲਈ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਸਾਰੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਸਮੂਹ ਮੈਂਬਰ ਕਮਲ ਬੰਗਾ, ਅਵਤਾਰ ਸਿੰਘ ਦੋਸਾਂਝ, ਜੱਗੀ ਕੰਦੋਲਾ, ਬਖ਼ਸ਼ੀਸ਼ ਸਿੰਘ ਗਿੱਲ, ਜਸਵੰਤ ਸਿੰਘ ਸ਼ਾਦ, ਰਸ਼ਪਾਲ ਸਿੰਘ ਫਰਵਾਲਾ, ਸੁਰਿੰਦਰ ਬਿੰਦਰਾ, ਅਵਤਾਰ ਸਿੰਘ ਡੌਡ, ਮਾਧੋ ਚਾਹਲ, ਪਵਿੱਤਰ ਸਿੰਘ ਨਾਹਲ ਤੇ ਬਲਵੰਤ ਸਿੰਘ ਕੰਦੋਲਾ ਹਾਜ਼ਰ ਸਨ।

Homeopathicvibes

Harminder Singh Gill

Homeopathic Consultant and Practitioner

D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087


39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

TBF THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS

HOMEOPATHIC NATURAL MEDICINES

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage

A Nationwide Lender

Over 2 Decades of experience providing high level servicing for new and experienced borrowers!

Residential and Commercial Loans

Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859

balbir.grewal@sistarmortgage.com

balbirgrewal.sistarmortgage.com

https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

US citizen Nai girl 27, 5'6" is looking for a suitable match. She has done DMD (Doctor of Dental medicine) and never married. Seeking an educated and well settled boy in the USA. Preference to same caste. Please contact at: 937-776-6474

17-20

Jatt Sikh family seeking a suitable match for their USA citizen girl 30, 5'5". Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Verma family seeks a compatible match for their 34 years (1991 born), 5'11" son , U.S citizen. Cast no bar. Serious enquiries only. Please Contact us at +1224-595-9926 or Email: inderjeetverma08@gmail.com

20-23

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

19-26

ਸੈਣੀ ਸਿੱਖ ਲੜਕਾ, ਉਮਰ 29 ਸਾਲ, ਕੱਦ 5'6" Bio Tech ਵਿਚ ਮਾਸਟਰਜ਼ ਕੀਤੀ ਹੋਈ ਅਤੇ Stannford University ਵਿਚ ਰਿਸਰਚ ਜੋਬ ਕਰਦੇ ਲੜਕੇ ਲਈ ਲੜਕੀ ਦੀ ਲੋੜ ਹੈ। ਸੈਣੀ ਪਰਿਵਾਰ ਨਾਲ ਸਬੰਧਤ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਫੋਨ ਨੰਬਰ 510 557 6988 'ਤੇ ਸੰਪਰਕ ਕਰ ਸਕਦੇ ਹਨ।

18-21

Sikh Boy Sunaar family, 24 yrs, 5'11", US Citizen seeks a beautiful and suitable girl from USA or India. Caste no bar. He has done Bachelors degree in Computer Science/Software Development & MBA in USA. He is non-vegetarian and does not drink or smoke. No sibling.Father is running Trucking and Gold business. Please contact us at Phone number: 513-448-8599 or E-mail at kanwal450@gmail.com

18-21

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

To Advertise In Punjab Times
Call: 847-359-0746

# ਬਲੋਚਿਸਤਾਨ ਦੇ ਤਿੰਨ ਨੌਜਵਾਨਾਂ ਨੂੰ ਫੌਜ ਨੇ ਚੁਪਚਾਪ ਦਫ਼ਨਾਇਆ



**ਤੁਰਬਤ:** ਪਾਕਿਸਤਾਨੀ ਫ਼ੌਜ ਨਾਲ ਮੁਕਾਬਲੇ ਦੌਰਾਨ ਇਸ ਮਹੀਨੇ ਦੀ ਸ਼ੁਰੂਆਤ ਵਿਚ ਮਾਰੇ ਗਏ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਕਾਰੀ ਦਿੱਤੇ ਬਿਨਾਂ ਹੀ ਰਾਤ ਦੇ ਸਮੇਂ ਚੁਪਚਾਪ ਦਫਨਾ ਦਿੱਤਾ ਗਿਆ। ਬਲੋਚਿਸਤਾਨ ਪੋਸਟ (ਟੀਬੀਪੀ) ਦੀ ਰਿਪੋਰਟ ਵਿਚ ਇਹ ਜਾਣਕਾਰੀ ਸਾਹਮਣੇ ਆਈ ਹੈ।

ਟੀਬੀਪੀ ਨੇ ਦੱਸਿਆ ਕਿ ਰਾਤ ਦੇ ਹਨੇਰੇ ਵਿਚ ਲਾਸ਼ਾਂ ਨੂੰ ਤੁਰਬਤ ਦੇ ਤਾਲੀਮੀ ਚੌਕ ਕਬਰਸਤਾਨ ਵਿਚ ਚੁਪਚਾਪ ਦਫਨਾ ਦਿੱਤਾ ਗਿਆ। ਅਧਿਕਾਰੀਆਂ ਨੇ ਪਰਿਵਾਰ ਦੇ ਮੈਂਬਰਾਂ ਨੂੰ ਰਵਾਇਤੀ ਆਖ਼ਰੀ ਸਸਕਾਰ ਕਰਨ ਦਾ ਮੌਕਾ ਨਹੀਂ ‘ ਦਿੱਤਾ। ਪਰਿਵਾਰ ਦੇ ਲੋਕਾਂ ਨੇ ਦਾਅਵਾ ਕੀਤਾ ਕਿ ਦਫਨਾਉਣ ਦਾ ਕੰਮ ਇਸ ਤਰੀਕੇ ਨਾਲ ਕੀਤਾ ਗਿਆ ਕਿ ਧਾਰਮਿਕ ਰੀਤੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ।

ਅਧਿਕਾਰੀਆਂ ਵੱਲੋਂ ਲਾਸ਼ਾਂ ਵਾਪਸ ਕਰਨ ਤੋਂ ਇਨਕਾਰ ਕਰਨ ‘ਤੇ, ਮਹਿਲਾਵਾਂ, ਬੱਚਿਆਂ ਅਤੇ ਹੋਰ ਨਾਗਰਿਕਾਂ ਦੇ ਇਕ ਵੱਡੇ ਸਮੂਹ ਨੇ ਮੁੱਖ ਰਾਜਮਾਰਗ ‘ਤੇ -ਧਰਨਾ ਦਿੱਤਾ। ਉਨ੍ਹਾਂ ਦੀ ਮੰਗ ਸੀ ਕਿ ਲਾਸ਼ਾਂ ਨੂੰ ਯੋਗ ਆਖ਼ਰੀ ਸਸਕਾਰ ਲਈ ਵਾਪਸ ਕੀਤਾ ਜਾਵੇ ਪਰ ਇਸ ਦੇ ਬਾਵਜੂਦ ਲਾਸ਼ਾਂ ਨਹੀਂ ਦਿੱਤੀਆਂ ਗਈਆਂ।

# ਰਾਜਸਥਾਨ ’ਚ 1580 ਕਰੋੜ ਦੀ ਜੀ.ਐੱਸ.ਟੀ. ਚੋਰੀ, ਦੋ ਗ੍ਰਿਫ਼ਤਾਰ




**ਜੈਪੁਰ:** ਰਾਜਸਥਾਨ ਸਟੇਟ ਜੀਐੱਸਟੀ ਦੀ ਟੀਮ ਨੇ ਨਾਗੌਰ ਤੇ ਕੋਟਾ ਜ਼ਿਲ੍ਹਿਆਂ ‘ਚ ਨੌਂ ਸਥਾਨਾਂ ‘ਤੇ ਛਾਪੇ ਮਾਰ ਕੇ 1580 ਕਰੋੜ ਰੁਪਏ ਦੀ ਟੈਕਸ ਚੋਰੀ ਦਾ ਪਰਦਾਫਾਸ਼ ਕੀਤਾ ਹੈ। ਇਹ ਟੈਕਸ ਚੋਰੀ ਪਾਨ ਮਸਾਲਾ ਤੇ ਜਰਦਾ ਨਿਰਮਾਤਾ ਯੂਨਿਟਾਂ ਵੱਲੋਂ ਕੀਤੀ ਜਾ ਰਹੀ ਸੀ। ਇਸ ਕਾਰਵਾਈ ਦੌਰਾਨ ਦੋ ਮੁਲਜ਼ਮਾਂ ਕਮਲ ਕਿਸ਼ੋਰ ਅਗਰਵਾਲ ਤੇ ਗੌਰਵ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੋਟਾ ਦੇ ਇੰਦਰਪ੍ਰਸਤ ਉਦਯੋਗਿਕ ਖੇਤਰ ‘ਚ ਤਿੰਨ ਯੂਨਿਟਾਂ ‘ਤੇ ਛਾਪੇਮਾਰੀ ਦੌਰਾਨ ਕਰੋੜਾਂ ਰੁਪਏ ਦੀ ਟੈਕਸ ਚੋਰੀ ਦੇ ਸਬੂਤ ਮਿਲੇ ਹਨ। ਟੀਮ ਨੇ ਭਾਰੀ ਮਾਤਰਾ ‘ਚ ਸੁਪਾਰੀ, ਪਿਪਰਮਿੰਟ, ਐਸੈਂਸ, ਨਕਲੀ ਕੱਥਾ, ਤੰਬਾਕੂ, ਪੈਕਿੰਗ ਸਮੱਗਰੀ, ਕੱਚਾ ਜਰਦਾ ਤੇ ਹੋਰ ਸਾਮਾਨ ਵੀ ਜ਼ਬਤ ਕੀਤਾ ਹੈ।

# ਖੋਖਰ ਪਿੰਡ ਦਾ ਰੋਜ਼ਗਾਰ ਸਹਾਇਕ ਮੁਅੱਤਲ

**ਸ੍ਰੀ ਮੁਕਤਸਰ ਸਾਹਿਬ:** ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਦੇ ਹੁਕਮਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸੁਰਿੰਦਰ ਸਿੰਘ ਢਿੱਲੋਂ ਵੱਲੋਂ ਅੱਜ ਮਗਨਰੇਗਾ



ਸਕੀਮ ਅਧੀਨ ਕੰਮ ਕਰ ਰਹੇ ਪਿੰਡ ਖੋਖਰ ਦੇ ਗ੍ਰਾਮ ਰੋਜ਼ਗਾਰ ਸਹਾਇਕ ਸੁਖਜਿੰਦਰ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਮਗਨਰੇਗਾ ਤੇ ਏਪੀਓ ਮਗਨਰੇਗਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਿੰਡ ਖੋਖਰ ਵਿਖੇ ਵਿਕਾਸ ਦੇ ਕੰਮ ਚੱਲ ਰਹੇ ਸਨ ਅਤੇ ਗ੍ਰਾਮ ਰੋਜ਼ਗਾਰ ਸਹਾਇਕ ਸੁਖਜਿੰਦਰ ਸਿੰਘ ਵੱਲੋਂ ਡਿਊਟੀ ਪ੍ਰਤੀ ਕੁਤਾਹੀ ਵਰਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਜੀਆਰਐਸ ਸੁਖਜਿੰਦਰ ਸਿੰਘ ਨੂੰ 200 ਤੋਂ ਵੱਧ ਮਜ਼ਦੂਰਾਂ ਦਾ ਮਸਟਰ ਰੋਲ ਅਲਾਟ ਹੋਇਆ ਸੀ ਅਤੇ ਚੈਕਿੰਗ ਦੌਰਾਨ ਇਹ ਪਾਇਆ ਗਿਆ ਕਿ ਦੁਪਹਿਰ 12 ਵਜੇ ਤੱਕ ਮਗਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਨਹੀਂ ਲਗਵਾਈ ਗਈ ਸੀ। ਹੁਕਮਾਂ ‘ਚ ਕਿਹਾ ਗਿਆ ਹੈ ਕਿ ਸਮੇਂ ਸਿਰ ਹਾਜ਼ਰੀ ਨਾ ਲੱਗਣ ਕਾਰਨ ਮਗਨਰੇਗਾ ਲਾਭਪਾਤਰੀਆਂ ਦਾ ਵਿੱਤੀ ਨੁਕਸਾਨ ਹੋ ਰਿਹਾ ਸੀ। ਇਸੇ ਕਾਰਨ ਗ੍ਰਾਮ ਰੋਜ਼ਗਾਰ ਸਹਾਇਕ ਸੁਖਜਿੰਦਰ ਸਿੰਘ ਨੂੰ ਸਸਪੈਂਡ ਕੀਤਾ ਗਿਆ ਤੇ ਜ਼ਿਲ੍ਹਾ ਨੋਡਲ ਅਫ਼ਸਰ ਮਗਨਰੇਗਾ ਅਤੇ ਏਪੀਓ ਮਗਨਰੇਗਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। ਮੁਅੱਤਲੀ ਦੌਰਾਨ ਸਬੰਧਤ ਜੀਆਰਐਸ ਦਾ ਹੈੱਡਕੁਆਟਰ ਦਫ਼ਤਰ ਏਡੀਸੀ (ਵਿਕਾਸ) ਰਹੇਗਾ।

# ਮੁੰਬਈ ਏਅਰਪੋਰਟ ਤੇ ਤਾਜ ਹੋਟਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ






**ਮੁੰਬਈ:** ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ ਤੇ ਤਾਜ ਮਹਿਲ ਹੋਟਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸ਼ਨਿਚਰਵਾਰ ਨੂੰ ਇਹ ਧਮਕੀ ਮਿਲਣ ਤੋਂ ਬਾਅਦ ਪੂਰੇ ਸ਼ਹਿਰ ‘ਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਮੁੰਬਈ ਏਅਰਪੋਰਟ ਪੁਲਿਸ ਨੂੰ ਈਮੇਲ ਰਾਹੀਂ ਭੇਜੀ ਗਈ ਇਸ ਧਮਕੀ ‘ਚ ਅੱਤਵਾਦੀ ਅਫਜ਼ਲ ਗੁਰੂ ਦੀ ਫਾਂਸੀ ਦਾ ਜ਼ਿਕਰ ਕਰਦੇ ਹੋਏ ਦੋਵਾਂ ਥਾਵਾਂ ‘ਤੇ ਬੰਬ ਧਮਾਕੇ ਕਰਨ ਦੀ ਧਮਕੀ ਦਿੱਤੀ ਗਈ ਹੈ।

ਦੱਖਣ ਮੁੰਬਈ ‘ਚ ਗੇਟਵੇ ਆਫ ਇੰਡੀਆ ਸਾਹਮਣੇ ਸਥਿਤ ਹੋਟਲ ਤਾਜ ਮਹਿਲ ਨੂੰ 26 ਨਵੰਬਰ, 2008 ਦੇ ਅੱਤਵਾਦੀ ਹਮਲੇ ‘ਚ ਵੀ ਮੁੱਖ ਤੌਰ ‘ਤੇ ਨਿਸ਼ਾਨਾ ਬਣਾਇਆ ਗਿਆ ਸੀ। ਪੁਲਿਸ ਅਧਿਕਾਰੀਆਂ ਮੁਤਾਬਕ, ਈਮੇਲ ਵਿਚ ਲਿਖਿਆ ਗਿਆ ਹੈ ਕਿ ਅਫਜ਼ਲ ਗੁਰੂ ਦੀ ਫਾਂਸੀ ਦਾ ਬਦਲਾ ਲੈਣ ਲਈ ਬੰਬ ਧਮਾਕਾ ਕੀਤਾ ਜਾਵੇਗਾ। ਈਮੇਲ ‘ਚ ਇੱਕ ਹੋਰ ਦੋਸ਼ੀ ਐੱਸ ਸ਼ੰਕਰ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਵਾਈ ਅੱਡੇ ਅਤੇ ਹੋਟਲ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਬੰਬ ਦਾ ਪਤਾ ਲਗਾਉਣ ਤੇ ਉਸ ਨੂੰ ਨਸ਼ਟ ਕਰਨ ਵਾਲੇ ਦਸਤੇ ਤਾਇਨਾਤ ਕਰ ਦਿੱਤੇ ਗਏ ਹਨ। ਤਲਾਸ਼ੀ ਮੁਹਿੰਮ ਜਾਰੀ ਹੈ।

# ‘ਯੁੱਧ ਨਸ਼ਿਆਂ ਵਿਰੁੱਧ’ ਜਨ ਅੰਦੋਲਨ ਹੈ: ਕੇਜਰੀਵਾਲ



**ਹੁਸ਼ਿਆਰਪੁਰ:** ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੀ ਦੇਸ਼ ‘ਚ ਕੋਈ ਮਿਸਾਲ ਨਹੀਂ ਮਿਲਦੀ। ਦੇਸ਼ ਦੇ ਕਿਸੇ ਵੀ ਸੂਬੇ ਨੇ ਨਸ਼ਿਆਂ ਖ਼ਿਲਾਫ਼ ਇੰਨੀ ਮਜ਼ਬੂਤ ਤੇ ਠੋਸ ਲੜਾਈ ਨਹੀਂ ਲੜੀ। ਇਹ ਮੁਹਿੰਮ ਹੁਣ ਪੰਜਾਬ ‘ਚ ਇਕ ਜਨ ਅੰਦੋਲਨ ਬਣ ਚੁੱਕੀ ਹੈ। ਜੇਕਰ ਸੂਬੇ ਦੇ ਤਿੰਨ ਕਰੋੜ ਲੋਕ ਇਸ ਅੰਦੋਲਨ ਨਾਲ ਜੁੜ ਜਾਣ ਤਾਂ 24 ਘੰਟਿਆਂ ਅੰਦਰ ਹੀ ਸੂਬੇ ‘ਤੇ ਲੱਗਾ ਨਸ਼ੇ ਦਾ ਕਲੰਕ ਮਿਟਾਇਆ ਜਾ ਸਕਦਾ ਹੈ। ਇਹ ਗੱਲ ਸ਼ਨਿਚਰਵਾਰ ਨੂੰ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ ਦੇ ਪਿੰਡ ਨਾਰੰਗਵਾਲ ਤੇ ਹੁਸ਼ਿਆਰਪੁਰ ਦੇ ਪਿੰਡ ਜਲਾਲਪੁਰ ‘ਚ ਨਸ਼ਾ ਮੁਕਤੀ ਯਾਤਰਾ ਤੋਂ ਪਹਿਲਾਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਹੀ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ‘ਚ ਕਦੇ ਨਸ਼ੇ ਦਾ ਬੋਲਬਾਲਾ ਸੀ, ਅੱਜ ਉਹ ਨਸ਼ਾ ਮੁਕਤ ਹੋ ਰਹੇ ਹਨ। ਇਹ ਬਦਲਾਅ ਇਤਿਹਾਸਕ ਹੈ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਮੰਗ ਹੈ ਕਿ ਪੰਜਾਬ ਦੁਨੀਆ ‘ਚ ਮੁੜ ਆਪਣੀ ਪਛਾਣ ਬਣਾਏ ਅਤੇ ਇਹ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਸਾਰੇ ਨਸ਼ੇ ਦੀ ਜ਼ੰਜੀਰਾਂ ਨੂੰ ਤੋੜ ਦੇਈਏ। ਜਿਉਂ-ਜਿਉਂ ਨਸ਼ਾ ਮੁਕਤੀ ਯਾਤਰਾ ਪਿੰਡ-ਪਿੰਡ ‘ਚ ਪਹੁੰਚ ਰਹੀ ਹੈ, ਲੋਕਾਂ ਦਾ ਸਮਰਥਨ ਤੇ ਜੋਸ਼ ਵਧਦਾ ਜਾ ਰਿਹਾ ਹੈ। ਨਸ਼ਾ ਮਾਫ਼ੀਆ ਦਾ ਅੰਤ ਸ਼ੁਰੂ ਹੋ ਚੁੱਕਾ ਹੈ। ਹੁਣ ਇਕ ਨਵਾਂ, ਮਜ਼ਬੂਤ ਤੇ ਗੌਰਵਸ਼ਾਲੀ ਪੰਜਾਬ ਖੜ੍ਹਾ ਹੋ ਰਿਹਾ ਹੈ। ਇਨ੍ਹਾਂ ਮੌਕਿਆਂ ‘ਤੇ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਵੀ ਚੁਕਵਾਈ। ਇਸ ਦੌਰਾਨ ਵੱਡੀ ਗਿਣਤੀ ‘ਚ ਸਕੂਲ-ਕਾਲਜਾਂ ਦੇ ਵਿਦਿਆਰਥੀ ਤੇ ‘ਆਪ’ ਕਾਰਕੁੰਨ ਹਾਜ਼ਰ ਸਨ।

# ਅਫ਼ਗਾਨਿਸਤਾਨ ਤੋਂ ਡਰਾਈ ਫਰੂਟ ਦੇ ਆਏ 13 ਟਰੱਕ



**ਅਟਾਰੀ:** ਭਾਰਤ-ਪਾਕਿ ‘ਚ ਬਣੇ ਵਿਵਾਦ ਤੋਂ ਬਾਅਦ ਵਪਾਰ ਤੇ ਰੀਟ੍ਰੀਟ ਸੈਰਾਮਨੀ ਵੇਖਣ ਆਉਣ ਵਾਲੇ ਸੈਲਾਨੀਆਂ ਦੀ ਐਂਟਰੀ ਬੰਦ ਕਰ ਦਿੱਤੀ ਸੀ। ਬਣੇ ਜੰਗ ਦੇ ਮਾਹੌਲ ਤੋਂ ਬਾਅਦ ਹੋਏ ਸੀਜ਼ ਫਾਇਰ ਕਾਰਨ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਸ ਮੌਕੇ ਅਟਾਰੀ ਬਾਰਡਰ ‘ਤੇ ਕੁਲੀ ਭਾਈਚਾਰੇ ਦੇ ਪ੍ਰਧਾਨ ਅਮਰੀਕ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅਫਗਾਨਿਸਤਾਨ ਤੋਂ ਪਾਕਿ ਰਸਤੇ ਉਹ 13 ਡਰਾਈ ਫਰੂਟ ਦੇ ਟਰੱਕ ਭਾਰਤ ਆਏ ਸਨ ਜੋ ਭਾਰਤ-ਪਾਕਿ ਤਣਾਅ ਤੋਂ ਬਾਅਦ ਪਾਕਿਸਤਾਨ ਨੇ ਰੋਕ ਲਏ ਸਨ। ਉਨ੍ਹਾਂ ਕਿਹਾ ਕਿ ਅਟਾਰੀ ਬਾਰਡਰ ‘ਤੇ 1433 ਕੁਲੀ ਮਜ਼ਦੂਰੀ ਕਰਦੇ ਹਨ ਤੇ ਅੱਜ ਸਿਰਫ 100 ਕੁਲੀਆਂ ਨੂੰ ਕੰਮ ਮਿਲਿਆ ਹੈ, ਬਾਕੀ ਸਾਰੇ ਖਾਲੀ ਹੱਥ ਹੀ ਪਰਤ ਗਏ ਹਨ।

ਉਨ੍ਹਾਂ ਕਿਹਾ ਕਿ ਸਾਡੀ ਮੰਗ ਹੈ ਕਿ ਅਫਗਾਨਿਸਤਾਨ ਨਾਲ ਪੱਕਿਆਂ ਤੌਰ ‘ਤੇ ਵਪਾਰ ਚਲਾਇਆ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ‘ਚ ਪਾਕਿਸਤਾਨ ਨਾਲ ਕਿਤੇ ਵੀ ਤਣਾਅ ਵਾਲਾ ਮਾਹੌਲ ਬਣਦਾ ਹੈ ਤਾਂ ਸਾਰਿਆਂ ਤੋਂ ਪਹਿਲਾ ਅਸੀਂ ਸਰਹੱਦੀ ਪਿੰਡਾਂ ਦੇ ਲੋਕ ਹੀ ਪ੍ਰਭਾਵਿਤ ਹੁੰਦੇ ਹਾਂ। ਸਰਕਾਰਾਂ ਨੂੰ ਚਾਹੀਦਾ ਹੈ ਕਿ ਜੋ ਅਟਾਰੀ ਬਾਰਡਰ ‘ਤੇ 1433 ਕੁਲੀ ਮਜ਼ਦੂਰੀ ਕਰਦੇ ਹਨ, ਉਨ੍ਹਾਂ ਨੂੰ ਪੱਕਿਆਂ ਕੀਤਾ ਜਾਵੇ।

# ਅਪਰਾਧੀਆਂ ਨੂੰ ਮੋਬਾਈਲ ਦੇਣ ਵਾਲਾ ਗਿਰੋਹ ਕਾਬੂ



**ਗੁਹਾਟੀ:** ਅਸਾਮ ਪੁਲਿਸ ਨੇ ਦਾਅਵਾ ਕੀਤਾ ਕਿ ਉਸ ਨੇ ਇਕ ਅਜਿਹੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜਿਹੜਾ ਪਾਕਿਸਤਾਨੀਆਂ ਸਣੇ ਸਾਇਬਰ ਅਪਰਾਧੀਆਂ ਨੂੰ ਮੋਬਾਈਲ ਕੁਨੈਕਸ਼ਨ ਮੁਹੱਈਆ ਕਰਵਾਉਂਦਾ ਸੀ। ਇਸ ਦੀ ਮਦਦ ਨਾਲ ਉਹ ਲੋਕਾਂ ਨੂੰ ਠੱਗਣ ਲਈ ਵਟਸਐਪ ਅਕਾਊਂਟ ਖੋਲ੍ਹਦੇ ਸਨ। ਡੀਜੀਪੀ ਹਰਮੀਤ ਸਿੰਘ ਨੇ ਕਿਹਾ ਕਿ ਅਸਾਮ, ਰਾਜਸਥਾਨ ਤੇ ਤੇਲੰਗਾਨਾ ਤੋਂ ਚੱਲ ਰਹੇ ਇਸ ਰੈਕੇਟ ਬਾਰੇ ਖੁਫ਼ੀਆ ਜਾਣਕਾਰੀ ਦੇ ਆਧਾਰ ‘ਤੇ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ। ਅਸਾਮ ਦੇ ਦੋ ਜ਼ਿਲ੍ਹਿਆਂ, ਤੇਲੰਗਾਨਾ ਦੇ ਇਕ ਜ਼ਿਲ੍ਹੇ ਤੇ ਰਾਜਸਥਾਨ ਦੇ ਦੋ ਜ਼ਿਲ੍ਹਿਆਂ ‘ਚ ਇਕੱਠੇ ਛਾਪੇ ਮਾਰ ਕੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।

# ਅਸਮਾਨੀ ਬਿਜਲੀ ਡਿੱਗਣ ਨਾਲ 14 ਮੌਤਾਂ



**ਭੁਵਨੇਸ਼ਵਰ:** ਉਡੀਸ਼ਾ ਵਿੱਚ ਅਸਮਾਨੀ ਬਿਜਲੀ ਦੀ ਲਪੇਟ ‘ਚ ਆਉਣ ਨਾਲ 14 ਲੋਕਾਂ ਦੀ ਮੌਤ ਹੋ ਗਈ ਜਦਕਿ ਦੋ ਦਰਜਨ ਲੋਕ ਜ਼ਖ਼ਮੀ ਹੋ ਗਏ। ਇਨ੍ਹਾਂ ‘ਚੋਂ ਛੇ ਦੀ ਹਾਲਤ ਗੰਭੀਰ ਹੈ। ਅਸਮਾਨੀ ਬਿਜਲੀ ਡਿੱਗਣ ਦੀਆਂ ਇਹ ਘਟਨਾਵਾਂ ਕੋਰਾਪੁਟ, ਨਵਰੰਗਪੁਰ, ਢੇਕਾਨਾਲ, ਗੰਜਾਮ, ਕਟਕ, ਜਾਜਪੁਰ ਤੇ ਬਾਲੇਸ਼ਵਰ ‘ਚ ਵਾਪਰੀਆਂ। ਮਿਰਤਕਾਂ ‘ਚੋਂ ਛੇ ਲੋਕ ਖੇਤਾਂ ‘ਚ ਕੰਮ ਕਰ ਰਹੇ ਸਨ ਜਦਕਿ ਪੰਜ ਦੀ ਮੌਤ ਤੇਜ਼ ਹਨੇਰੀ ਤੇ ਮੀਂਹ ਤੋਂ ਬਚਣ ਦੌਰਾਨ ਦਰਖ਼ਤਾਂ ਹੇਠਾਂ, ਝੋਪੜੀਆਂ ਤੇ ਹੋਰ ਸਥਾਨਾਂ ‘ਤੇ ਖੜ੍ਹੇ ਰਹਿਣ ਦੌਰਾਨ ਅਸਮਾਨੀ ਬਿਜਲੀ ਡਿੱਗਣ ਕਾਰਨ ਹੋਈ। ਤਿੰਨ ਬੱਚਿਆਂ ਦੀ ਮੌਤ ਘਰ ਦੇ ਬਾਹਰ ਖੇਡਣ ਦੌਰਾਨ ਅਸਮਾਨੀ ਬਿਜਲੀ ਦੀ ਲਪੇਟ ‘ਚ ਆਉਣ ਕਾਰਨ ਹੋਈ।

# ਜੰਗ ਦੌਰਾਨ ਪਾਕਿਸਤਾਨ ਦੇ ਨਿਸ਼ਾਨੇ 'ਤੇ ਸੀ ਸ੍ਰੀ ਹਰਿਮੰਦਰ ਸਾਹਿਬ

## ਹਮਲੇ ਦੀ ਕੋਸ਼ਿਸ਼ ਨੂੰ ਭਾਰਤੀ ਫ਼ੌਜ ਨੇ ਕੀਤਾ ਨਾਕਾਮ

**ਨਵੀਂ ਦਿੱਲੀ:**'ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵਲੋਂ ਕੀਤੇ ਗਏ 'ਆਪ੍ਰੇਸ਼ਨ ਸੰਧੂਰ' ਤੋਂ ਬਾਅਦ ਪਾਕਿਸਤਾਨ ਵਲੋਂ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਨੂੰ ਕਈ ਵਾਰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਸਾਰੇ ਹਮਲਿਆਂ ਨੂੰ ਹਵਾਈ ਫ਼ੌਜ ਦੇ ਏਅਰ ਡਿਫੈਂਸ ਸਿਸਟਮ ਨੇ ਨਾਕਾਮ ਕਰ ਦਿੱਤਾ।' ਉਕਤ ਖੁਲਾਸਾ ਸੋਮਵਾਰ ਨੂੰ ਭਾਰਤੀ ਫ਼ੌਜ ਵਲੋਂ ਕੀਤਾ ਗਿਆ। 15 ਇਨਫੇਂਟਰੀ ਡਵੀਜ਼ਨ ਦੇ ਜਨਰਲ ਆਫਿਸਰ ਇਨ ਕਮਾਂਡ (ਜੀ ਓ ਸੀ) ਮੇਜਰ ਜਨਰਲ ਕਾਰਤਿਕ ਸੀ. ਸ਼ੇਸ਼ਾਦਰੀ ਨੇ ਕਿਹਾ ਕਿ ਭਾਰਤੀ ਫ਼ੌਜ ਨੂੰ ਖਦਸ਼ਾ ਸੀ ਕਿ ਪਾਕਿਸਤਾਨ ਵਲੋਂ ਭਾਰਤ ਦੀਆਂ ਨਾਗਰਿਕ ਸੰਸਥਾਵਾਂ ਦੇ ਨਾਲ-ਨਾਲ ਉਨ੍ਹਾਂ ਦੇ ਫ਼ੌਜੀ ਠਿਕਾਣਿਆਂ ਅਤੇ ਧਾਰਮਿਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਜਿਸ 'ਚ ਸ੍ਰੀ ਹਰਿਮੰਦਰ ਸਾਹਿਬ ਦਾ ਨਾਂਅ ਸਭ ਤੋਂ ਉੱਪਰ ਸੀ।




ਖੁਫ਼ੀਆ ਜਾਣਕਾਰੀ ਦੇ ਮੁਤਾਬਿਕ ਇਹ ਮੁੱਖ ਟੀਚਾ ਸੀ। ਮੇਜਰ ਜਨਰਲ ਸ਼ੇਸ਼ਾਦਰੀ ਨੇ ਕਿਹਾ ਕਿ ਅਸੀਂ ਅੰਦਾਜ਼ਾ ਲਾਇਆ ਕਿ ਗੋਲਡਨ ਟੈਂਪਲ ਇਨ੍ਹਾਂ 'ਚੋਂ ਸਭ ਤੋਂ ਪਹਿਲਾ ਨਿਸ਼ਾਨਾ ਹੋਏਗਾ। ਅਸੀਂ ਦਰਬਾਰ ਸਾਹਿਬ ਨੂੰ ਪੂਰੀ ਤਰ੍ਹਾਂ ਹਵਾਈ ਰੱਖਿਆ ਕਵਰ ਦੇਣ ਲਈ ਵਾਧੂ ਆਧੁਨਿਕ ਹਵਾਈ ਰੱਖਿਆ ਸਿਸਟਮ ਅਪਣਾਇਆ। ਮੇਜਰ ਜਨਰਲ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਡਰੋਨ ਅਤੇ ਲੰਮੀ ਦੂਰੀ ਦੀਆਂ ਮਜ਼ਾਈਲਾਂ ਸਮੇਤ ਹਵਾਈ ਹਥਿਆਰਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ, ਜਿਸ ਨੂੰ ਸੈਨਾ ਦੇ ਜਵਾਨਾਂ ਨੇ ਨਾਕਾਮ ਕਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ 8 ਮਈ ਦੀ ਸਵੇਰ, ਤੜਕਸਾਰ ਪਾਕਿਸਤਾਨ ਨੇ ਮਨੁੱਖ ਰਹਿਤ ਹਥਿਆਰਾਂ, ਮੁੱਖ ਰੂਪ ਨਾਲ ਡਰੋਨ ਅਤੇ ਲੰਮੀ ਦੂਰੀ ਦੀਆਂ ਮਿਜ਼ਾਈਲਾਂ ਨਾਲ ਵੱਡੇ ਪੈਮਾਨੇ 'ਤੇ ਹਵਾਈ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਪੂਰੀ ਤਰ੍ਹਾਂ ਤਿਆਰ ਸੀ, ਕਿਉਂਕਿ ਅਸੀਂ ਇਸ ਦਾ ਖਦਸ਼ਾ ਪ੍ਰਗਟਾਇਆ ਸੀ ਅਤੇ ਸਾਡੇ ਬਹਾਦਰ ਅਤੇ ਚੌਕਸ ਸੈਨਾ ਦੇ ਜਵਾਨਾਂ ਨੇ ਪਾਕਿਸਤਾਨੀ ਫ਼ੌਜ ਦੇ ਨਾਪਾਕ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ ਅਤੇ ਦਰਬਾਰ ਸਾਹਿਬ 'ਤੇ ਨਿਸ਼ਾਨਾ ਬਣਾਉਣ ਵਾਲੇ ਸਾਰੇ ਡਰੋਨਾਂ ਅਤੇ ਮਿਜ਼ਾਈਲਾਂ ਨੂੰ ਨਸ਼ਟ ਕਰ ਸੁੱਟਿਆ।

## ਦੋ ਤਰ੍ਹਾਂ ਦੀਆਂ ਮਿਜ਼ਾਈਲਾਂ ਦਾਗੀਆਂ

ਭਾਰਤੀ ਫ਼ੌਜ ਵਲੋਂ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਦਾ ਹੋਰ ਖੁਲਾਸਾ ਕਰਦਿਆਂ ਕਿਹਾ ਗਿਆ ਕਿ ਪਾਕਿਸਤਾਨ ਨੇ ਦਰਬਾਰ ਸਾਹਿਬ ਵੱਲ ਹਵਾ ਤੋਂ ਜ਼ਮੀਨ ਅਤੇ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀਆਂ ਦੋ ਤਰ੍ਹਾਂ ਦੀਆਂ ਮਿਜ਼ਾਈਲਾਂ ਦਾਗੀਆਂ। ਇਸ ਤੋਂ ਇਲਾਵਾ ਡਰੋਨ ਹਮਲੇ ਦੀ ਵੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਸਾਰੇ ਜਾਣਦੇ ਹਨ ਕਿ ਦਰਬਾਰ ਸਾਹਿਬ ਸਿਰਫ਼ ਅੰਮ੍ਰਿਤਸਰ ਨਹੀਂ, ਸਗੋਂ ਪੂਰੇ ਦੇਸ਼ ਦੀ ਸ਼ਰਧਾ ਦਾ ਕੇਂਦਰ ਹੈ। ਇਸ ਲਈ ਅਸੀਂ ਪਹਿਲਾਂ ਤੋਂ ਹੀ ਇਸ ਦੀ ਰੱਖਿਆ ਲਈ ਤਿਆਰ ਸੀ ਅਤੇ ਪਾਕਿਸਤਾਨ ਦੇ ਸਾਰੇ ਹਮਲੇ ਨਾਕਾਮ ਕਰ ਦਿੱਤੇ।

## ਸ੍ਰੀ ਹਰਿਮੰਦਰ ਸਾਹਿਬ 'ਚ ਤੋਪਾਂ ਤਾਇਨਾਤ ਹੋਣ ਦਾ ਦਾਅਵਾ



**ਨਵੀਂ ਦਿੱਲੀ:**ਫ਼ੌਜ ਦੇ ਹਵਾਈ ਰੱਖਿਆ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਸੁਮੇਰ ਇਵਾਨ ਡਾਕੁਨਹਾ ਦਾ ਕਹਿਣਾ ਹੈ ਕਿ ਆਪ੍ਰੇਸ਼ਨ ਸਿੰਧੂਰ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਨੇ ਭਾਰਤੀ ਫ਼ੌਜ ਨੂੰ ਡ੍ਰੋਨਾਂ ਤੇ ਮਿਜ਼ਾਈਲਾਂ ਦੇ ਸੰਭਾਵਿਤ ਖ਼ਤਰੇ ਨਾਲ ਮੁਕਾਬਲਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਹਵਾਈ ਰੱਖਿਅਕ ਤੋਪਾਂ ਤਾਇਨਾਤ ਕਰਨ ਦੀ ਇਜਾਜ਼ਤ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਤਿਹਾਸ 'ਚ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਦੀ ਰੋਸ਼ਨੀ ਬੰਦ ਕੀਤੀ ਗਈ ਜਿਸ ਨਾਲ ਭਾਰਤੀ ਰੱਖਿਆ ਬਲਾਂ ਨੂੰ ਪਾਕਿਸਤਾਨ ਦੇ ਡ੍ਰੋਨ ਸਪਸ਼ਟ ਤੌਰ 'ਤੇ ਪਛਾਣਨ ਤੇ ਤਬਾਹ ਕਰਨ 'ਚ ਮਦਦ ਮਿਲੀ। ਏਐੱਨਆਈ ਨਾਲ ਇਸ ਵਿਸ਼ੇਸ਼ ਇੰਟਰਵਿਊ 'ਚ ਲੈਫਟੀਨੈਂਟ ਜਨਰਲ ਡੀਕੁਨਹਾ ਨੇ ਕਿਹਾ ਕਿ ਕਿਸਮਤ ਨਾਲ ਅਸੀਂ ਇਹ ਅਨੁਮਾਨ ਲਗਾ ਲਿਆ ਕਿ ਉਹ (ਪਾਕਿਸਤਾਨ) ਕੀ ਕਰ ਸਕਦਾ ਹੈ। ਅਸੀਂ ਸਮਝ ਗਏ ਸੀ ਕਿ ਪਾਕਿਸਤਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਏਗਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਪ੍ਰਬੰਧਨ ਤੋਂ ਸਾਨੂੰ ਇਤਿਹਾਸਕ ਸਹਿਯੋਗ ਉਦੋਂ ਮਿਲਿਆ ਜਦੋਂ ਉਸ ਨੂੰ ਖ਼ਤਰੇ ਦੀ ਗੰਭੀਰਤਾ ਬਾਰੇ ਦੱਸਿਆ ਗਿਆ ਜਿਸ ਤੋਂ ਬਾਅਦ ਭਾਰਤੀ ਫ਼ੌਜ ਦੀਆਂ ਤੋਪਾਂ ਉੱਥੇ ਤਾਇਨਾਤ ਕੀਤੀਆਂ ਗਈਆਂ।

## ਸ਼੍ਰੋਮਣੀ ਕਮੇਟੀ ਨੇ ਫ਼ੌਜ ਦਾ ਦਾਅਵਾ ਕੀਤਾ ਖ਼ਾਰਜ



**ਅੰਮ੍ਰਿਤਸਰ:**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤੀ ਫ਼ੌਜ ਦੇ ਉਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਪਾਕਿਸਤਾਨੀ ਫ਼ੌਜ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਭਾਰਤੀ ਫ਼ੌਜ ਨੇ ਉਸ ਨੂੰ ਨਾਕਾਮ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਕਿਸੇ ਵੀ ਦੇਸ਼ ਦਾ ਜਰਨੈਲ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ, ਕਿਉਂਕਿ ਇਹ ਉਹ ਸਥਾਨ ਹੈ ਜਿੱਥੇ ਹਰ ਕਿਸੇ ਨੂੰ ਖੁਸ਼ੀ ਮਿਲਦੀ ਹੈ। ਹਰ ਰੋਜ਼ ਲੱਖਾਂ ਸ਼ਰਧਾਲੂ ਇੱਥੇ ਨਤਮਸਤਕ ਹੋਣ ਲਈ ਆਉਂਦੇ ਹਨ। ਇਹ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਪਾਕਿਸਤਾਨ ਵੱਲੋਂ ਇਸ ਪਵਿੱਤਰ ਸਥਾਨ 'ਤੇ ਹਮਲਾ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ ਹੋਵੇਗੀ। ਭਾਵੇਂ ਭਾਰਤੀ ਫ਼ੌਜ ਹੋਵੇ ਜਾਂ ਪਾਕਿਸਤਾਨੀ, ਦੋਵਾਂ ਦਾ ਉਦੇਸ਼ ਸਿਆਸਤ ਹੋ ਸਕਦਾ ਹੈ।

# ਲਾਰੈਂਸ ਤੇ ਸ਼ਹਿਜ਼ਾਦ ਭੱਟੀ ਦੀ ਵੀਡੀਓ ਵਾਇਰਲ

**ਨਵੀਂ ਦਿੱਲੀ:**ਲਾਰੈਂਸ ਬਿਸ਼ਨੋਈ ਤੇ ਪਾਕਿ ਗੈਂਗਸਟਰ ਸ਼ਹਿਜ਼ਾਦ ਭੱਟੀ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਸ 'ਚ ਦੋਵਾਂ ਦੀ ਕੁਝਇਸ ਤਰ੍ਹਾਂ ਗੱਲ ਹੋਈ ਹੈ:

**ਸ਼ਹਿਜ਼ਾਦ ਭੱਟੀ :** ਸਲਾਮ ਵਾਲੇਕੁਮ ਲਾਰੈਂਸ ਭਾਈ, ਸਭ ਤੋਂ ਪਹਿਲਾਂ ਤੁਸੀਂ ਇਹ ਦੱਸੋ ਕਿ ਤਬੀਅਤ ਕਿਵੇਂ ਹੈ? ਸਭਖ਼ੈਰ-ਖ਼ੈਰੀਅਤ ਹੈ? ਕੋਈ ਪਰੇਸ਼ਾਨੀ, ਕੋਈ ਟੈਨਸ਼ਨ? ਮੈਂ ਤੁਹਾਡਾ ਮੈਸੇਜ ਪੂਰੀ ਤਸੱਲੀ ਨਾਲ ਸੁਣਿਆ। ਦੇਖੋ ਲਾਰੈਂਸ ਭਾਈ, ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਤੁਹਾਡੇ ਜਿਹੜੇ ਦੁਸ਼ਮਣ ਹੋਣਗੇ, ਉਹ ਸਾਡੇ ਦੁਸ਼ਮਣੇ ਹੋਣਗੇ। ਸਾਡੇ ਦੁਸ਼ਮਣ ਤੁਹਾਡੇ ਦੁਸ਼ਮਣ ਹੋਣਗੇ। ਤੁਹਾਡੇ ਵੱਲੋਂ ਪਹਿਲਾਂ ਪਾਕਿਸਤਾਨ ਲਈ ਕਿਹਾ ਗਿਆ, ਫਿਰ ਮੈਂ ਕਿਹਾ। ਮੈਨੂੰ ਚੰਗਾ ਲੱਗਾ ਕਿ ਤੁਸੀਂ ਇਸ ਸਾਰੀ ਚੀਜ਼ ਨੂੰ ਸਮਝਿਆ।

**ਲਾਰੈਂਸ :** ਹਾਂ ਠੀਕ ਹੈ ਭਾਈ, ਹਾਂ ਥੋੜ੍ਹੇ ਦਿਨ ਕਾਫੀ ਪਰੇਸ਼ਾਨੀ ਆਈ ਪਰ ਹੁਣ ਮਾਹੌਲ ਸਹੀ ਹੈ। ਨਾਰਮਲ ਤਾਂ ਨਹੀਂ ਹੋਇਆ ਪਰ ਪਹਿਲਾਂ ਤੋਂ ਠੀਕ ਹੈ। ਕੁਝ ਦਿਨ ਤਾਂ ਮੁਸ਼ਕਲ ਆਈ ਸੀ। ਕੋਈ ਦਿੱਕਤ ਨਹੀਂ ਹੈ, ਭਰਾ ਹਾਂ ਭਰਾ ਰਹਾਂਗੇ।

**ਸ਼ਹਿਜ਼ਾਦ ਭੱਟੀ :** ਕੋਈ ਦਿੱਕਤ ਨਹੀਂ ਹੈ ਲਾਰੈਂਸ ਭਾਈ, ਜਿਵੇਂ ਤੁਸੀਂ ਭਰਾ ਸੀ ਉਸੇ ਤਰ੍ਹਾਂ ਮੇਰੇ ਭਰਾ ਰਹੋਗੇ।

ਉਮੀਦ ਕਰਦਾ ਹਾਂ ਕਿ ਨਾ ਪਾਕਿਸਤਾਨ ਲਈ ਕੋਈ ਇਹੋ ਜਿਹਾ ਅਲਫ਼ਾਜ਼ ਬੋਲੋ ਨਾ ਮੈਂ ਬੋਲਾਂ। ਹਾਂ ਜੇਕਰ ਕੋਈ ਮੇਰੀ ਸਾਈਡ (ਪਾਕਿਸਤਾਨ) ਤੁਹਾਡਾ ਧਰਮ ਟਾਰਗੈਟ ਕਰਦਾ ਹੈ ਤਾਂ ਤੁਸੀਂ ਮੈਨੂੰ ਦੱਸੋ। ਜੇਕਰ ਉਧਰੋਂ (ਭਾਰਤ) ਕੋਈ ਮੇਰਾ ਇਸਲਾਮ ਟਾਰਗੈਟ ਕਰਦਾ ਹੈ ਤਾਂ ਮੈਂ ਤੁਹਾਨੂੰ ਦੱਸਾਂਗਾ। ਦੇਖੋ, ਸਾਰੇ ਦੁਸ਼ਮਣ ਨਹੀਂ ਹਨ। ਸਾਰਿਆਂ ਦੇ ਆਪਣੇ ਮਸਲੇ ਚੱਲਦੇ ਰਹਿੰਦੇ ਹਨ। ਨਾਲ-ਨਾਲ ਸਾਨੂੰ ਆਪਣੇ ਮਜ਼ਹਬ ਲਈ ਵੀ ਕੰਮ ਕਰਨਾ ਚਾਹੀਦਾ ਹੈ। ਹਾਂ, ਦੇਸ਼ਾਂ 'ਚ ਮਸਲੇ ਹਨ ਤੇ ਇਹ ਚੱਲਦੇ ਰਹਿੰਦੇ ਹਨ, ਕੋਈ ਦਿੱਕਤ ਨਹੀਂ ਹੈ। ਤੁਸੀਂ ਭਰਾ ਹੋ ਤੇ ਤੁਸੀਂ ਭਰਾ ਹੀ ਰਹੋਗੇ।



ਚੇਤੇ ਰਹੇ ਕਿ ਲਾਰੈਂਸ ਨੇ ਪਹਿਲਗਾਮ ਹਮਲੇ ਦੇ ਬਦਲੇ ਦੀ ਧਮਕੀ ਦਿੱਤੀ ਸੀ। ਲਾਰੈਂਸ ਗੈਂਗ ਨੇ ਕੁਝ ਦਿਨ ਪਹਿਲਾਂ ਇੰਟਰਨੈੱਟ ਮੀਡੀਆ 'ਤੇ ਪੋਸਟ ਜਾਰੀ ਕਰ ਕੇ ਲਿਖਿਆ ਸੀ ਕਿ ਪਹਿਲਗਾਮ ਅੱਤਵਾਦੀ ਹਮਲੇ 'ਚ ਬੇਕਸੂਰ ਲੋਕ ਮਾਰੇ ਗਏ ਹਨ। ਅਸੀਂ ਇਸ ਦਾ ਬਦਲਾ ਲਵਾਂਗੇ। ਪਾਕਿਸਤਾਨ 'ਚ ਵੜ ਕੇ ਇਕ ਇਹੋ ਜਿਹਾ ਬੰਦਾ ਮਾਰਾਂਗੇ ਜਿਹੜਾ ਇਕ ਲੱਖ ਦੇ ਬਰਾਬਰ ਹੋਵੇਗਾ। ਇਸ ਤੋਂ ਬਾਅਦ ਸ਼ਹਿਜ਼ਾਦ ਭੱਟੀ ਨੇ ਲਾਰੈਂਸ ਲਈ ਇਕ ਵੀਡੀਓ ਜਾਰੀ ਕਰ ਕੇ ਕਿਹਾ ਕਿ ਪਾਕਿਸਾਤਨ ਤਾਂ ਬਹੁਤ ਦੂਰ ਦੀ ਗੱਲ ਹੈ, ਤੂੰ ਕਿਸੇ ਵੀ ਦੇਸ਼ 'ਚ ਇਕ ਚਿੜੀ ਤੱਕ ਨਹੀਂ ਮਾਰ ਸਕਦਾ। ਮੈਂ ਤੈਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਤੇ ਤੂੰ ਮੈਨੂੰ ਵੀ ਜਾਣਦਾ ਹੈ ਕਿ ਮੇਰਾ ਸਿਸਟਮ ਕੀ ਹੈ ਤੇ ਕੀ ਨਹੀਂ?

# ਭਾਰਤ ਅਤੇ ਪਾਕਿਸਤਾਨ ਦੇ ਫ਼ੈਸਲੇ ਨਾਲ ਰੁਕੀ ਜੰਗ

## ਵਿਦੇਸ਼ ਸਕੱਤਰ ਨੇ ਸੰਸਦੀ ਸਥਾਈ ਕਮੇਟੀ ਨੂੰ ਦਿੱਤੀ ਜਾਣਕਾਰੀ



**ਨਵੀਂ ਦਿੱਲੀ:**ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵਿਦੇਸ਼ ਮਾਮਲਿਆਂ ਦੀ ਸੰਸਦੀ ਸਥਾਈ ਕਮੇਟੀ ਦੇ ਸਾਹਮਣੇ 'ਆਪ੍ਰੇਸ਼ਨ ਸੰਧੂਰ' ਅਤੇ ਭਾਰਤ-ਪਾਕਿ ਦਰਮਿਆਨ ਹਾਲੀਆ ਤਣਾਅ 'ਤੇ ਜਾਣਕਾਰੀ ਦਿੱਤੀ। ਉਨ੍ਹਾਂ ਸੰਸਦੀ ਕਮੇਟੀ ਨੂੰ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਹਮੇਸ਼ਾ ਰਵਾਇਤੀ ਖੇਤਰ ਵਿਚ ਰਿਹਾ ਹੈ। ਅਤੇ ਗੁਆਂਢੀ ਦੇਸ਼ ਵਲੋਂ ਪ੍ਰਮਾਣੂ ਹਮਲੇ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ। ਮਿਸਰੀ ਨੇ ਸਰਕਾਰ ਦੇ ਸਟੈਂਡ ਨੂੰ ਦੁਹਰਾਇਆ ਕਿ ਫ਼ੌਜੀ ਕਾਰਵਾਈਆਂ ਨੂੰ ਰੋਕਣ ਦਾ ਫ਼ੈਸਲਾ ਦੋਵੇਂ ਦੇਸ਼ਾਂ ਵਲੋਂ ਲਿਆ। ਗਿਆ ਸੀ, ਕਿਉਂਕਿ ਕੁਝ ਵਿਰੋਧੀ ਮੈਂਬਰਾਂ ਨੇ ਟਕਰਾਅ ਨੂੰ ਰੋਕਣ ਵਿਚ ਉਨ੍ਹਾਂ ਦੇ ਪ੍ਰਸ਼ਾਸਨ ਦੀ ਭੂਮਿਕਾ ਬਾਰੇ ਵਾਰ-ਵਾਰ ਕੀਤੇ ਗਏ ਦਾਅਵਿਆਂ 'ਤੇ ਸਵਾਲ ਉਠਾਏ ਸਨ।

ਕੁਝ ਸੰਸਦ ਮੈਂਬਰਾਂ ਨੇ ਪੁੱਛਿਆ ਕਿ ਕੀ ਪਾਕਿਸਤਾਨ ਟਕਰਾਅ 'ਚ ਚੀਨੀ ਪਲੇਟਫਾਰਮਾਂ ਦੀ ਵਰਤੋਂ ਕੀਤੀ ਸੀ। ਮਿਸਰੀ ਨੇ ਕਿਹਾ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਕਿਉਂਕਿ ਭਾਰਤ ਨੇ ਪਾਕਿਸਤਾਨੀ ਹਵਾਈ ਅੱਡਿਆਂ 'ਤੇ ਹਮਲਾ ਕੀਤਾ। ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਮਾਮਲਿਆਂ 'ਤੇ ਸੰਸਦ ਦੀ ਸਥਾਈ ਕਮੇਟੀ ਦੀ ਬੈਠਕ 'ਚ ਤ੍ਰਿਣਮੂਲ ਕਾਂਗਰਸ ਦੇ ਅਭਿਸ਼ੇਕ ਬੈਨਰਜੀ, ਕਾਂਗਰਸ ਦੇ ਰਾਜੀਵ ਸ਼ੁਕਲਾ ਅਤੇ ਦਪਿੰਦਰ ਹੁੱਡਾ, ਏ. ਆਈ. ਐਮ. ਆਈ. ਐਮ. ਦੇ ਅਸਦੁਦੀਨ ਓਵੈਸੀ, ਭਾਜਪਾ ਦੇ ਅਪਰਾਜਿਤਾ ਸਾਰੰਗੀ ਅਤੇ ਅਰੁਣ ਗੋਵਿਲ ਸਮੇਤ ਕਈ ਨੇਤਾਵਾਂ ਨੇ ਹਿੱਸਾ ਲਿਆ। ਹਲਕਿਆਂ ਮੁਤਾਬਕ ਕਮੇਟੀ ਦੇ ਕਈ ਮੈਂਬਰਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟਵੀਟ ਨੂੰ ਲੈ ਕੇ ਵੀ ਸਵਾਲ ਪੁੱਛਿਆ ਕਿ ਕੀ ਟਰੰਪ ਦੀ ਵਿਚੋਲਗੀ ਦੇ ਕਾਰਨ ਭਾਰਤ-ਪਾਕਿਸਤਾਨ ਦਰਮਿਆਨ ਗੋਲੀਬੰਦੀ ਦਾ ਐਲਾਨ ਹੋਇਆ, ਜਿਸ ਦੇ ਜਵਾਬ 'ਚ ਸਰਕਾਰ ਵਲੋਂ ਕਿਹਾ ਗਿਆ ਕਿ ਇਹ ਸਹੀ ਨਹੀਂ ਹੈ। ਇਹ ਭਾਰਤ ਅਤੇ ਪਾਕਿਸਤਾਨ ਦਰਮਿਆਨ ਦੁਵੱਲਾਮੁੱਦਾ ਸੀ ਅਤੇ ਉਸੇ ਤਰੀਕੇ ਨਾਲ ਗੋਲੀਬੰਦੀ ਦਾ ਫ਼ੈਸਲਾ ਲਿਆ ਗਿਆ। ਵਿਦੇਸ਼ ਸਕੱਤਰ ਨੇ ਸੰਸਦੀ ਕਮੇਟੀ ਨੂੰ ਦੱਸਿਆ ਕਿ ਭਾਰਤ ਨੇ ਪਹਿਲਗਾਮ ਹਮਲੇ ਦਾ ਕਰਾਰਾ ਜਵਾਬ ਦਿੱਤਾ ਹੈ ਅਤੇ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ। ਵਿਦੇਸ਼ ਸਕੱਤਰ ਨੇ ਪੈਨਲ ਨੂੰ ਕਈ ਹੋਰ ਮੁੱਦਿਆਂ 'ਤੇ ਵੀ ਜਾਣਕਾਰੀ ਦਿੱਤੀ, ਜਿਸ 'ਚ ਇਸਲਾਮਾਬਾਦ ਦੇ ਨਾਲ ਸਫ਼ਾਰਤੀ ਸੰਬੰਧਾਂ ਦੀ ਮੌਜੂਦਾ ਸਥਿਤੀ, ਸਰਹੱਦ ਪਾਰ ਤੋਂ ਸੁਰੱਖਿਆ ਚੁਣੌਤੀਆਂ ਅਤੇ ਖੇਤਰੀ ਸਥਿਰਤਾ 'ਤੇ ਵਿਆਪਕ ਪ੍ਰਭਾਵ ਸ਼ਾਮਿਲ ਰਹੇ।

# ਪਾਕਿਸਤਾਨੀ ਹਾਈ ਕਮਿਸ਼ਨ ਦੇ ਮੁਲਾਜ਼ਮ ਦਾਨਿਸ਼ ਦੇ ਸੰਪਰਕ 'ਚ ਸੀ ਜੋਤੀ



**ਹਿਸਾਰ:**ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ 'ਚ ਹਿਸਾਰ ਤੋਂ 33 ਸਾਲਾ ਯੂਟਿਊਬਰ ਜੋਤੀ ਮਲਹੋਤਰਾ ਤੇ ਨੂਹ ਤੋਂ 22 ਸਾਲਾ ਨੌਜਵਾਨ ਅਰਮਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੋਵਾਂ ਨੂੰ ਅਲੱਗ-ਅਲੱਗ 'ਚ ਅਦਾਲਤ 'ਚ ਪੇਸ਼ ਕਰ ਕੇ ਪੁੱਛਗਿੱਛ ਲਈ ਕ੍ਰਮਵਾਰ ਪੰਜ ਤੇ ਛੇ ਦਿਨਾਂ ਦੇ ਰਿਮਾਂਡ 'ਤੇ ਲਿਆ ਹੈ। ਪੁਲਿਸ ਨੇ ਜੋਤੀ ਦਾ ਲੈਪਟਾਪ, ਮੋਬਾਈਲ, ਪਾਸਪੋਰਟ ਤੇ ਹੋਰ ਦਸਤਾਵੇਜ਼ ਕਬਜ਼ੇ 'ਚ ਲੈ ਲਏ ਹਨ। ਜੋਤੀ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਪੀਆਈਓ ਦੇ ਸੰਪਰਕ 'ਚ ਸੀ। ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ 'ਚ ਚਾਰ ਦਿਨਾਂ ਅੰਦਰ ਇਹ ਚੌਥੀ ਗ੍ਰਿਫ਼ਤਾਰੀ ਹੈ। ਬੁੱਧਵਾਰ ਨੂੰ ਪਾਣੀਪਤ ਤੋਂ 24 ਸਾਲਾ ਨੋਮਾਨ ਇਲਾਹੀ ਤੇ ਸ਼ੁੱਕਰਵਾਰ ਕੈਥਲ ਤੋਂ 25 ਸਾਲਾ ਦੇਵੇਂਦਰ ਸਿੰਘ ਢਿੱਲੋਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜੋਤੀ ਤੇ ਅਰਮਾਨ ਪਾਕਿਸਤਾਨੀ ਹਾਈ ਕਮਿਸ਼ਨ ਦੇ ਮੁਲਾਜ਼ਮ ਅਹਿਸਾਨ-ਉਰ-ਰਹੀਮ ਉਰਫ ਦਾਨਿਸ਼ ਦੇ ਸੰਪਰਕ 'ਚ ਸਨ। ਇਹ ਉਹੀ ਦਾਨਿਸ਼ ਹੈ ਜਿਸ ਨੂੰ ਭਾਰਤ ਸਰਕਾਰ ਨੇ ਜਾਸੂਸੀ ਕਰਾਉਣ ਦੇ ਦੋਸ਼ 'ਚ ਬੀਤੀ 13 ਮਈ ਨੂੰ ਦੇਸ਼ ਛੱਡਣ ਦਾ ਆਦੇਸ਼ ਦਿੱਤਾ ਸੀ। ਸੁਰੱਖਿਆ ਏਜੰਸੀਆਂ ਹੁਣ ਗ੍ਰਿਫ਼ਤਾਰ ਚਾਰਾਂ ਜਾਸੂਸਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕਰ ਸਕਦੀਆਂ ਹਨ। ਹਿਸਾਰ ਦੇ ਨਿਊ ਅਗਰਸੇਨ ਕਾਲੋਨੀ 'ਚ ਰਹਿਣ ਵਾਲੀ ਜੋਤੀ ਨੂੰ ਸੀ.ਆਈ.ਏ. ਦੀ ਟੀਮ ਨੇ ਵੀਰਵਾਰ ਦੇਰ ਰਾਤ ਉਸ ਦੇ ਘਰੋਂ ਹਿਰਾਸਤ 'ਚ ਲਿਆ। ਸ਼ੁੱਕਰਵਾਰ ਨੂੰ ਪੁੱਛਗਿੱਛ ਕੀਤੀ ਤੇ ਸ਼ਨਿਚਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ 'ਤੇ 2023 ਤੋਂ ਬਾਅਦ ਆਈ.ਐੱਸ.ਆਈ. ਦੇ ਅਧਿਕਾਰੀਆਂ ਦੇ ਸੰਪਰਕ 'ਚ ਹੋਣ ਅਤੇ ਭਾਰਤ ਦੀਆਂ ਸੂਚਨਾਵਾਂ ਪਾਕਿਸਤਾਨ ਨੂੰ ਦੇਣ ਦਾ ਦੋਸ਼ ਹੈ। ਜੋਤੀ ਨੇ 'ਟ੍ਰੈਵਲ ਵਿਦ ਜੋ' ਦੇ ਨਾਂ ਨਾਲ ਯੂਟਿਊਬ ਚੈਨਲ ਬਣਾਇਆ ਹੋਇਆ ਹੈ। 2018 'ਚ ਪਾਸਪੋਰਟ ਬਣਵਾਉਣ ਤੋਂ ਬਾਅਦ ਉਹ 2023 'ਚ ਪਾਕਿਸਤਾਨ ਦਾ ਵੀਜ਼ਾ ਲਗਵਾਉਣ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਗਈ ਸੀ। ਉੱਥੇ ਉਸ ਦੀ ਮੁਲਾਕਾਤ ਦਾਨਿਸ਼ ਨਾਲ ਹੋਈ। ਜੋਤੀ ਨੇ ਦਾਨਿਸ਼ ਦਾ ਮੋਬਾਈਲ ਨੰਬਰ ਲੈ ਲਿਆ। ਦੋਵਾਂ ਦੀ ਗੱਲਬਾਤ ਹੋਣ ਲੱਗੀ ਤੇ ਡੂੰਘਾ ਰਿਸ਼ਤਾ ਬਣ ਗਿਆ। ਵੀਜ਼ੇ 'ਤੇ ਪਾਕਿਸਤਾਨ ਗਈ ਤਾਂ ਦਾਨਿਸ਼ ਦੇ ਕਹਿਣ 'ਤੇ ਪਾਕਿਸਤਾਨ ਦੇ ਰਹਿਣ ਵਾਲੇ ਅਲੀ ਅਹਿਵਾਨ ਨਾਲ ਮੁਲਾਕਾਤ ਕੀਤੀ।

ਅਲੀ ਨੇ ਹੀ ਉਸ ਦੇ ਰੁਕਣ, ਠਹਿਰਣ ਤੇ ਘੁੰਮਣ ਦਾ ਪ੍ਰਬੰਧ ਕਰਵਾਇਆ। ਉਸ ਦੀ ਮੁਲਾਕਾਤ ਪਾਕਿਸਤਾਨੀ ਸੁਰੱਖਿਆ ਏਜੰਸੀ ਤੇ ਇੰਟੈਲੀਜੈਂਸ ਦੇ ਅਧਿਕਾਰੀਆਂ ਨਾਲ ਕਰਵਾਈ ਗਈ। ਇੱਥੋਂ ਹੀ ਉਸ ਦਾ ਸੰਪਰਕ ਆਈ.ਐੱਸ.ਆਈ. ਦੇ ਅਧਿਕਾਰੀਆਂ ਦੇ ਨਾਲ ਹੋਰ ਡੂੰਘਾ ਹੋਇਆ। ਜੋਤੀ ਨੇ ਪੁਲਿਸ ਦੀ ਪੁੱਛਗਿੱਛ ਦੌਰਾਨ ਦੱਸਿਆ ਕਿ ਇੰਟੈਲੀਜੈਂਸੀ ਤੇ ਪਾਕਿਸਤਾਨੀ ਸੁਰੱਖਿਆ ਏਜੰਸੀ ਦੇ ਅਧਿਕਾਰੀਆਂ ਨੂੰ ਮਿਲਣ ਦੇ ਨਾਲ ਹੀ ਉਸ ਦੀ ਮੁਲਾਕਾਤ ਸ਼ਾਕਿਰ ਤੇ ਰਾਣਾ ਸ਼ਾਹਬਾਜ਼ ਨਾਲ ਕਰਵਾਈ ਗਈ। ਮੋਬਾਈਲ ਨੰਬਰਾਂ ਦਾ ਲੈਣ-ਦੇਣ ਹੋਣ ਤੋਂ ਬਾਅਦ ਉਹ ਭਾਰਤ ਆ ਗਈ ਪਰ ਉਸ ਦਾ ਸੰਪਰਕ ਇਨ੍ਹਾਂ ਨਾਲੋਂ ਨਹੀਂ ਟੁੱਟਾ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪਰਮਾਣੂ ਜੰਗ ਮੈਂ ਰੁਕਵਾਈ ਪਰ ਨਹੀਂ ਮਿਲਿਆ ਕ੍ਰੈਡਿਟ: ਟਰੰਪ

**ਨਿਊਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ-ਪਾਕਿ ਨਾਲ ਰਲਿਬਾਤ ਕਰਨਾ ਤੇ ਉਨ੍ਹਾਂ ਨੂੰ ਸੰਕਟ ਤੋਂ ਬਚਾਉਣਾ ਮੇਰੇ ਲਈ ਬਹੁਤ ਵੱਡੀ ਕਾਮਯਾਬੀ ਹੈ ਜਿਸ ਦਾ ਸਿਹਰਾ ਮੈਨੂੰ ਕਦੇ ਨਹੀਂ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਦੋਵਾਂ ਦੇਸ਼ਾਂ 'ਚ ਬਹੁਤ ਨਫ਼ਰਤ ਸੀ ਤੇ ਤਣਾਅ ਇਸ ਹੱਦ ਤੱਕ ਵੱਧ ਗਿਆ ਸੀ ਕਿ ਇਸ ਦਾ ਅਗਲਾ ਪੜਾਅ ਸ਼ਾਇਦ ਪਰਮਾਣੂ ਯੁੱਧ ਹੋ ਸਕਦਾ ਸੀ।



'ਫਾਕਸ ਨਿਊਜ਼ ਨੂੰ ਦਿੱਤੀ ਇੰਟਰਵਿਊ 'ਚ ਟਰੰਪ ਨੇ ਕਿਹਾ, 'ਇਹ ਮੇਰੇ ਲਈ ਬਹੁਤ ਵੱਡੀ ਕਾਮਯਾਬੀ ਹੈ। ਇਹ ਦੋਵੇਂ ਦੇਸ਼ ਪਰਮਾਣੂ ਸ਼ਕਤੀ ਵਾਲੇ ਦੇਸ਼ ਹਨ ਤੇ ਉਹ ਗੁੱਸੇ 'ਚ ਸਨ। ਟਰੰਪ ਦੀ ਮੱਧ-ਪੂਰਬ ਦੀ ਯਾਤਰਾ ਤੋਂ ਪਹਿਲਾ ਜਦੋਂ ਉਨ੍ਹਾਂ ਤੋਂ ਵਿਦੇਸ਼ ਨੀਤੀ ਦੀਆਂ ਕੁਝ ਸਫਲਤਾਵਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੇ ਆਗੂਆਂ ਨਾਲ ਸਿੱਧੀ ਗੱਲਬਾਤ ਕੀਤੀ ਸੀ ਤੇ ਤਣਾਅ ਘਟਾਉਣ ਲਈ ਅਮਰੀਕਾ ਵੱਲੋਂ ਵਿਚੋਲਗੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਤਣਾਅ ਵੱਧ ਰਿਹਾ ਸੀ, ਮਿਜ਼ਾਈਲਾਂ ਦੀ ਵਰਤੋਂ ਹੋ ਰਿਹਾ ਸੀ ਤੇ ਟਕਰਾਅ 'ਜੈਸੇ ਨੂੰ ਤੈਸਾ' ਦੀ ਦਿਸ਼ਾ 'ਚ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਦਖ਼ਲ ਦਿੱਤਾ ਤੇ ਹਾਲਾਤ ਵਿਗੜਨ ਤੋਂ ਰੋਕੇ।

ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੇ ਆਗੂਆਂ ਨੂੰ ਫੋਨ ਕੀਤਾ ਤਾਂ ਇਸ ਦੇ ਜਵਾਬ 'ਚ ਟਰੰਪ ਨੇ ਜਵਾਬ ਦਿੱਤਾ, 'ਹਾਂ, ਮੈਂ ਕੀਤਾ।' ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਤੁਸੀਂ ਇਸ ਨੂੰ ਇਕ ਕਾਮਯਾਬੀ ਮੰਨਦੇ ਹੋ ਤਾਂ ਉਨ੍ਹਾਂ ਨੇ 'ਹਾਂ' ਵਿਚ ਜਵਾਬ ਦਿੱਤਾ, ਤੇ ਕਿਹਾ, 'ਦੋਵਾਂ ਦੇਸ਼ਾਂ 'ਚ ਤਣਾਅ ਇੰਨਾ ਵੱਧ ਗਿਆ ਸੀ ਕਿ ਇਸ ਦਾ ਅਗਲਾ ਪੜਾਅ ਸ਼ਾਇਦ ਪਰਮਾਣੂ ਯੁੱਧ ਹੋ ਸਕਦਾ ਸੀ ਤੁਸੀਂ ਦੇਖਿਆ ਕਿ ਇਹ ਤਣਾਅ ਕਿਸ ਦਿਸ਼ਾ 'ਚ ਜਾ ਰਿਹਾ ਸੀ? ਇਹ ਇਕ ਤਰ੍ਹਾਂ ਦਾ ਬਦਲਾ ਸੀ। ਇਹ ਤਣਾਅ ਉਸ ਬਿੰਦੂ ਤੱਕ ਪੁੱਜ ਚੁੱਕਾ ਸੀ ਜਿੱਥੇ ਤੁਸੀਂ ਜਾਣਦੇ ਹੋ ਕਿ ਅੱਗੇ ਕੀ ਹੋਣ ਵਾਲਾ ਸੀ? ਫਿਰ ਮੈਂ ਕਿਹਾ, 'ਅਸੀਂ ਵਪਾਰ ਬਾਰੇ ਗੱਲ ਕਰਨ ਜਾ ਰਹੇ ਹਾਂ। ਅਸੀਂ ਬਹੁਤ ਸਾਰਾ ਵਪਾਰ ਕਰਨ ਜਾ ਰਹੇ ਹਾਂ। ਮੈਂ ਵਪਾਰ ਦੀ ਵਰਤੋਂ ਹਿਸਾਬ ਬਰਾਬਰ ਕਰਨ ਤੇ ਸ਼ਾਂਤੀ ਬਹਾਲੀ ਲਈ ਕਰ ਰਿਹਾ ਹਾਂ।


## 100 ਫ਼ੀਸਦੀ ਟੈਰਿਫ ਘਟਾਉਣ ਲਈ ਭਾਰਤ ਤਿਆਰ

ਟਰੰਪ ਨੇ ਇਕ ਵਾਰ ਮੁੜ ਕਿਹਾ ਹੈ ਕਿ ਭਾਰਤ ਅਮਰੀਕੀ ਵਸਤੂਆਂ 'ਤੇ 100 ਫ਼ੀਸਦੀ ਟੈਰਿਫ ਘਟਾਉਣ ਲਈ ਤਿਆਰ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਨਵੀਂ ਦਿੱਲੀ-ਵਾਸ਼ਿੰਗਟਨ ਵਿਚਾਲੇ ਵਪਾਰ ਸਮਝੌਤਾ ਜਲਦ ਹੋਵੇਗਾ। ਉਨ੍ਹਾਂ ਭਾਰਤ 'ਤੇ ਉੱਚ ਟੈਰਿਫ ਨੀਤੀ ਬਾਰੇ ਵੀ ਟਿੱਪਣੀ ਕੀਤੀ ਤੇ ਕਿਹਾ ਕਿ ਭਾਰਤ ਦੁਨੀਆ 'ਚ ਸਭ ਤੋਂ ਵੱਧ ਟੈਰਿਫ ਲਗਾਉਣ ਵਾਲੇਦੇਸ਼ਾਂ 'ਚੋਂ ਇਕ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਹੁਣ ਅਮਰੀਕਾ ਲਈ ਆਪਣੇ ਟੈਰਿਫਾਂ 'ਚ ਕਟੌਤੀ ਕਰਨ ਲਈ ਤਿਆਰ ਹੈ ਤੇ ਦੋਵਾਂ ਦੇਸ਼ਾਂ ਵਿਚਾਲੇ' ਵਪਾਰ ਸਮਝੌਤਾ ਛੇਤੀ ਹੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਦੋ ਦਿਨ ਪਹਿਲਾਂ ਵੀ ਕਿਹਾ ਸੀ ਕਿ ਭਾਰਤ ਜ਼ੀਰੋ ਟੈਰਿਫ 'ਤੇ ਅਮਰੀਕਾ ਨਾਲ ਵਪਾਰ ਕਰਨ ਲਈ ਤਿਆਰ ਹੈ।

# ਸ਼ਾਹਬਾਜ਼ ਸ਼ਰੀਫ਼ ਨੇ ਨੂਰ ਖ਼ਾਨ ਬੇਸ 'ਤੇ ਹਮਲੇ ਦੀ ਗੱਲ ਕਬੂਲੀ

**ਨਵੀਂ ਦਿੱਲੀ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਭਾਰਤ ਵੱਲੋਂ ਪਾਕਿਸਤਾਨ ਦੇ ਨੂਰ ਖਾਨ ਏਅਰਬੇਸ ਅਤੇ ਹੋਰ ਟਿਕਾਣਿਆਂ 'ਤੇ ਕੀਤੇ ਗਏ ਫੌਜੀ ਹਮਲੇ ਦੀ ਗੱਲ ਕਬੂਲੀ ਹੈ। ਭਾਜਪਾ ਆਗੂ ਅਮਿਤ ਮਾਲਵੀਆ ਨੇ ਆਪਣੇ ਐੱਕਸ ਅਕਾਊਂਟ 'ਤੇ ਵੀਡੀਓ ਪੋਸਟ ਕੀਤੀ ਹੈ। ਇਸ ਵੀਡੀਓ ਵਿਚ ਸ਼ਰੀਫ਼ ਨੇ ਮੰਨਿਆ ਹੈ ਕਿ 10 ਮਈ ਨੂੰ ਤੜਕੇ ਭਾਰਤੀ ਮਿਜ਼ਾਈਲਾਂ ਨੇ ਪਾਕਿਸਤਾਨ ਦੇ ਕਈ ਖੇਤਰਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ 'ਇਸਲਾਮਾਬਾਦ ਨੇੜੇ ਸਥਿਤ ਨੂਰ ਖ਼ਾਨ ਏਅਰਬੇਸ ਵੀ ਸ਼ਾਮਲ ਹੈ। ਜੀਓ ਨਿਊਜ਼ ਦੀ ਰਿਪੋਰਟ ਅਨੁਸਾਰ ਸ਼ਾਹਬਾਜ਼ ਨੇ ਕਿਹਾ, 'ਜਨਰਲ ਆਸਿਮ ਮੁਨੀਰ ਨੇ ਉਨ੍ਹਾਂ ਨੂੰ ਰਾਤ 2:30 ਵਜੇ ਫੋਨ ਕਰਕੇ ਦੱਸਿਆ ਕਿ ਭਾਰਤ ਨੇ ਨੂਰ ਖ਼ਾਨ ਬੇਸ ਤੇ ਕਈ ਹੋਰਨਾਂ ਟਿਕਾਣਿਆਂ 'ਤੇ ਬੰਬਾਰੀ ਕੀਤੀ ਹੈ।'' ਇਹ ਹਮਲੇ 22 ਅਪਰੈਲ ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਦਹਿਸ਼ਤੀ ਹਮਲੇ ਦੇ ਜਵਾਬ ਵਿਚ ਕੀਤੇ ਗਏ ਸਨ। ਮਾਲਵੀਆ ਨੇ ਐੱਕਸ 'ਤੇ ਕਿਹਾ. 'ਇਸ ਨੂੰ ਸਮਝੋ, ਪ੍ਰਧਾਨ ਮੰਤਰੀ ਨੂੰ ਅੱਧੀ ਰਾਤ ਨੂੰ ਪਾਕਿਸਤਾਨ ਅੰਦਰ ਹਮਲਿਆਂ ਦੀ ਖ਼ਬਰ ਨਾਲ ਜਗਾਇਆ ਗਿਆ। ਇਹ ਗੱਲ ਅਪਰੇਸ਼ਨ ਸਿੰਧੂਰ ਦੇ ਪੱਧਰ ਅਤੇ ਸਫ਼ਲਤਾ ਦੀ ਹਾਮੀ ਭਰਦੀ ਹੈ।'

**ਇਹ ਹਮਲੇ 22 ਅਪਰੈਲ ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਦਹਿਸ਼ਤੀ ਹਮਲੇ ਦੇ ਜਵਾਬ ਵਿਚ ਕੀਤੇ ਗਏ ਸਨ।**



# ਮੁਹਾਲੀ ਅਦਾਲਤ ਵਲੋਂ ਭਾਈ ਜਗਤਾਰ ਸਿੰਘ ਹਵਾਰਾ ਇਕ ਕੇਸ 'ਚ ਬਰੀ



**ਐੱਸ.ਏ.ਐੱਸ.ਨਗਰ:** ਮੁਹਾਲੀ ਦੀ ਜ਼ਿਲ੍ਹਾ ਅਦਾਲਤ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਸਾਲ 2005 'ਚ ਥਾਣਾ ਸਦਰ ਖਰੜ ਵਿਖੇ ਵਿਸਫੋਟਕ ਪਦਾਰਥ ਅਤੇ ਅਸਲ੍ਹਾ ਐਕਟ ਤਹਿਤ ਦਰਜ ਮਾਮਲੇ 'ਚੋਂ ਬਰੀ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਨੇ ਸ਼ੁਰੂ 'ਚ ਭਾਈ ਜਗਤਾਰ ਸਿੰਘ ਸਮੇਤ ਕੁੱਲ 5 ਵਿਅਕਤੀਆਂ ਵਿਰੁੱਧ ਇਹ ਮਾਮਲਾ ਦਰਜ ਕੀਤਾ ਸੀ। ਹਾਲਾਂਕਿ ਇਸ ਮਾਮਲੇ ਵਿਚ ਨਾਮਜ਼ਦ ਬਾਕੀ ਚਾਰ ਵਿਅਕਤੀਆਂ ਸੰਬੰਧੀ ਫ਼ੈਸਲਾ ਸੁਣਾਇਆ ਜਾ ਚੁੱਕਾ ਹੈ, ਜਿਸ ਅਨੁਸਾਰ ਸਵਰਨ ਸਿੰਘ ਦੇਸੂਮਾਜਰਾ ਨੂੰ 5 ਸਾਲਾਂ ਦੀ ਕੈਦ ਅਤੇ ਗੁਰਦੀਪ ਸਿੰਘ ਉਰਫ਼ ਰਾਣਾ ਤੇ ਪਰਮਜੀਤ ਸਿੰਘ ਨੂੰ 3-3 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਅਦਾਲਤ ਵਲੋਂਉਕਤ ਮਾਮਲੇ ਵਿਚ ਨਾਮਜ਼ਦ ਪਰਮਿੰਦਰ ਸਿੰਘ ਨੂੰ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਪੁਲਿਸ ਵਲੋਂ ਭਾਈ ਹਵਾਰਾ ਖ਼ਿਲਾਫ਼ ਭਾਰੀ ਮਾਤਰਾ ਵਿਚ ਅਸਲ੍ਹਾ ਅਤੇ ਗੋਲਾ ਬਾਰੂਦ ਇਕੱਠਾ ਕਰਕੇ ਆਪਣੇ ਸਮੇਤ ਸਾਥੀਆਂ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਦਾ ਇਲਜ਼ਾਮ ਲਗਾਇਆ ਗਿਆ ਸੀ। ਇਸ ਮਾਮਲੇ ਵਿਚ ਭਾਈ ਹਵਾਰਾ ਦੀ ਗ੍ਰਿਫ਼ਤਾਰੀ ਸਾਲ 2020 ਵਿੱਚ ਕਾਨਫਰੰਸਿੰਗ ਰਾਹੀਂ ਪਾਈ ਗਈ ਸੀ, ਜਿਸ ਤੋਂ ਬਾਅਦ ਸਾਲ 2021 ਵਿਚ ਭਾਈ ਹਵਾਰਾ ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਅਦਾਲਤ ਵਿਚ ਦਾਇਰ ਕੀਤੀ ਗਈ ਸੀ।

# ਪਾਕਿ ਨੂੰ ਪਹਿਲਾਂ ਹੀ ਦਿੱਤੀ ਗਈ ਸੀ 'ਆਪ੍ਰੇਸ਼ਨ ਸੰਧੂਰ' ਦੀ ਜਾਣਕਾਰੀ:ਰਾਹੁਲ

**ਨਵੀਂ ਦਿੱਲੀ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਆਪ੍ਰੇਸ਼ਨ ਸੰਧੂਰ' ਨੂੰ ਲੈ ਕੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵਲੋਂ ਦਿੱਤੇ ਬਿਆਨ ਗਏ ਦੇ ਹਵਾਲੇ ਨਾਲ ਹੀ ਉਨ੍ਹਾਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਹਮਲੇ ਦੀ ਸ਼ੁਰੂਆਤ 'ਚ ਪਾਕਿਸਤਾਨ ਨੂੰ ਸੂਚਿਤ ਕਰਨਾ ਇਕ ਜੁਰਮ ਸੀ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਪਾਏ ਸੰਦੇਸ਼ 'ਚ ਇਕ ਨਿੱਜੀ ਨਿਊਜ਼ ਚੈਨਲ ਦਾ ਵੀਡੀਓ ਸਾਂਝਾ ਕਰਦਿਆਂ ਕਿਹਾ ਕਿ ਵਿਦੇਸ਼ ਮੰਤਰੀ ਜੈਸ਼ੰਕਰ ਚੁੱਪ ਹਨ ਅਤੇ ਇਹ ਚੁੱਪੀ ਬਹੁਤ ਕੁਝ ਕਹਿ ਰਹੀ ਹੈ। ਇਹ ਚੁੱਪੀ ਗੰਭੀਰ ਸਵਾਲ ਉਠਾ ਰਹੀ ਹੈ। ਇਸ ਲਈ ਉਹ ਮੁੜ ਤੋਂ ਪੁੱਛਣਗੇ। ਕਿ ਪਾਕਿਸਤਾਨ ਨੂੰ ਕਿਵੇਂ ਪਤਾ ਲੱਗਾ ਕਿ ਅਸੀਂ ਕਿੰਨੇ ਜਹਾਜ਼ ਗੁਆਏ ਹਨ? ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਇਹ ਸਿਰਫ ਇਕ ਗ਼ਲਤੀ ਨਹੀਂ ਸੀ, ਇਹ ਇਕ ਜੁਰਮ ਸੀ। ਦੇਸ਼ ਨੂੰ ਸੱਚ ਕਾਂਗਰਸੀ ਨੇਤਾ ਨੇ ਸਾਂਝੇ ਕੀਤੇ ਵੀਡੀਓ ਦੇ ਹਵਾਲੇ ਨਾਲ ਕਿਹਾ ਕਿ ਸਾਡੇ ਹਮਲੇ ਦੀ ਸ਼ੁਰੂਆਤ 'ਚ ਪਾਕਿਸਤਾਨ ਨੂੰ ਸੂਚਿਤ ਕਰਨਾ ਇਕ ਜੁਰਮ ਸੀ। ਵਿਦੇਸ਼ ਮੰਤਰੀ ਨੇ 'ਜਨਤਕ ਤੌਰ 'ਤੇ ਸਵੀਕਾਰ ਕੀਤਾ ਹੈ ਕਿ ਭਾਰਤ ਸਰਕਾਰ ਨੇ ਅਜਿਹਾ ਕੀਤਾ। ਰਾਹੁਲ ਗਾਂਧੀ ਨੇ ਇਸ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਸ ਨੂੰ ਕਿਸ 'ਨੇ ਅਧਿਕਾਰ ਦਿੱਤਾ? ਇਸ ਦੇ ਨਤੀਜੇ ਵਜੋਂ ਅਸੀਂ ਹਵਾਈ ਫ਼ੌਜ ਦੇ ਕਿੰਨੇ ਜਹਾਜ਼ ਗੁਆ ਦਿੱਤੇ? ਵਿਦੇਸ਼ ਮੰਤਰੀ ਨੇ ਰਾਹੁਲ ਗਾਂਧੀ ਦੇ ਬਿਆਨ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਤੱਥਾਂ ਨੂੰ ਪੂਰੀ ਤਰ੍ਹਾਂ ਗ਼ਲਤ ਢੰਗ ਨਾਲ ਪੇਸ਼ ਕਰਨਾ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਰਾਸ਼ਟਰਪਤੀ ਨੇ ਸੁਪਰੀਮ ਕੋਰਟ ਨੂੰ ਪੁੱਛੇ ਸਵਾਲ

**ਨਵੀਂ ਦਿੱਲੀ:**ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੁਪਰੀਮ ਕੋਰਟ ਵਲੋਂ ਬਿੱਲਾਂ 'ਤੇ ਫੈਸਲਾ ਲੈਣ ਲਈ ਸਮਾਂ ਹੱਦ ਬੰਨ੍ਹਣ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੰਵਿਧਾਨ ਕੋਲ ਅਜਿਹੀ ਕੋਈ ਵਿਵਸਥਾ ਨਹੀਂ ਹੈ । ਦੂਜੇ ਪਾਸੇ 'ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕੇ. ਸਟਾਲਿਨ ਨੇ ਇਸ ਨੂੰ ਭਾਜਪਾ ਵਲੋਂ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਉਕਤ ਮਾਮਲਾ ਤਾਮਿਲਨਾਡੂ ਦੇ ਰਾਜਪਾਲ ਅਤੇ ਸੂਬਾ ਸਰਕਾਰ ਦਰਮਿਆਨ ਵਿਵਾਦ ਨਾਲ ਸੰਬੰਧਿਤ ਹੈ, ਜਿਸ 'ਚ ਸੁਪਰੀਮ ਕੋਰਟ ਨੇ ਟਿੱਪਣੀ ਕਰਦਿਆਂ ਕਿਹਾ ਕਿ ਰਾਜਪਾਲ ਬਿੱਲਾਂ ਨੂੰ ਅਣਮਿੱਥੇ ਸਮੇਂ ਤੱਕ ਨਹੀਂ ਰੋਕ ਸਕਦੇ।

ਇਸੇ ਫੈਸਲੇ 'ਚ ਕਿਹਾ ਗਿਆ ਸੀ ਕਿ ਰਾਜਪਾਲ ਵਲੋਂ ਭੇਜੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ 3 ਮਹੀਨੇ ਦੇ ਅੰਦਰ ਫੈਸਲਾ ਲੈਣਾ ਪਵੇਗਾ। ਰਾਸ਼ਟਰਪਤੀ ਮੁਰਮੂ ਨੇ ਚਿੱਠੀ ਲਿਖ ਕੇ ਸੁਪਰੀਮ ਕੋਰਟ ਤੋਂ 14 ਸਵਾਲ ਪੁੱਛੇ ਹਨ, ਜਿਸ 'ਚ ਰਾਜਪਾਲ ਦੀਆਂ ਤਾਕਤਾਂ, ਫੈਸਲਾ ਲੈਣ ਦੇ ਅਮਲ ਅਤੇ ਹੋਰ ਕਈ ਸਵਾਲ ਪੁੱਛੇ। ਉਨ੍ਹਾਂ ਪੁੱਛਿਆ ਕਿ ਜਦੋਂ ਰਾਜਪਾਲ ਕੋਲ ਕੋਈ ਬਿੱਲ ਆਉਂਦਾ ਹੈ ਤਾਂ ਉਸ ਕੋਲ ਕਿਹੜੇ-ਕਿਹੜੇ ਸੰਵਿਧਾਨਕ ਬਦਲ ਹੁੰਦੇ ਹਨ? ਕੀ ਰਾਜਪਾਲ ਫੈਸਲਾ ਲੈਣ ਸਮੇਂ ਕੈਬਨਿਟ ਦੀ ਸਲਾਹ ਨਾਲ ਬੰਨ੍ਹੇ ਹਨ? ਕੀ ਰਾਜਪਾਲ ਦੇ ਫੈਸਲੇ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਜਾ ਸਕਦੀ ਹੈ ? ਕੀ ਧਾਰਾ 361 ਰਾਹੀਂ ਰਾਜਪਾਲ ਦੇ ਫੈਸਲੇ 'ਤੇ ਨਿਆਇਕ ਸਮੀਖਿਆ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ ? ਕੀ ਅਦਾਲਤ ਰਾਜਪਾਲਾਂ ਲਈ ਕੋਈ ਸਮਾਂ ਹੱਦ ਤੈਅ ਕਰ ਸਕਦੀ ਹੈ ? ਰਾਸ਼ਟਰਪਤੀ ਮੁਰਮੂ ਨੇ ਅਜਿਹੇ ਸਵਾਲ ਰਾਸ਼ਟਰਪਤੀ ਦੇ ਅਹੁਦੇ ਨੂੰ ਲੈ ਕੇ ਵੀ ਪੁੱਛੇ ।



ਉਨ੍ਹਾਂ ਪੁੱਛਿਆ ਕਿ ਕੀ ਰਾਸ਼ਟਰਪਤੀ ਦੇ ਫੈਸਲੇ ਨੂੰ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ? ਕੀ ਰਾਸ਼ਟਰਪਤੀ ਨੂੰ ਸੁਪਰੀਮ ਕੋਰਟ ਤੋਂ ਰਾਏ ਲੈਣਾ ਲਾਜ਼ਮੀ ਹੈ? ਕੀ ਰਾਸ਼ਟਰਪਤੀ ਅਤੇ ਰਾਜਪਾਲ ਦੇ ਫੈਸ਼ਿਆਂ 'ਤੇ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੀ ਅਦਾਲਤ ਸੁਣਵਾਈ ਕਰ ਸਕਦੀ ਹੈ? ਕੀ ਸੁਪਰੀਮ ਕੋਰਟ ਧਾਰਾ 142 ਦੀ ਵਰਤੋਂ ਕਰਕੇ ਰਾਸ਼ਟਰਪਤੀ ਜਾਂ ਰਾਸ਼ਟਰਪਤੀ ਮੁਰਮੂ ਨੇ ਇਹ ਵੀ ਪੁੱਛਿਆ ਕਿ ਰਾਜ ਵਿਧਾਨ ਸਭਾ ਵਲੋਂ ਪਾਸ ਕਾਨੂੰਨ ਰਾਜਪਾਲ ਦੀ ਇਜਾਜ਼ਤ ਤੋਂ ਬਿਨਾਂ ਲਾਗੂ ਕੀਤਾ ਜਾ ਸਕਦਾ ਹੈ? ਕੀ ਸੰਵਿਧਾਨ ਨਾਲ ਜੁੜੇ ਮਾਮਲਿਆਂ ਨੂੰ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਬੈਂਚ ਨੂੰ ਭੇਜਣਾ ਲਾਜ਼ਮੀ ਹੈ? ਕੀ ਸੁਪਰੀਮ ਕੋਰਟ ਅਜਿਹੇ ਨਿਰਦੇਸ਼ ਦੇ ਸਕਦੀ ਹੈ। ਜੋ ਸੰਵਿਧਾਨ ਜਾਂ ਮੌਜੂਦਾ ਕਾਨੂੰਨਾਂ ਨਾਲ ਮੇਲ ਨਾ ਖਾਂਦਾ ਹੋਵੇ? ਕੀ ਕੇਂਦਰ ਅਤੇ ਰਾਜ ਸਰਕਾਰ ਦਰਮਿਆਨ ਵਿਵਾਦ ਸਿਰਫ ਸੁਪਰੀਮ ਕੋਰਟ ਹੀ ਸੁਲਝਾ ਸਕਦੀ ਹੈ। ਦੱਸਣਯੋਗ ਕਿ ਸੁਪਰੀਮ ਕੋਰਟ ਦਾ ਫੈਸਲਾ ਤਾਮਿਲਨਾਡੂ 'ਚ ਸੱਤਾਧਾਰੀ ਡੀ. ਐਮ. ਕੇ. ਸਰਕਾਰ ਵਲੋਂ ਪਾਈ ਪਟੀਸ਼ਨ 'ਤੇ ਆਇਆ ਸੀ, ਜਿਸ 'ਚ ਸੂਬਾ ਸਰਕਾਰ ਨੇ ਰਾਜਪਾਲ ਆਰ. ਐਨ. ਰਵੀ ਕੋਲ ਪਏ ਬਕਾਇਆ ਬਿੱਲਾਂ 'ਤੇ ਸਵਾਲ ਉਠਾਇਆ ਸੀ। ਸਟਾਲਿਨ ਨੇ ਉਠਾਏ ਸਵਾਲ-ਰਾਸ਼ਟਰਪਤੀ ਵਲੋਂ ਲਿਖੀ ਚਿੱਠੀ 'ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕੇ. ਸਟਾਲਿਨ ਨੇ ਇਤਰਾਜ਼ ਪ੍ਰਗਟਾਇਆ।

ਉਨ੍ਹਾਂ ਸੋਸ਼ਲ ਮੀਡੀਆ ਮੰਚ ਐਕਸ 'ਤੇ ਪਾਏ ਸੰਦੇਸ਼ 'ਚ ਰਾਸ਼ਟਰਪਤੀ ਦੀ ਚਿੱਠੀ ਦੇ ਹਵਾਲੇ ਨਾਲ : ਸਪੱਸ਼ਟ ਤੌਰ 'ਤੇ ਇਸ ਤੱਥ ਨੂੰ ਸਾਹਮਣੇ ਲਿਆਂਦਾ ਹੈ ਕਿ ਤਾਮਿਲਨਾਡੂ ਦੇ ਰਾਜਪਾਲ ਭਾਜਪਾ ਦੇ ਕਹਿਣ 'ਤੇ ਲੋਕਾਂ ਵਲੋਂ ਚੁਣੀ ਸਰਕਾਰ ਨੂੰ ਪਿੱਛੇ ਪਾ ਰਹੇ ਹਨ।

# ਆਕਾਸ਼ ਉੱਤੇ ਮੁੜ ਮਿਹਰਬਾਨ ਹੋਈ ਮਾਇਆਵਤੀ



**ਨਵੀਂ ਦਿੱਲੀ:**ਪਾਰਟੀ ਮੁਖੀ ਮਾਇਆਵਤੀ ਜੋ ਕਿ ਚੋਣ ਪ੍ਰੀਖਿਆ ਦੇ ਔਖੇ ਦੌਰ 'ਚੋਂ ਲੰਘਣ ਤੋਂ ਬਾਅਦ ਬਸਪਾ ਦੀ ਰਾਜਨੀਤੀ ਨੂੰ ਵਾਪਸ ਪਟੜੀ 'ਤੇ ਲਿਆਉਣ ਲਈ ਕੁਝ ਸਮੇਂ ਤੋਂ ਸਰਗਰਮ ਹੈ, ਨੇ ਫਿਰ ਆਪਣੇ ਭਤੀਜੇ ਆਕਾਸ਼ ਆਨੰਦ ਦੀ ਪਾਰਟੀ ਰਾਜਨੀਤਿਕ ਤੌਰ 'ਤੇ ਵੱਡੀ ਵਾਪਸੀ ਕੀਤੀ ਹੈ। ਐਤਵਾਰ ਨੂੰ ਦਿੱਲੀ 'ਚ ਹੋਈ ਬਸਪਾ ਦੀ ਰਾਸ਼ਟਰੀ ਮੀਟਿੰਗ 'ਚ ਮਾਇਆਵਤੀ ਨੇ ਆਕਾਸ਼ ਨੂੰ ਦੁਬਾਰਾ ਪਾਰਟੀ ਦਾ ਮੁੱਖ ਰਾਸ਼ਟਰੀ ਕੋਆਰਡੀਨੇਟਰ ਨਿਯੁਕਤ ਕੀਤਾ ਤੇ ਉਨ੍ਹਾਂ ਨੂੰ ਪਾਰਟੀ 'ਚ ਨੰਬਰ ਦੋ ਦੀ ਭੂਮਿਕਾ ਦਿੱਤੀ ਅਤੇ ਭਵਿੱਖ 'ਚ ਉਨ੍ਹਾਂ ਨੂੰ ਆਪਣਾ ਰਾਜਨੀਤਿਕ ਉੱਤਰਾਧਿਕਾਰੀ ਬਣਾਉਣ ਦਾ ਸੰਦੇਸ਼ ਵੀ ਦਿੱਤਾ।

ਹਾਲਾਂਕਿ ਇਸ ਮੀਟਿੰਗ 'ਚ ਆਕਾਸ਼ ਨੂੰ ਸਪੱਸ਼ਟ ਤੌਰ 'ਤੇ ਸਲਾਹ ਦਿੱਤੀ ਗਈ ਸੀ ਕਿ ਇਸ ਦੇ ਲਈ ਉਸ ਨੂੰ ਪਾਰਟੀ ਮੁਖੀ ਦੀ ਲਾਈਨ ਦੀ ਪਾਲਣਾ ਕਰਨੀ ਪਵੇਗੀ ਤੇ ਇਸ ਵਾਰ ਉਹ ਆਪਣੇ ਸਹੁਰਿਆਂ ਦੇ ਪ੍ਰਭਾਵ 'ਚ ਆਉਣ ਦੀ ਗਲਤੀ ਨਹੀਂ ਦੁਹਰਾਉਣਗੇ। ਮਾਇਆਵਤੀ ਦੀ ਪ੍ਰਧਾਨਗੀ ਹੇਠ ਹੋਈ ਬਸਪਾ ਰਾਸ਼ਟਰੀ ਮੀਟਿੰਗ ਤੋਂ ਬਾਅਦ ਜਾਰੀ ਅਧਿਕਾਰਤ ਬਿਆਨ 'ਚ ਪਾਰਟੀ ਸੁਪਰੀਮੋ ਵੱਲੋਂ ਆਕਾਸ਼ ਆਨੰਦ ਨੂੰ ਮੁੱਖ ਰਾਸ਼ਟਰੀ ਕੋਆਰਡੀਨੇਟਰ ਵਜੋਂ ਦੁਬਾਰਾ ਨਿਯੁਕਤ ਕਰਨ ਦੇ ਫੈਸਲੇ ਦਾ ਐਲਾਨ ਕੀਤਾ ਗਿਆ। ਦੱਸਿਆ ਗਿਆ ਕਿ ਦੇਸ਼ ਭਰ ਦੇ ਪਾਰਟੀ ਲੋਕਾਂ ਦੀ ਸਹਿਮਤੀ ਨਾਲ ਇਹ ਜ਼ਿੰਮੇਵਾਰੀ ਆਕਾਸ਼ ਆਨੰਦ ਨੂੰ ਸੌਂਪੀ ਗਈ ਸੀ ਤੇ ਉਨ੍ਹਾਂ ਨੂੰ ਪਾਰਟੀਦੇ ਭਵਿੱਖ ਦੇ ਪ੍ਰੋਗਰਾਮ ਸੌਂਪੇ ਗਏ ਸਨ। ਉਮੀਦ ਹੈ ਕਿ ਇਸ ਵਾਰ ਆਕਾਸ਼ ਪਾਰਟੀ ਤੇ ਲਹਿਰ ਦੇ ਹਿੱਤ 'ਚ ਹਰ ਸਾਵਧਾਨੀ ਵਰਤ ਕੇ ਪਾਰਟੀ ਨੂੰ ਮਜ਼ਬੂਤ ਕਰਨ 'ਚ ਆਪਣਾ ਸ਼ਲਾਘਾਯੋਗ ਯੋਗਦਾਨ ਪਾਉਣਗੇ।

ਬਸਪਾ ਦੇ ਐਲਾਨ ਤੋਂ ਇਹ ਸਪੱਸ਼ਟ ਹੈ ਕਿਅਗਲੀਆਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਪ੍ਰਚਾਰ ਦੇ ਨਾਲ-ਨਾਲ, ਆਕਾਸ਼ ਉੱਤਰ ਪ੍ਰਦੇਸ਼ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ 'ਚ ਵੀ ਸਰਗਰਮ ਰਹਿਣਗੇ। ਉਸੇ ਮੀਟਿੰਗ 'ਚ ਮਾਇਆਵਤੀ ਨੇ ਫ਼ੈਸਲਾ ਕੀਤਾ ਕਿ ਬਸਪਾ ਪੂਰੀ ਤਿਆਰੀ ਨਾਲ ਬਿਹਾਰ 'ਚ ਇਕੱਲਿਆਂ ਚੋਣਾਂ ਲੜੇਗੀ। ਜ਼ਿਕਰਯੋਗ ਹੈ ਕਿ ਪਿਛਲੇ ਫਰਵਰੀ 'ਚ ਮਾਇਆਵਤੀ ਨੇ ਆਕਾਸ਼ ਨੂੰ ਆਪਣੇ ਸਹੁਰੇ ਤੇ ਸਹੁਰਿਆਂ ਦੇ ਪ੍ਰਭਾਵ ਹੇਠ ਕੰਮ ਕਰਨ ਕਾਰਨ ਬਸਪਾ ਤੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ ਅਪ੍ਰੈਲ 'ਚ ਆਕਾਸ਼ ਨੇ ਆਪਣੀ ਮਾਸੀ ਤੋਂ ਜਨਤਕ ਤੌਰ 'ਤੇ ਮੁਆਫੀ ਮੰਗੀ ਤੇ ਮਾਇਆਵਤੀ ਨੇ ਉਸ ਨੂੰ ਮਾਫ਼ ਕਰ ਦਿੱਤਾ ਤੇ ਉਸ ਨੂੰ ਪਾਰਟੀ 'ਚ ਵਾਪਸ ਲੈ ਲਿਆ ਤੇ ਐਤਵਾਰ ਨੂੰ ਫਿਰ ਉਸ ਨੂੰ ਮੁੱਖ ਰਾਸ਼ਟਰੀ ਕੋਆਰਡੀਨੇਟਰ ਬਣਾਇਆ ਤੇ ਉਸ ਨੂੰ ਆਪਣੀ ਰਾਜਨੀਤਿਕ ਵਿਰਾਸਤ ਨੂੰ ਅੱਗੇ ਵਧਾਉਣ ਦੀ ਭੂਮਿਕਾ ਦਿੱਤੀ।

ਮਾਇਆਵਤੀ ਨੇ ਇਹ ਵੀ ਕਿਹਾ ਕਿ ਪਾਰਟੀ ਦੀ ਵਰਦੀਧਾਰੀ ਬਹੁਜਨ ਵਲੰਟੀਅਰ ਫੋਰਸ ਨੂੰ ਦੇਸ਼ 'ਚ ਪਾਰਟੀ ਦੇ ਪ੍ਰੋਗਰਾਮਾਂ 'ਚ ਵਿਵਸਥਾ ਤੇ ਅਨੁਸ਼ਾਸਨ ਬਣਾਈ ਰੱਖਣ ਲਈ ਪਹਿਲਾਂ ਵਾਂਗ ਵਰਤਿਆ ਜਾਣਾ ਚਾਹੀਦਾ ਹੈ।

# ਪਾਕਿਸਤਾਨ ਮੇਰੇ ਲਈ ਨਰਕ ਤੋਂ ਵੀ ਬਦਤਰ: ਜਾਵੇਦ ਅਖ਼ਤਰ



**ਨਵੀਂ ਦਿੱਲੀ:**ਪ੍ਰਸਿੱਧ ਗੀਤਕਾਰ ਅਤੇ ਪਟਕਥਾ ਲੇਖਕ ਜਾਵੇਦ ਅਖ਼ਤਰ ਨੇ ਕਿਹਾ ਹੈ ਕਿ ਜੇਕਰ ਕਦੇ ਅਜਿਹਾ ਸਮਾਂ ਆਇਆ ਜਦੋਂ ਉਨ੍ਹਾਂ ਨੂੰ ਪਾਕਿਸਤਾਨ ਤੇ ਨਰਕ 'ਚੋਂ ਕਿਸੇ ਇਕ ਨੂੰ ਚੁਣਨਾ ਪਵੇ, ਤਾਂ ਉਹ ਨਰਕ ਨੂੰ ਚੁਣਨਗੇ। ਇਹ ਗੱਲਾਂ ਉਨ੍ਹਾਂ ਸ਼ਨਿੱਚਰਵਾਰ ਰਾਤ ਮੁੰਬਈ 'ਚ ਸ਼ਿਵਸੈਨਾ (ਯੂਬੀਟੀ) ਦੇ ਆਂਗੂ ਸੰਜੈ ਰਾਉਤ ਦੀ ਪੁਸਤਕ ਦੇ ਜਾਰੀ ਹੋਣ ਮੌਕੇ ਕਹੀਆਂ। ਇਸ ਪ੍ਰੋਗਰਾਮ 'ਚ ਜਾਵੇਦ ਅਖ਼ਤਰ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇ ਕੱਟੜਪੰਥੀ ਵਾਰ-ਵਾਰ ਉਨ੍ਹਾਂ ਨੂੰ ਗਾਲਾਂ ਕੱਢਦੇ ਹਨ। ਅਖ਼ਤਰ ਨੇ ਕਿਹਾ, 'ਕਿਸੇ ਦਿਨ ਮੈਂ ਤੁਹਾਨੂੰ ਆਪਣੇ ਐਕਸ ਦਾ ਖਾਤਾ ਅਤੇ ਵਟਸਐਪ ਦਿਖਾਵਾਂਗਾ। ਦੋਹਾਂ ਪਾਸਿਆਂ ਤੋਂ ਮੈਨੂੰ ਗਾਲਾਂ ਪੈਂਦੀਆਂ ਹਨ। ਮੈਂ ਗ਼ੱਦਾਰ ਨਹੀਂ ਹਾਂ, ਇਸ ਲਈ ਮੈਂ ਕਹਾਂਗਾ ਕਿ ਅਜਿਹੇ ਲੋਕ ਵੀ ਹਨ ਜੋ ਮੇਰੀ ਗੱਲਾਂ ਦੀ ਸ਼ਲਾਘਾ ਕਰਦੇ ਹਨ, ਮੈਨੂੰ ਉਤਸ਼ਾਹਿਤ ਕਰਦੇ ਹਨ ਪਰ ਇਹ ਸੱਚ ਹੈ ਕਿ ਇਥੇ ਅਤੇ ਉਥੇ ਦੋਹਾਂ ਥਾਵਾਂ ਦੇ ਕੱਟੜਪੰਥੀ ਮੈਨੂੰ ਗਾਲਾਂ ਕੱਢਦੇ ਹਨ।'

# ਟਰੰਪ ਦੀ 'ਜ਼ੀਰੋ-ਟੈਰਿਫ' ਟਿੱਪਣੀ 'ਤੇ ਪ੍ਰਧਾਨ ਮੰਤਰੀ ਕਿਉਂ ਚੁੱਪ: ਕਾਂਗਰਸ

**ਨਵੀਂ ਦਿੱਲੀ:**ਕਾਂਗਰਸ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟਿੱਪਣੀਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ 'ਤੇ ਸਵਾਲ ਉਠਾਏ, ਜਿੱਥੇ ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਕਈ ਅਮਰੀਕੀ ਸਮਾਨਾਂ 'ਤੇ ਜ਼ੀਰੋ ਟੈਰਿਫ ਲਈ ਸਹਿਮਤ ਹੋ ਗਿਆ ਹੈ। ਜੈਰਾਮ ਰਮੇਸ਼ ਨੇ ਐਕਸ 'ਤੇ ਇਕ ਪੋਸਟ 'ਚ ਸਵਾਲ ਕੀਤਾ ਕਿ ਉਹ ਕਿਸ ਗੱਲ 'ਤੇ ਸਹਿਮਤ ਹੋਏ ਹਨ ਤੇ ਇਸ ਅਤੇ ਆਪ੍ਰੇਸ਼ਨ ਸੰਧੂਰ ਨੂੰ ਰੋਕਣ ਵਿਚਕਾਰ ਕੀ ਸੰਬੰਧ ਹੈ?

# ਸਤਾਰਾਂ ਸੰਸਦ ਮੈਂਬਰਾਂ ਨੂੰ ਮਿਲੇਗਾ ਸੰਸਦ ਰਤਨ ਪੁਰਸਕਾਰ

**ਨਵੀਂ ਦਿੱਲੀ:**ਭਰਤਰੁਹਰੀ ਮਹਿਤਾਬ ਤੇ ਰਵੀ ਕਿਸ਼ਨ ਸਮੇਤ 17 ਸੰਸਦ ਮੈਂਬਰਾਂ ਤੇ ਦੋ ਸੰਸਦੀ ਸਥਾਈ ਕਮੇਟੀਆਂ ਨੂੰ ਸੰਸਦ ਰਤਨ ਪੁਰਸਕਾਰ 2025 ਲਈ ਚੁਣਿਆ ਗਿਆ ਹੈ। ਇਹ ਪੁਰਸਕਾਰ ਪ੍ਰਾਈਮ ਪੁਆਇੰਟ ਫਾਊਂਡੇਸ਼ਨ ਦੁਆਰਾ ਸ਼ੁਰੂ ਕੀਤੇ ਗਏ ਸਨ। ਇਹ ਪੁਰਸਕਾਰ ਸੰਸਦ ਮੈਂਬਰਾਂ ਨੂੰ ਸੰਸਦ 'ਚ ਉਨ੍ਹਾਂ ਦੇ ਯੋਗਦਾਨ ਲਈ ਦਿੱਤੇ ਜਾਂਦੇ ਹਨ। ਪੁਰਸਕਾਰ ਜੇਤੂਆਂ ਦੀ ਚੋਣ ਰਾਸ਼ਟਰੀ ਪਛੜੀਆਂ ਸ਼੍ਰੇਣੀਆਂ ਕਮਿਸ਼ਨ (ਐਨਸੀਬੀਸੀ) ਦੇ ਚੇਅਰਮੈਨ ਹੰਸਰਾਜ ਅਹੀਰ ਦੀ ਅਗਵਾਈ ਵਾਲੀ ਜਿਊਰੀ ਕਮੇਟੀ ਦੁਆਰਾ ਕੀਤੀ ਗਈ ਸੀ। ਮਹਿਤਾਬ, ਸੁਪ੍ਰਿਆ ਸੁਲੇ (ਐੱਨਸੀਪੀ ਸ਼ਰਦਚੰਦਰ ਪਵਾਰ), ਐੱਨਕੇ ਪ੍ਰੇਮਚੰਦਰਨ (ਰਿਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ) ਤੇ ਸ੍ਰੀਰੰਗ ਅੱਪਾ ਬਾਰਨੇ ਨੂੰ ਸੰਸਦੀ ਲੋਕਤੰਤਰ 'ਚ ਸ਼ਾਨਦਾਰ ਯੋਗਦਾਨ ਲਈ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ।




ਫਾਊਂਡੇਸ਼ਨ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਚਾਰੇ ਸੰਸਦ ਮੈਂਬਰ 15ਵੀਂ ਅਤੇ 17ਵੀਂ ਲੋਕ ਸਭਾ ਦੌਰਾਨ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਸੰਸਦ ਮੈਂਬਰ ਸਨ। ਉਹ ਆਪਣੇ ਮੌਜੂਦਾ ਕਾਰਜਕਾਲ 'ਚ ਵੀ ਇਹੀ ਕਰ ਰਹੇ ਹਨ। ਹੋਰ ਪੁਰਸਕਾਰ ਜੇਤੂਆਂ 'ਚ ਸਮਿਤਾ ਵਾਘ (ਭਾਜਪਾ), ਅਰਵਿੰਦ ਸਾਵੰਤ (ਯੂਥੀਟੀ), ਨਰੇਸ਼ ਗਣਪਤ ਮਹਸਕੇ (ਸ਼ਿਵ ਸੈਨਾ), ਵਰਸ਼ਾ ਗਾਇਕਵਾੜ (ਕਾਂਗਰਸ), ਮੇਧਾ ਕੁਲਕਰਨੀ (ਭਾਜਪਾ), ਪ੍ਰਵੀਨ ਪਟੇਲ (ਭਾਜਪਾ),ਰਵੀ ਕਿਸ਼ਨ (ਭਾਜਪਾ), ਨਿਸ਼ੀਕਾਂਤ ਦੂਬੇ (ਭਾਜਪਾ), ਮਹਾਜਨ ਪੀਪੀਪੀ (ਭਾਜਪਾ), ਬਾਰੂਜੇਪੀਪੀ (ਭਾਜਪਾ) ਮਦਨ ਰਾਠੌਰ (ਭਾਜਪਾ) ਸੀਐੱਨ ਅੰਨਾਦੁਰਾਈ (ਦ੍ਰਵਿੜ ਮੁਨੇਤਰ ਕੜਗਮ) ਤੇ ਦਿਲੀਪ ਸੈਕੀਆ (ਭਾਜਪਾ)। ਦੋ ਵਿਭਾਗ ਨਾਲ ਸਬੰਧਤ ਸਥਾਈ ਕਮੇਟੀਆਂ-ਵਿੱਤ ਤੇ ਖੇਤੀਬਾੜੀ-ਨੂੰ ਵੀ ਸੰਸਦ 'ਚ ਪੇਸ਼ ਕੀਤੀਆਂ ਗਈਆਂ ਉਨ੍ਹਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਪੁਰਸਕਾਰ ਲਈ ਚੁਣਿਆ ਗਿਆ ਹੈ। ਵਿੱਤ ਬਾਰੇ ਸਥਾਈ ਕਮੇਟੀ ਸੰਸਦ ਦੀ ਸਥਾਈ ਕਮੇਟੀ ਹੈ ਜਿਸ ਦੀ ਅਗਵਾਈ ਮਹਿਤਾਬ ਕਰਦੇ ਹਨ ਜਦੋਂ ਕਿ ਖੇਤੀਬਾੜੀ ਬਾਰੇ ਸਥਾਈ ਕਮੇਟੀ ਦੀ ਅਗਵਾਈ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਕਰਦੇ ਹਨ।

# ਚਰਨਜੀਤ ਚੰਨੀ ਨੂੰ ਮਿਲੇਗਾ ਸੰਸਦ ਰਤਨ ਪੁਰਸਕਾਰ

**ਜਲੰਧਰ:**ਜਲੰਧਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਬੀਤੇ 16 ਸਾਲਾਂ 'ਚ ਪਹਿਲੀ ਵਾਰ ਕਿਸੇ ਪੰਜਾਬੀ ਨੂੰ ਇਹ ਪੁਰਸਕਾਰ ਮਿਲ ਰਿਹਾ ਹੈ। ਮਰਹੂਮ ਰਾਸ਼ਟਰਪਤੀ ਡਾ. ਏਪੀਜੇ ਅਬਦੁਲ ਕਲਾਮ ਦੀ ਅਗਵਾਈ 'ਚ ਸੰਨ 2010 'ਚ ਪ੍ਰਾਈਮ ਪੁਆਇੰਟ ਫਾਉਡੇਸ਼ਨ ਵੱਲੋਂ ਸ਼ੁਰੂ ਕੀਤੇ ਗਏ ਇਸ ਪੁਰਸਕਾਰ ਲਈ ਇਸ ਵਾਰ 17 ਸੰਸਦ ਮੈਂਬਰਾਂ ਤੇ ਦੋ ਲੋਕ ਸਭਾ ਦੀਆਂ ਸਥਾਈ ਕਮੇਟੀਆਂ ਦੇ ਚੇਅਰਮੈਨਾਂ ਨੂੰ ਚੁਣਿਆ ਗਿਆ ਹੈ। ਚੰਨੀ ਦੀ ਚੋਣ ਖੇਤੀਬਾੜੀ ਤੇ ਕਿਸਾਨ ਭਲਾਈ ਕਮੇਟੀ ਦੇ ਚੇਅਰਮੈਨ ਵਜੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਪੱਖੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਕੀਤੀ ਗਈ ਹੈ। ਇਹ ਐਵਾਰਡ 26 ਜੁਲਾਈ ਨੂੰ ਦਿੱਤਾ ਜਾਣਾ ਹੈ।



# ਲੁਧਿਆਣਾ ਦਾ ਸਿਵਲ ਸਰਜਨ ਰਿਸ਼ਵਤ ਲੈਣ ਦੇ ਦੋਸ਼ 'ਚ ਮੁਅੱਤਲ

**ਲੁਧਿਆਣਾ:** ਪੰਜਾਬ ਦੇ ਸਿਹਤ ਮੰਤਰੀ ਡਾ.ਬਲਬੀਰ ਸਿੰਘ ਨੇ ਲੁਧਿਆਣਾ ਦੇ ਜ਼ਿਲ੍ਹਾ ਸਰਕਾਰੀ ਹਸਪਤਾਲ ਦੇ ਇਕ ਸਰਜਨ ਨੂੰ ਰਿਸ਼ਵਤ ਲੈਣ ਦੇ ਦੋਸ਼ 'ਚ ਮੁਅੱਤਲ ਕਰ ਦਿੱਤਾ ਹੈ। ਦਿਲਚਸਪ ਪਹਿਲੂ ਇਹ ਹੈ ਕਿ ਹਸਪਤਾਲ ਦੇ ਐੱਸ.ਐੱਮ.ਓ. ਨੂੰ ਇਹ ਜਾਣਕਾਰੀ ਨਹੀਂ ਕਿ ਕਿਸ ਡਾਕਟਰ ਨੂੰ ਮੁਅੱਤਲ ਕੀਤਾ ਗਿਆ ਹੈ। ਉਧਰ ਸਿਹਤ ਮੰਤਰੀ ਨੇ ਮੁਅੱਤਲ ਡਾਕਟਰ ਦਾ ਨਾਂ ਜਨਤਕ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ।

ਸੂਤਰਾਂ ਮੁਤਾਬਕ ਮੁਅੱਤਲ ਕੀਤਾ ਗਿਆ ਸਰਜਨ ਆਯੁਸ਼ਮਾਨ ਯੋਜਨਾ ਤਹਿਤ ਇਲਾਜ ਕਰਵਾ ਰਹੇ ਮਰੀਜ਼ਾਂ ਤੋਂ 8-10 ਹਜ਼ਾਰ ਰੁਪਏ ਪ੍ਰਤੀ ਸਰਜਰੀ ਲੈ ਰਿਹਾ ਸੀ। ਇਸ ਸਬੰਧੀ ਕਈ ਮਰੀਜ਼ਾਂ ਤੇ ਸਰਜਰੀ ਵਾਰਡ ਦੇ ਦੋ ਮੁਲਾਜ਼ਮਾਂ ਨੇ ਮੈਨੇਜਮੈਂਟ ਨੂੰ ਜਾਣੂ ਕਰਵਾਇਆ ਸੀ। ਇਸ ਤੋਂ ਬਾਅਦ ਇਕ ਸਟਿੰਗ ਕੀਤਾ ਗਿਆ। ਸਰਜਨ ਦੀ ਰਿਸ਼ਵਤ ਲੈਂਦਿਆਂ ਦੀ ਵੀਡੀਓ ਬਣਾ ਕੇ ਸਿਹਤ ਮੰਤਰੀ ਨੂੰ ਭੇਜੀ ਗਈ। ਜਿਸ ਤੋਂ ਬਾਅਦ ਇਹ ਕਾਰਵਾਈ ਹੋਈ। ਐਤਵਾਰ ਨੂੰ ਕਿਸੇ ਪ੍ਰੋਗਰਾਮ 'ਚ ਸ਼ਾਮਲ ਹੋਣ ਪੀਏਯੂ ਪੁੱਜੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇਕ ਵੀਡੀਓ ਹੈ, ਜਿਸ 'ਚ ਸਿਵਲ ਹਸਪਤਾਲ ਦਾ ਡਾਕਟਰ ਮਰੀਜ਼ ਤੋਂ ਸਰਜਰੀ ਕਰਨ ਲਈ ਰਿਸ਼ਵਤ ਮੰਗ ਰਿਹਾ ਹੈ। ਡਾਕਟਰ ਨੂੰ ਫਿਲਹਾਲ ਮੁਅੱਤਲ ਕਰ ਦਿੱਤਾ ਗਿਆ ਹੈ।ਜਾਂਚ ਲਈ ਬੋਰਡ ਦਾ ਗਠਨ ਕਰ ਦਿੱਤਾ ਗਿਆ ਹੈ। ਜਾਂਚ ਪੂਰੀ ਹੋਣ 'ਤੇ ਡਾਕਟਰ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।



ਹਾਲਾਂਕਿ ਉਨ੍ਹਾਂ ਨੇ ਡਾਕਟਰ ਦਾ ਨਾਂ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਡਾਕਟਰ ਦੇ ਪਰਿਵਾਰ ਤੇ ਬੱਚਿਆਂ ਨੂੰ ਧਿਆਨ 'ਚ ਰੱਖਦੇ ਹੋਏ ਵੀਡੀਓ ਤੇ ਡਾਕਟਰ ਦਾ ਨਾਂ ਜਨਤਕ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਹੈ। ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਹੱਥ ਜੋੜ ਕੇ ਅਪੀਲ ਹੈ ਕਿ ਸਰਕਾਰ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦੇ ਰਹੀ ਹੈ। ਇਸ ਲਈ ਆਪਣੀ ਨੌਕਰੀ ਇਮਾਨਦਾਰੀ ਨਾਲ ਕਰੋ। ਜੋ ਵੀ ਡਾਕਟਰ ਮਰੀਜ਼ ਤੋਂ ਰਿਸ਼ਵਤ ਲਵੇਗਾ ਜਾਂ ਮਰੀਜ਼ ਨੂੰ ਪਰੇਸ਼ਾਨ ਕਰੇਗਾ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਿਹਾ ਹੈ ਜਾ ਰਿਹਾ ਹੈ ਕਿ ਜਿਵੇਂ ਹੀ ਡਾਕਟਰ ਨੂੰ ਮੁਅੱਤਲ ਕੀਤੇ ਜਾਣ ਦੀ ਜਾਣਕਾਰੀ ਮਿਲੀ ਉਹ ਪੀਏਯੂ 'ਚ ਸਿਹਤ ਮੰਤਰੀ ਨੂੰ ਮਿਲਣ ਪੁੱਜ ਗਿਆ। ਪਰ ਸਿਹਤ ਮੰਤਰੀ ਨੇ ਡਾਕਟਰ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਉਧਰ ਸਿਵਲ ਹਸਪਤਾਲ ਦੇ ਐੱਸਐੱਮਓ ਡਾ. ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਹਸਪਤਾਲ ਦੇ ਕਿਸ ਡਾਕਟਰ ਨੂੰ ਰਿਸ਼ਵਤ ਲੈਣ ਦੇ ਮਾਮਲੇ 'ਚ ਸਸਪੈਂਡ ਕੀਤਾ ਗਿਆ ਹੈ। ਹਾਲਾਂਕਿ ਇਹ ਹੈਰਾਨੀ ਦੀ ਗੱਲ ਹੈ ਕਿ ਹਸਪਤਾਲ ਦੇ ਇਕ ਸਰਜਨ ਨੂੰ ਸਸਪੈਂਡ ਕਰ ਦਿੱਤਾ ਗਿਆ ਪਰ ਇਸ ਦੀ ਜਾਣਕਾਰੀ ਐੱਸ.ਐੱਮ.ਓ. ਨੂੰ ਨਹੀਂ ਦਿੱਤੀ ਗਈ।

# ਲਸ਼ਕਰ ਅਤਿਵਾਦੀ ਸੈਫਉੱਲਾ ਮਾਰਿਆ ਗਿਆ

**ਨਵੀਂ ਦਿੱਲੀ:** 2006 'ਚ ਆਰ.ਐੱਸ.ਐੱਸ. ਦੇ ਹੈੱਡਕੁਆਰਟਰ 'ਤੇ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਰਜ਼ਾਉੱਲਾ ਨਿਜ਼ਾਮਨੀ ਖ਼ਾਲਿਦ ਉਰਫ ਅਬੂ ਸੈਫਉੱਲਾ ਖ਼ਾਲਿਦ ਦੀ ਪਾਕਿਸਤਾਨ ਦੇ ਸਿੰਧ ਸੂਬੇ 'ਚ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਸੈਫਉੱਲਾ ਭਾਰਤ 'ਚ ਕਈ ਅੱਤਵਾਦੀ ਹਮਲਿਆਂ 'ਚ ਸ਼ਾਮਲ ਰਿਹਾ ਸੀ। ਉਹ ਐਤਵਾਰ ਦੁਪਹਿਰੇ ਸਿੰਧ ਦੇ ਮਤਲੀ 'ਚ ਆਪਣੇ ਘਰੋਂ ਨਿਕਲਿਆ ਸੀ ਤੇ ਇਕ ਚੌਰਾਹੇ ਨੇੜੇ ਹਮਲਾਵਰਾਂ ਨੇ ਉਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਗੋਲੀ ਲੱਗਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤ ਐਲਾਨ ਦਿੱਤਾ।



ਸੈਫਉੱਲਾ ਨੇਪਾਲ ਤੋਂ ਲਸ਼ਕਰ ਦੀਆਂ ਅੱਤਵਾਦੀ ਮੁਹਿੰਮਾਂ ਦੀ ਅਗਵਾਈ ਕਰਦਾ ਸੀ। ਉਸ ਨੂੰ ਵਿਨੋਦ ਕੁਮਾਰ ਤੇ ਮੁਹੰਮਦ ਸਲੀਮ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਉਸ ਨੇ ਨੇਪਾਲ ਦੀ ਇਕ ਲੜਕੀ ਨਗਮਾ ਬਾਨੋ ਨਾਲ ਵਿਆਹ ਕਰ ਲਿਆ ਸੀ। ਸਾਲ 2000 ਦੇ ਮੱਧ ਤੋਂ ਉਹ ਲਸ਼ਕਰ ਦੇ ਨੇਪਾਲ ਮਾਡਿਊਲ ਦਾ ਇੰਚਾਰਜ ਸੀ। ਉਹ ਅੱਤਵਾਦੀਆਂ ਦੀ ਭਰਤੀ, ਵਿੱਤੀ ਸਹਾਇਤਾ ਦੇਣ ਤੇ ਭਾਰਤ-ਨੇਪਾਲ ਸਰਹੱਦ 'ਤੇ ਲਸ਼ਕਰ ਦੇ ਅੱਤਵਾਦੀਆਂ ਦੀ ਆਵਾਜਾਈ ਨੂੰ ਸੁਵਿਧਾਜਨਕ ਬਣਾਉਣ ਦਾ ਕੰਮ ਕਰਦਾ ਸੀ। ਉਹ ਲਸ਼ਕਰ ਦੇ ਲਾਂਚਿੰਗ ਕਮਾਂਡਰਾਂ ਆਜ਼ਮ ਚੀਮਾ ਉਰਫ ਬਾਬਾਜੀ ਤੇ ਯਾਕੂਬ (ਲਸ਼ਕਰ ਦਾ ਮੁੱਖ ਅਕਾਊਂਟੈਂਟ) ਦੇ ਨਾਲ ਮਿਲ ਕੇ ਕੰਮ ਕਰ ਰਿਹਾ ਸੀ।

ਭਾਰਤੀ ਸੁਰੱਖਿਆ ਏਜੰਸੀਆਂ ਵੱਲੋਂ ਮਾਡਿਊਲ ਦਾ ਪਰਦਾਫਾਸ਼ ਕੀਤੇ ਜਾਣ ਤੋਂ ਬਾਅਦ ਸੈਫਉੱਲਾ ਆਪਣੀ ਪਤਨੀ ਨਾਲ ਨੇਪਾਲ ਛੱਡ ਕੇ ਪਾਕਿਸਤਾਨ ਭੱਜ ਗਿਆ ਸੀ। ਬਾਅਦ ਵਿਚ ਉਸ ਨੇ ਲਸ਼ਕਰ ਤੇ ਜਮਾਤ-ਉਦ-ਦਾਵਾ ਦੇ ਕਈ ਅੱਤਵਾਦੀਆਂ ਨਾਲ ਮਿਲ ਕੇ ਕੰਮ ਕੀਤਾ। ਇਨ੍ਹਾਂ 'ਚ ਜੰਮੂ-ਕਸ਼ਮੀਰ ਲਈ ਲਸ਼ਕਰ ਦੇ ਕਮਾਂਡਰ ਯੂਸੁਫ ਮੁਜ਼ਮਿਲ, ਮੁਜ਼ਮਿਲ ਇਕਬਾਲ ਹਾਸ਼ਮੀ ਤੇ ਮੁਹੰਮਦ ਯੂਸੁਫ ਤੈਬੀ ਸ਼ਾਮਲ ਸਨ। ਖ਼ਾਲਿਦ ਨੂੰ ਪਾਕਿਸਤਾਨ 'ਚ ਲਸ਼ਕਰ ਤੇ ਜਮਾਤ ਦੇ ਸਰਗਨਿਆਂ ਨੇ ਸਿੰਧ ਦੇ ਬਾਦਿਨ ਤੇ ਹੈਦਰਾਬਾਦ ਜ਼ਿਲ੍ਹਿਆਂ ਤੋਂ ਨਵੇਂ ਅੱਤਵਾਦੀਆਂ ਦੀ ਭਰਤੀ ਕਰਨ ਤੇ ਅੱਤਵਾਦੀ ਸੰਗਠਨ ਲਈ ਪੈਸਾ ਇਕੱਠਾ ਕਰਨ ਦਾ ਕੰਮ ਸੌਂਪਿਆ ਸੀ। ਰਿਪੋਰਟਾਂ 'ਚ ਸੈਫਉੱਲਾ ਦੀ ਹੱਤਿਆ ਨੂੰ ਨਿੱਜੀ ਦੁਸ਼ਮਣੀ ਦਾ ਮਾਮਲਾ ਵੀ ਦੱਸਿਆ ਜਾ ਰਿਹਾ ਹੈ।

## ਭਾਰਤ 'ਚ ਇਨ੍ਹਾਂ ਵਾਰਦਾਤਾਂ 'ਚ ਰਿਹਾ ਸ਼ਾਮਲ

ਸੈਫਉੱਲਾ 2005 'ਚ ਬੈਂਗਲੁਰੂ ਸਥਿਤ ਭਾਰਤੀ ਵਿਗਿਆਨ ਸੰਸਥਾਨ 'ਤੇ ਹੋਏ ਅੱਤਵਾਦੀ ਹਮਲੇ 'ਚ ਵੀ ਸ਼ਾਮਲ ਸੀ ਜਿਸ ਵਿਚ ਆਈਆਈਟੀ ਦੇ ਪ੍ਰੋਫੈਸਰ ਮੁਨੀਸ਼ਚੰਦਰ ਪੁਰੀ ਦੀ ਮੌਤ ਹੋ ਗਈ ਸੀ ਤੇ ਚਾਰ ਹੋਰ ਜ਼ਖ਼ਮੀ ਹੋਏ ਸਨ। ਅੱਤਵਾਦੀ ਘਟਨਾ ਵਾਲੀ ਥਾਂ ਤੋਂ ਭੱਜ ਗਏ ਸਨ। ਪੁਲਿਸ ਨੇ ਮਾਮਲੇ ਦੀ ਜਾਂਚ ਕੀਤੀ ਤੇ ਅਬੂ ਅਨਸ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ। ਅਨਸ ਹਾਲੇ ਵੀ ਫ਼ਰਾਰ ਹੈ। ਲਸ਼ਕਰ ਦੇ ਅੱਤਵਾਦੀ ਅਬੂ ਅਨਸ ਦੇ ਨਜ਼ਦੀਕੀ ਸਹਿਯੋਗੀ ਸੈਫਉੱਲਾ ਨੇ 2006 'ਚ ਨਾਗਪੁਰ ਸਥਿਤ ਆਰਐੱਸਐੱਸ ਹੈੱਡਕੁਆਰਟਰ 'ਤੇ ਹਮਲੇ ਦੀ ਸਾਜ਼ਿਸ਼ ਰਚੀ ਸੀ। ਹਾਲਾਂਕਿ ਹਮਲਾ ਕਰਨ ਤੋਂ ਪਹਿਲਾਂ ਹੀ ਤਿੰਨੇ ਅੱਤਵਾਦੀ ਮਾਰੇ ਗਏ ਤੇ ਸਾਜ਼ਿਸ਼ ਨਾਕਾਮ ਰਹੀ। 2008 'ਚ ਉੱਤਰ ਪ੍ਰਦੇਸ਼ ਦੇ ਰਾਮਪੁਰ 'ਚ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ ਕੈਂਪ 'ਤੇ ਹੋਏ ਹਮਲੇ ਦਾ ਮਾਸਟਰਮਾਈਂਡ ਵੀ ਸੈਫਉੱਲਾ ਸੀ ਜਿਸ 'ਚ ਸੱਤ ਜਵਾਨ ਤੇ ਇਕ ਨਾਗਰਿਕ ਦੀ ਮੌਤ ਹੋ ਗਈ ਸੀ। ਹਮਲਾ ਕਰਨ ਵਾਲੇ ਦੋਵੇਂ ਅੱਤਵਾਦੀ ਹਨੇਰੇ ਦਾ ਫ਼ਾਇਦਾ ਚੁੱਕ ਕੇ ਭੱਜ ਗਏ ਸਨ।

# ਪਹਿਲਗਾਮ ਹਮਲੇ ਵੇਲੇ ਵੀ ਪਾਕਿਸਤਾਨੀ ਏਜੰਸੀ ਦੇ ਸੰਪਰਕ ਵਿਚ ਸੀ ਜੋਤੀ

**ਹਿਸਾਰ:** ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ 'ਚ ਫੜੀ ਗਈ ਯੂ-ਟਿਊਬਰ ਜੋਤੀ ਮਲਹੋਤਰਾ ਤੋਂ ਪੁੱਛਗਿੱਛ 'ਚ ਇਹ ਸਾਫ਼ ਹੋ ਗਿਆ ਹੈ ਕਿ ਪਹਿਲਗਾਮ ਹਮਲੇ ਤੇ ਆਪ੍ਰੇਸ਼ਨ ਸਿੰਧੂਰ ਦੌਰਾਨ ਉਹ ਪਾਕਿਸਤਾਨ ਦੇ ਖ਼ੁਫ਼ੀਆ ਅਧਿਕਾਰੀਆਂ ਦੇ ਸੰਪਰਕ 'ਚ ਸੀ। ਪਹਿਲਗਾਮ ਹਮਲੇ ਤੋਂ ਪਹਿਲਾਂ ਜਨਵਰੀ 'ਚ ਉਹ ਕਸ਼ਮੀਰ ਵੀ ਗਈ ਸੀ ਤੇ ਉੱਥੋਂ ਵੀਡੀਓ ਵੀ ਇੰਟਰਨੈੱਟ 'ਤੇ ਸ਼ੇਅਰ ਕੀਤੇ ਸੀ। ਏਨਾ ਹੀ ਨਹੀਂ, ਉਹ ਤਿੰਨ ਵਾਰ ਪਾਕਿਸਤਾਨ ਜਾ ਚੁੱਕੀ ਹੈ। ਉਹ ਚੀਨ ਵੀ ਗਈ ਸੀ। ਆਪਣੀਆਂ ਸਾਰੀਆਂ ਯਾਤਰਾਵਾਂ 'ਚ ਉਸ ਨੇ ਕੀ-ਕੀ ਜਾਣਕਾਰੀ ਕਿਸ ਕਿਸ ਨਾਲ ਸ਼ੇਅਰ ਕੀਤੀ, ਪੁਲਿਸ ਅਜੇ ਇਸ ਦੀ ਜਾਂਚ ਕਰ ਰਹੀ ਹੈ।



ਪਾਕਿਸਤਾਨ ਦੇ ਖ਼ੁਫ਼ੀਆ ਅਧਿਕਾਰੀਆਂ ਨੂੰ ਜੋਤੀ ਨੇ ਫ਼ੌਜ ਨਾਲ ਜੁੜੀਆਂ ਜਾਣਕਾਰੀਆਂ ਦਿੱਤੀਆਂ ਜਾਂ ਨਹੀਂ, ਇਸ ਬਾਰੇ ਪੁਲਿਸ ਨੇ ਜਾਂਚ ਦਾ ਘੇਰਾ ਵਧਾ ਦਿੱਤਾ ਹੈ। ਪੁਲਿਸ ਸੁਪਰਡੈਂਟ ਸ਼ਸ਼ਾਂਕ ਕੁਮਾਰ ਸਾਵਣ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ 'ਚ ਇਹ ਪਤਾ ਲੱਗਿਆ ਹੈ ਕਿ ਜੋਤੀ ਦੇ ਟ੍ਰੈਵਲ ਦੌਰਾਨ ਇਨਕਮ ਤੋਂ ਵੱਧ ਖ਼ਰਚੇ ਸਨ। ਉਸ ਕੋਲ ਇਹ ਪੈਸੇ ਕਿੱਥੋਂ ਆਏ, ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਸਾਈਬਰ ਸੈੱਲ ਤੇ ਇਕੋਨਾਮਿਕ ਸੈੱਲ ਜੋਤੀ ਦੇ ਬੈਂਕ ਖਾਤਿਆਂ ਦੀ ਡਿਟੇਲ ਖੰਘਾਲ ਰਹੇ ਹਨ, ਉਸ ਦੇ ਲੈਪਟਾਪ ਤੇ ਮੋਬਾਈਲ ਦੀ ਡਿਟੇਲ ਵੀ ਖੰਘਾਲੀ ਜਾ ਰਹੀ ਹੈ। ਤਿੰਨ ਦਿਨਾਂ 'ਚ ਲੈਪਟਾਪ ਤੇ ਮੋਬਾਈਲ ਦਾ ਸਾਰਾ ਡਾਟਾ ਚੈੱਕ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਜੋਤੀ ਤੋਂ ਪੁੱਛਗਿੱਛ ਦੌਰਾਨ ਪੁਲਿਸ ਨੂੰ ਕਈ ਹੋਰ ਨੰਬਰ ਮਿਲੇ ਹਨ ਤੇ ਜਿਹੜੇ ਸ਼ੱਕੀ ਹਨ।ਇਨ੍ਹਾਂ ਨੰਬਰਾਂ 'ਤੇ ਜੋਤੀ ਦੀ ਗੱਲਬਾਤ ਤੇ ਚੈਟ ਹੁੰਦੀ ਸੀ। ਉਸ ਨੂੰ ਵੀ ਜਾਂਚ 'ਚ ਸ਼ਾਮਿਲ ਕੀਤਾ ਜਾ ਰਿਹਾ ਹੈ। ਪੁਲਿਸ ਜੋਤੀ ਨੂੰ ਦਿੱਲੀ ਵੀ ਲੈ ਕੇ ਜਾ ਸਕਦੀ ਹੈ। ਤਿੰਨ ਵਾਰ ਪਾਕਿਸਤਾਨ ਜਾ ਚੁੱਕੀ ਜੋਤੀ ਨੇ ਚੌਥੀ ਵਾਰ ਉੱਥੇ ਜਾਣ ਲਈ ਪਾਕਿ ਹਾਈ ਕਮਿਸ਼ਨ 'ਚ ਵੀਜ਼ਾ ਅਪਲਾਈ ਕੀਤਾ ਸੀ, ਪਰ ਵੀਜ਼ਾ ਨਹੀਂ ਲੱਗਿਆ। ਵੀਜ਼ਾ ਲਗਵਾਉਣ ਲਈ ਉਹ ਛੇ ਮਾਰਚ ਨੂੰ ਦਿੱਲੀ ਗਈ ਸੀ। ਪੁਲਿਸ ਜੋਤੀ ਦੇ ਸਾਰੇ ਦਸਤਾਵੇਜ਼ਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਨਿਊ ਅਗਰਸੇਨ ਕਾਲੋਨੀ ਵਾਸੀ ਜੋਤੀ ਮਲਹੋਤਰਾ ਤੋਂ ਪੁੱਛਗਿੱਛ ਲਈ ਪੁਲਿਸ ਸ਼ੱਕ ਦੇ ਆਧਾਰ 'ਤੇ ਵੀਰਵਾਰ ਰਾਤ ਉਸ ਦੇ ਘਰ ਪੁੱਜੀ, ਸ਼ੁੱਕਰਵਾਰ ਨੂੰ ਉਸ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਤੇ ਸ਼ਨਿੱਚਰਵਾਰ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸਾਲ ਪਹਿਲਾਂ ਜੋਤੀ ਮਲਹੋਤਰਾ ਕਰਤਾਰਪੁਰ ਕਾਰੀਡੋਰ ਦੇ ਟੂਰ 'ਤੇ ਗਈ. ਸੀ ਤੇ ਉੱਥੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਨੂੰ ਵੀ ਮਿਲੀ ਸੀ। ਮਰੀਅਮ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਧੀ ਹੈ। ਜੋਤੀ ਨੇ ਮਰੀਅਮ ਨਾਲ ਗੱਲਬਾਤ ਵੀ ਕੀਤੀ ਸੀ। ਜੋਤੀ ਉੱਥੋਂ ਪਾਕਿਸਤਾਨ ਦੇ ਯੂ-ਟਿਊਬਰ ਨੂੰ ਮਿਲੀ ਸੀ ਤੇ ਉਸ ਨੂੰ ਭਾਰਤ ਆਉਣ ਦਾ ਸੱਦਾ ਵੀ ਦਿੱਤਾ ਸੀ।

## ਐੱਨ.ਆਈ.ਏ. ਨੇ ਵੀ ਕੀਤੀ ਦੇਵੇਂਦਰ ਤੋਂ ਪੁੱਛਗਿੱਛ

ਪਾਕਿਸਤਾਨੀ ਇੰਟੈਲੀਜੈਂਸ ਨੂੰ ਭਾਰਤੀ ਫ਼ੌਜ ਦੀ ਜਾਣਕਾਰੀ ਦੇਣ ਦੇ ਦੋਸ਼ 'ਚ ਗ੍ਰਿਫ਼ਤਾਰ ਮਸਤਗੜ੍ਹ ਵਾਸੀ ਦਵਿੰਦਰ ਸਿੰਘ ਤੋਂ ਐਤਵਾਰ ਨੂੰ ਐੱਨਆਈਏ ਦੀ ਟੀਮ ਨੇ ਸਾਈਬਰ ਕ੍ਰਾਈਮ ਥਾਣੇ 'ਚ ਕਰੀਬ ਦੋ ਘੰਟੇ ਬੰਦ ਕਮਰੇ 'ਚ ਪੁੱਛਗਿੱਛ ਕੀਤੀ। ਸੂਤਰਾਂ ਮੁਤਾਬਕ ਐੱਨਆਈਏ ਤੋਂ ਪਹਿਲਾਂ ਮਿਲਟਰੀ ਇੰਟੈਲੀਜੈਂਸ ਦੇ ਚਾਰ ਮੁਲਾਜ਼ਮ ਵੀ ਦਵਿੰਦਰ ਤੋਂ ਪੁੱਛਗਿੱਛ ਲਈ ਆਏ ਸਨ। ਦਵਿੰਦਰ ਦਾ ਤਿੰਨ ਦਿਨ ਦਾ ਰਿਮਾਂਡ ਖ਼ਤਮ ਹੋਣ 'ਤੇ ਉਸ ਨੂੰ ਸੋਮਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਉਧਰ, ਮੁਰਾਦਾਬਾਦ ਤੋਂ ਵੀ ਆਈਐੱਸਆਈ ਲਈ ਜਾਸੂਸੀ ਕਰਨ ਦੇ ਦੋਸ਼ 'ਚ ਸ਼ਹਿਜ਼ਾਦ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਕੱਪੜੇ ਤੇ ਮਸਾਲਿਆਂ ਦੇ ਕਾਰੋਬਾਰੀ ਦੀ ਆੜ 'ਚ ਪਾਕਿਸਤਾਨ ਦੇ ਅਧਿਕਾਰੀਆਂ ਨੂੰ ਖ਼ੁਫ਼ੀਆ ਜਾਣਕਾਰੀ ਦਿੰਦਾ ਸੀ।

# ਭਾਰਤ-ਪਾਕਿ ਜੰਗਬੰਦੀ ਦੀ ਕੋਈ ਸਮਾਂ-ਸੀਮਾ ਨਹੀਂ: ਫ਼ੌਜ

**ਨਵੀਂ ਦਿੱਲੀ:** ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਫ਼ੌਜੀ ਟਕਰਾਅ ਤੋਂ ਬਚਣ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ 10 ਮਈ ਨੂੰ ਬਣੀ ਜੰਗਬੰਦੀ ਦੀ ਸਹਿਮਤੀ ਹਾਲੇ ਕਾਇਮ ਰਹੇਗੀ। ਭਾਰਤੀ ਫ਼ੌਜ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਡੀਜੀਐੱਮਓ ਵਿਚਾਲੇ ਐਤਵਾਰ ਨੂੰ ਕੋਈ ਗੱਲਬਾਤ ਤਜਵੀਜ਼ਸ਼ੁਦਾ ਨਹੀਂ ਸੀ ਪਰ ਇਸ ਜੰਗਬੰਦੀ ਨੂੰ ਕਿਸੇ ਤੈਅ ਸਮਾਂ ਹੱਦ 'ਚ ਨਹੀਂ ਬੰਨ੍ਹਿਆ ਗਿਆ। ਇਸ ਦੀ ਕੋਈ ਸਮਾਪਤੀ ਤਰੀਕ ਨਹੀਂ ਹੈ। ਜੰਗਬੰਦੀ ਜਾਰੀ ਰਹਿਣ ਦੇ ਐਲਾਨ ਤੋਂ ਸਪੱਸ਼ਟ ਹੈ ਕਿ ਭਾਰਤ ਫ਼ੌਜੀ ਟਕਰਾਅ ਨੂੰ ਸਥਾਈ ਤੌਰ 'ਤੇ ਰੋਕਣ ਦੀ ਦਿਸ਼ਾ 'ਚ ਅੱਗੇ ਵਧਣ ਲਈ ਕੰਟਰੋਲ ਲਾਈਨ ਤੇ ਕੌਮਾਂਤਰੀ ਸਰਹੱਦ 'ਤੇ ਵਿਸ਼ਵਾਸ ਬਹਾਲੀ ਦੇ ਬਦਲਾਂ 'ਤੇ ਗੰਭੀਰਤਾ ਨਾਲ ਕਦਮ ਚੁੱਕਣਾ ਚਾਹੁੰਦਾ ਹੈ।

ਐੱਲਓਸੀ ਤੇ ਕੌਮਾਂਤਰੀ ਸਰਹੱਦ 'ਤੇ ਇਕ ਵੀ ਗੋਲੀ ਨਾ ਚਲਾਉਣ ਨੂੰ ਜੰਗਬੰਦੀ ਜਾਰੀ ਰਹਿਣ ਦੀ ਲਾਜ਼ਮੀ ਸ਼ਰਤ ਬਣਾਇਆ ਗਿਆ ਹੈ। ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ-ਪਾਕਿ ਦੇ ਡੀਜੀਐੱਮਓ ਵਿਚਾਲੇ 12 ਮਈ ਨੂੰ ਹੋਈ ਦੂਜੀ ਗੱਲਬਾਤ 'ਚ ਸਰਹੱਦ ਦੇ ਅਗਲੇ ਮੋਰਚਿਆਂ ਤੋਂ ਫ਼ੌਜੀਆਂ ਦੀ ਗਿਣਤੀ ਘਟਾਉਣ ਦੇ ਨਾਲ-ਨਾਲ ਜੰਗਬੰਦੀ ਜਾਰੀ ਰੱਖਣ ਲਈ ਦੋਵਾਂ ਪਾਸਿਓਂ ਇਕ ਵੀ ਗੋਲੀ ਨਾ ਚਲਾਉਣ ਦੀ ਗੱਲ ਕੀਤੀ ਗਈ ਸੀ।




ਭਾਰਤੀ ਫ਼ੌਜ ਦੇ ਡੀ ਜੀ ਐੱਮ ਓ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਨੂੰ ਸਪੱਸ਼ਟ ਤੌਰ 'ਤੇ ਦੱਸ ਕਰ ਦਿੱਤਾ। ਸੀ ਕਿ ਜੇਕਰ ਉਧਰੋਂ ਇਕ ਵੀ ਗੋਲੀ ਚੱਲੀ ਤਾਂ ਜੰਗਬੰਦੀ ਜਾਰੀ ਰੱਖਣੀ ਮੁਸ਼ਕਲ ਹੋਵੇਗੀ।

ਇਸ ਸਖ਼ਤ ਚਿਤਾਵਨੀ ਦਾ ਹੀ ਅਸਰ ਹੈ ਕਿ 10 ਮਈ ਤੋਂ ਬਾਅਦ ਐੱਲਓਸੀ ਤੇ ਕੌਮਾਂਤਰੀ ਸਰਹੱਦ 'ਤੇ ਦੋਵਾਂ ਪਾਸਿਓਂ ਕੋਈ ਵੀ ਗੋਲੀਬਾਰੀ ਦੀ ਖ਼ਬਰ ਹੁਣ ਤੱਕ ਨਹੀਂ ਆਈ। ਫ਼ੌਜ ਦੇ ਸੂਤਰਾਂ ਵੱਲੋਂ ਵੀ ਪੁਸ਼ਟੀ ਕੀਤੀ ਗਈ ਹੈ ਕਿ ਜੰਗਬੰਦੀ ਲਾਗੂ ਹੋਣ ਤੋਂ ਬਾਅਦ ਸਰਹੱਦ 'ਤੇ ਕਿਸੇ ਵੀ ਤਰ੍ਹਾਂ ਦੀ ਫਾਇਰਿੰਗ ਨਹੀਂ ਹੋਈ। ਜੰਗਬੰਦੀ ਬਣਾਈ ਰੱਖਣ 'ਤੇ ਦੂਜੀ ਬੈਠਕ ਵਿਚ ਬਣੀ ਸਹਿਮਤੀ ਤੋਂ ਬਾਅਦ ਹੀ ਸੰਕੇਤ ਦਿੱਤੇ ਗਏ ਸਨ ਕਿ ਭਾਰਤ ਤੇ ਪਾਕਿਸਤਾਨ ਦੇ ਡੀਜੀਐੱਮਓ ਵਿਚਾਲੇ ਤਜਵੀਜ਼ਸ਼ੁਦਾ ਗੱਲਬਾਤ ਵਿਚ ਇਸ ਦੀ ਸਮੀਖਿਆ ਕੀਤੀ ਜਾਵੇਗੀ। ਇਸ ਗੱਲਬਾਤ ਨੂੰ ਲੈ ਕੇ ਮੀਡੀਆ ਵਿਚ ਵਧੀਆਂ ਸੁਰਖੀਆਂ ਨੂੰ ਦੇਖਦਿਆਂ ਐਤਵਾਰ ਨੂੰ ਫ਼ੌਜ ਵੱਲੋਂ ਕਿਹਾ ਗਿਆ ਕਿ ਭਾਰਤ-ਪਾਕਿ ਵਿਚਾਲੇ ਜੰਗਬੰਦੀ ਦੇ ਅੱਜ ਖ਼ਤਮ ਹੋਣ ਦੀ ਗੱਲ ਸਹੀ ਨਹੀਂ ਹੈ। ਦੋਵਾਂ ਦੇਸ਼ਾਂ ਦੇ ਡੀਜੀਐੱਮਓ ਵਿਚਾਲੇ ਅੱਜ ਕੋਈ ਗੱਲਬਾਤ ਤੈਅ ਨਹੀਂ ਹੈ। ਜਿੱਥੋਂ ਤੱਕ 12 ਮਈ ਨੂੰ ਡੀਜੀਐੱਮਓ ਦੀ ਗੱਲਬਾਤ 'ਚ ਤੈਅ ਕੀਤੇ ਗਏ ਜੰਗਬੰਦੀ ਦੇ ਜਾਰੀ ਰਹਿਣ ਦਾ ਸਵਾਲ ਹੈ ਤਾਂ ਇਸ ਦੀ ਕੋਈ ਸਮਾਪਤੀ ਤਰੀਕ ਨਹੀਂ ਹੈ। ਉਂਜ ਭਾਰਤ-ਪਾਕਿ ਦੇ ਡੀਜੀਐੱਮਓ ਵਿਚਾਲੇ ਹਰ ਮੰਗਲਵਾਰ ਨੂੰ ਹੌਟਲਾਈਨ 'ਤੇ ਗੱਲਬਾਤ ਕਰਨ ਦੀ ਸਥਾਪਿਤ ਵਿਵਸਥਾ ਹੈ ਤੇ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੇ ਮੁਤਾਬਕ ਜੰਗਬੰਦੀ ਨੂੰ ਅੱਗੇ ਵਧਾਉਣ ਲਈ ਅਗਲੇ ਦੌਰ ਦੀ ਗੱਲਬਾਤ ਹੋਵੇਗੀ।

# ਪਾਕਿ ਨੂੰ ਬੇਨਕਾਬ ਕਰਨ ਅਮਰੀਕਾ ਤੇ ਬਰਤਾਨੀਆ ਜਾਣਗੇ ਸ਼ਸ਼ੀ ਥਰੂਰ

**ਨਵੀਂ ਦਿੱਲੀ:** ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਹੁਣ ਪਾਕਿਸਤਾਨ ਦੇ ਅੱਤਵਾਦ ਪ੍ਰੇਮ ਨੂੰ ਦੁਨੀਆ ਤਰ ਵਿਚ ਬੇਨਕਾਬ ਕਰਨ ਲਈ ਇਕ ਵੱਡੀ ਡਿਪਲੋਮੇਸੀ ਸਟ੍ਰਾਈਕ ਦੀ ਤਿਆਰੀ ਵਿਚ ਹੈ। ਇਸ ਤਹਿਤ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮੈਂਬਰ ਦੇਸ਼ਾਂ ਸਣੇ ਲਗਪਗ 30 ਪ੍ਰਮੁੱਖ ਭਾਈਵਾਲ ਦੇਸ਼ਾਂ ਵਿਚ ਸੰਸਦੀ ਵਫ਼ਦ ਭੇਜੇਗਾ। ਭਾਰਤੀ ਦਲ 22-23 ਮਈ ਤੋਂ ਇਨ੍ਹਾਂ ਦੇਸ਼ਾਂ ਦੀ ਯਾਤਰਾ ਕਰ ਰਿਹਾ ਹੈ। ਇਹ ਦਲ ਇਨ੍ਹਾਂ ਦੇਸ਼ਾ ਵਿਚ ਜਾ ਕੇ ਨਾ ਸਿਰਫ਼ ਪਾਕਿਸਤਾਨ ਦੇ ਅੱਤਵਾਦੀ ਜੁੜਾਅ ਨੂੰ ਸਬੂਤਾਂ ਨਾਲ ਰੱਖੇਗਾ ਬਲਕਿ ਅੱਤਵਾਦ ਖ਼ਿਲਾਫ਼ ਭਾਰਤ ਦੀ ਜ਼ੀਰੋ ਟਾਲਰੈਂਸ ਨੂੰ ਲੈ ਕੇ ਸਖ਼ਤ ਸੰਦੇਸ਼ ਦੇਵੇਗਾ। ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਵਿਰੋਧੀ ਧਿਰ ਦੀ ਮੰਗ ਵਿਚਾਲੇ ਸਰਕਾਰ ਵੱਲੋਂ ਇਹ ਸੋਚੀ-ਸਮਝੀ ਕੂਟਨੀਤੀ ਵੀ ਹੈ ਅਤੇ ਸਿਆਸਤ ਵੀ। ਦਰਅਸਲ, ਅਮਰੀਕਾ ਤੇ ਬਰਤਾਨੀਆ ਜਾਣ ਵਾਲੇ ਦਲ ਦੀ ਅਗਵਾਈ ਸੀਨੀਅਰ ਕਾਂਗਰਸ ਨੇਤਾ ਸ਼ਸ਼ੀ ਥਰੂਰ ਕਰਨਗੇ। ਇਹ ਨਾਮ ਕਾਂਗਰਸ ਲਈ ਸੱਪ ਦੇ ਮੂੰਹ ਵਿਚ ਕੋਹੜਕਿਰਲੀ ਵਾਂਗ ਹੋ ਗਿਆ। ਵੈਸੇ ਕਾਂਗਰਸ ਨੇ ਸਿੱਧੇ ਰੂਪ ਨਾਲ ਆਪਣੀ ਭੜਾਸ ਖੰਡ ਦਿੱਤੀ ਹੈ। ਸੰਵੇਦਨਸ਼ੀਲਤਾ ਦਾ ਧਿਆਨ ਰੱਖਦੇ ਹੋਏ ਸਾਊਦੀ ਅਰਬ, ਕੁਵੈਤ, ਬਹਿਰੀਨ ਅਤੇ ਅਲਜੀਰੀਆ ਵਰਗੇ ਮੁਸ਼ਿਮ ਦੇਸਾਂ ਵਿਚ ਭਾਜਪਾ ਦੇ ਸੀਨੀਅਰ ਨੇਤਾ ਰਵੀਸ਼ੰਕਰ ਪ੍ਰਸਾਦ ਨੂੰ ਵਫ਼ਦ ਦੀ ਅਗਵਾਈ ਸੋਂਪੀ ਗਈ ਹੈ।



ਹਰੇਕ ਦਲ ਵਿਚ ਸੱਤ ਤੋਂ ਅੱਠ ਮੈਂਬਰ ਹੋਣਗੇ। ਇਨ੍ਹਾਂ 'ਚ ਸੰਸਦ ਮੈਂਬਰ ਤੇ ਸਾਬਕਾ ਮੰਤਰੀ ਦੇ ਨਾਲ ਡਿਪਲੋਮੈਟ ਵੀ ਰਹਿਣਗੇ। ਇਹ ਦਲ 10 ਦਿਨਾਂ ਤੱਕ ਦੁਨੀਆਂ ਦੇ ਕਈ ਦੇਸ਼ਾਂ ਦਾ ਦੌਰਾ ਕਰੇਗਾ। ਨਾਲ ਹੀ ਸਾਰੇ ਵਰਗਾਂ ਨਾਲ ਮੁਲਾਕਾਤ ਕਰ ਕੇ ਹਕੀਕਤ ਦੱਸੇਗਾ। ਸੂਤਰਾਂ ਮੁਤਾਬਕ, ਸੰਜੈ ਕੁਮਾਰ ਝਾਅ ਦੇ ਦਲ ਵਿਚ ਜਾਨ ਬ੍ਰਿਟਾਸ, ਕਾਂਗਰਸ ਨੇਤਾ ਸਲਮਾਨ ਖ਼ੁਰਸ਼ੀਦ ਤੇ ਆਪਰਾਜਿਤਾ ਸਾਰੰਗੀ ਦੇ ਨਾਂ ਸ਼ਾਮਲ ਹਨ। ਪਾਂਡਾ ਦੀ ਅਗਵਾਈ ਵਿਚ ਵਫ਼ਦ ਪੱਛਮੀ ਯੂਰਪ ਜਾਵੇਗਾ ਤਾਂ ਸ਼ਿੰਦੇ ਦਾ ਦਲ ਖਾੜੀ ਤੇ ਅਫਰੀਕੀ ਦੇਸ਼ਾਂ ਵਿਚ ਜਾਵੇਗਾ। ਵੱਖ-ਵੱਖ ਦਲਾਂ ਵਿਚ ਸੀਪੀਐੱਮ ਦੇ ਜਾਨ ਬ੍ਰਿਟਾਸ, ਤ੍ਰਿਣਮੂਲ ਕਾਂਗਰਸ ਦੇ ਯੂਸਫ ਪਠਾਣ, ਸ਼ਿਵ ਸੈਨਾ (ਊਧਵ) ਦੀ ਪ੍ਰਿਅੰਕਾ ਚਤੁਰਵੇਦੀ, ਭਾਜਪਾ ਦੀ ਬਾਂਸੁਰੀ ਸਵਰਾਜ ਵਰਗੇ ਕਈ ਨਾਂ ਸ਼ਾਮਲ ਹਨ।

## ਵਫ਼ਦ ਦੀ ਅਗਵਾਈ ਕਰਨਗੇ ਇਹ ਐੱਮ.ਪੀ.

**ਸ਼ਸ਼ੀ ਥਰੂਰ (ਕਾਂਗਰਸ):** ਤਿਰੂਅਨੰਤਪੁਰਮ ਤੋਂ ਕਾਂਗਰਸ ਦੇ ਐਮਪੀ ਸ਼ਸ਼ੀ ਥਰੂਰ ਹੈਰਾਨੀਜਨਕ ਰੂਪ ਨਾਲ ਕੇਂਦਰ ਦੀ ਪਸੰਦ ਹਨ।

**ਰਵੀ ਸ਼ੰਕਰ ਪ੍ਰਸਾਦ (ਭਾਜਪਾ) :** ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਦੀ ਅਗਵਾਈ 'ਚ ਵਫ਼ਦ ਦੇ ਸਾਊਦੀ ਅਰਬ, ਕੁਵੈਤ, ਬਹਿਰੀਨ ਅਤੇ ਅਲਜੀਰੀਆ ਜਾਣ ਦੀ ਉਮੀਦ ਹੈ

**ਸੰਜੈ ਕੁਮਾਰ ਝਾਅ (ਜਦ ਯੂ) :** ਰਾਜ ਸਭਾ ਮੈਂਬਰ ਸੰਜੈ ਕੁਮਾਰ ਝਾਅ ਦਾ ਵਫ਼ਦ ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ, ਮਲੇਸ਼ੀਆ ਤੇ ਇੰਡੋਨੇਸ਼ੀਆ ਜਾਵੇਗਾ।

**ਬੈਜਯੰਤ ਪਾਂਡਾ (ਭਾਜਪਾ) :** ਪਾਂਡਾ ਉਸ ਵਫ਼ਦ ਦੀ ਅਗਵਾਈ ਕਰਨਗੇ, ਜਿਸ ਦੇ ਮੈਂਬਰਾਂ ਵਿਚ ਅਸਦੁਦੀਨ ਓਵੈਸੀ ਸ਼ਾਮਲ ਹੋਣਗੇ।

**ਕਨੀਮੋਈ (ਦ੍ਰਮੁਕ) :** ਲੋਕ ਸਭਾ ਮੈਂਬਰ ਕਨੀਮੋਈ ਦੱਖਣ ਭਾਰਤ ਤੋਂ ਵਫ਼ਦ ਦੀ ਅਗਵਾਈ ਕਰਨ ਵਾਲੀ ਇਕੋ-ਇਕ ਐੱਮਪੀ ਹਨ।

**ਸੁਪ੍ਰੀਆ ਸੁਲੇ (ਐੱਨਸੀਪੀ-ਐੱਸਪੀ) :** ਸੁਲੇ ਦੀ ਟੀਮ ਓਮਾਨ, ਕੀਨੀਆ, ਦੱਖਣੀ ਅਫਰੀਕਾ ਤੇ ਮਿਸਰ ਨੂੰ ਕਵਰ ਕਰੇਗੀ।

**ਸ੍ਰੀਕਾਂਤ ਸ਼ਿੰਦੇ (ਸ਼ਿਵਸੈਨਾ ਸ਼ਿੰਦੇ) :** ਸ੍ਰੀਕਾਂਤ ਸ਼ਿੰਦੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਬੇਟੇ ਹਨ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦਾ 'ਮੋਹ ਦੀਆਂ ਤੰਦਾਂ' ਸਮਾਗਮ

## ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਮੁੱਚੀ ਟੀਮ ਸਮੇਤ ਪੰਜਾਬ ਭਰ ਵਿਚੋਂ ਕਵੀ ਪੁੱਜੇ

**ਬਾਬਾ ਬਕਾਲਾ ਸਾਹਿਬ:** ਇੱਥੇ ਪਿਛਲੇ 40 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਸਭਾ ਦੇ ਮੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ 13ਵਾਂ ਸਾਂਝਾ ਕਾਵਿ ਸੰਗ੍ਰਹਿ "ਮੋਹ ਦੀਆਂ ਤੰਦਾਂ" ਦਾ ਲੋਕ ਅਰਪਿਤ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਇਸ ਮੌਕੇ ਡਾ: ਲਖਵਿੰਦਰ ਜੌਹਲ ਪ੍ਰਧਾਨ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਅਤੇ ਸ੍ਰੀ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਬਤੌਰ ਮੁੱਖ ਮਹਿਮਾਨ ਪੁਜੇ, ਜਦਕਿ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਅਤੇ ਮੀਤ ਮੈਨੇਜਰ ਭਾਈ ਸ਼ੇਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਪੁਜੇ, ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸ: ਹਰਬੰਸ ਸਿੰਘ ਘਈ ਸਾ: ਐਕਸਾਈਜ ਐਂਡ ਟੈਕਸੇਸ਼ਨ ਕਮਿਸ਼ਨਰ ਪੰਜਾਬ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਮੱਖਣ ਕੁਹਾੜ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਮੀਤ ਪ੍ਰਧਾਨ ਸ: ਬਲਵਿੰਦਰ ਸਿੰਘ ਸੰਧੂ, ਸਕੱਤਰ ਸੁਰਿੰਦਰਪ੍ਰੀਤ ਸਿੰਘ ਘਣੀਆਂ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰਨੀ ਮੈਂਬਰ ਡਾ: ਸ਼ਿੰਦਰਪਾਲ ਸਿੰਘ, ਗੁਰਮੀਤ ਸਿੰਘ ਬਾਜਵਾ, ਡਾ: ਪਰਮਜੀਤ ਸਿੰਘ ਬਾਠ, ਮਾ: ਮਨਜੀਤ ਸਿੰਘ ਵੱਸੀ, ਗੁਰਪ੍ਰੀਤ ਸਿੰਘ ਰੰਗੀਨਪੁਰ (ਸਾਰੇ ਕਾਰਜਕਾਰੀ ਮੈਂਬਰ), ਡਾ: ਹਰਪ੍ਰੀਤ ਸਿੰਘ ਹੁੰਦਲ, ਮੈਨੇਜਰ ਸੁਖਦੇਵ ਸਿੰਘ





ਭੁੱਲਰ, ਐਸ. ਪ੍ਰਸ਼ੋਤਮ, ਪ੍ਰਿੰ: ਰਘਬੀਰ ਸਿੰਘ ਸੋਹਲ ਅਤੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ ਸ਼ਾਮਿਲ ਹੋਏ। ਇਸ ਮੌਕੇ ਸਭਾ ਦੇ ਮੁੱਖ ਸੰਚਾਲਕ ਸ਼ੇਲੰਦਿਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ, "ਮੋਹ ਦੀਆਂ ਤੰਦਾਂ" ਨੂੰ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ ਅਤੇ ਪੁਸਤਕ ਵਿੱਚ ਸ਼ਾਮਿਲ ਸਾਰੇ ਹੀ ਕਵੀਜਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਸ ਮੌਕੇ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ (ਮਹਿਲਾ ਵਿੰਗ) ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਸੁਰਿੰਦਰ ਖਿਲਚੀਆਂ, ਰਾਜਵਿੰਦਰ ਕੌਰ ਰਾਜ, ਜਤਿੰਦਰਪਾਲ ਕੌਰ ਭਿੰਡਰ, ਸਾਹਿਬਾਂ ਜੀਟਨ ਕੌਰ, ਸਤਿੰਦਰਜੀਤ ਕੌਰ ਅੰਮ੍ਰਿਤਸਰ, ਪ੍ਰਵੀਨ ਕੌਰ ਸਿੱਧੂ, ਡਾ: ਹਰਵਿੰਦਰਜੀਤ ਕੌਰ ਬਾਠ, ਅਮਨਦੀਪ ਢਿੱਲੋਂ ਕਸੇਲ, ਸੁਖਵਿੰਦਰ ਕੌਰ ਟੌਂਗ ਤੋਂ ਇਲਾਵਾ ਗਾਇਕ ਮੱਖਣ ਭੈਣੀਵਾਲਾ, ਲਖਵਿੰਦਰ ਕੋਟੀਆ, ਪ੍ਰਸ਼ੋਤਮ ਪੱਤੋ ਮੋਗਾ, ਮੀਤ ਬਠਿੰਡਾ, ਹਰਪਾਲ ਸਿੰਘ ਮਨੇਸ ਮੱਖੂ, ਅਮਰਪਾਲ ਸਿੰਘ ਖਹਿਰਾ ਗੋਇੰਦਵਾਲ, ਸੁਖਦੇਵ ਸਿੰਘ ਭੱਟੀ ਫਿਰੋਜ਼ਪੁਰ, ਜਸਵਿੰਦਰ ਸਿੰਘ ਢਿੱਲੋਂ, ਬਲਬੀਰ ਸਿੰਘ ਬੇਲੀ, ਹਰਭਜਨ ਸਿੰਘ ਭੱਗਰੱਥ, ਵਿਜੈ ਅਗਨੀਹੋਤਰੀ, ਹਰਕੰਵਲਜੀਤ ਸਿੰਘ ਸਾਹਿਲ ਕੈਨੇਡਾ, ਦਿਲਬਾਗ ਸਿੰਘ ਖਹਿਰਾ ਇਟਲੀ, ਨਵਦੀਪ ਸਿੰਘ ਬਦੇਸ਼ਾ, ਸਤਰਾਜ ਜਲਾਲਾਂਬਾਦੀ, ਜਸਪਾਲ ਸਿੰਘ ਧੂਲਕਾ, ਅਵਤਾਰ ਸਿੰਘ ਗੋਇੰਦਵਾਲੀਆ, ਸੁਖਦੇਵ ਸਿੰਘ ਗੰਡਵਾਂ, ਸਰਬਜੀਤ ਸਿੰਘ ਪੱਡਾ, ਡਾ: ਕੁਲਵੰਤ ਸਿੰਘ ਬਾਠ, ਮਾ: ਧਰਮ ਸਿੰਘ ਧਿਆਨਪੁਰੀ, ਮਾ: ਬਲਬੀਰ ਸਿੰਘ ਬੀਰ ਬੋਲੇਵਾਲੀਆ, ਜਸਮੇਲ ਸਿੰਘ ਜੋਧੇ, ਅਜੀਤ ਸਿੰਘ ਸਠਿਆਲਵੀ, ਬਲਵਿੰਦਰ ਸਿੰਘ ਅਠੌਲਾ, ਅਰਜਿੰਦਰ ਬੁਤਾਲਵੀ, ਕੰਵਲਜੀਤ ਸਿੰਘ ਢਿੱਲੋਂ, ਰਾਜਦਵਿੰਦਰ ਸਿੰਘ ਵੜੈਚ, ਮਾ:ਆਇਆ ਸਿੰਘ, ਦਿਲਰਾਜ ਸਿੰਘ ਦਰਦੀ, ਡਾ: ਸਤਨਾਮ ਸਿੰਘ ਬਾਰੀਆ, ਸੋਢੀ ਸੱਤੋਵਾਲੀਆ, ਲਾਲੀ ਕਰਤਾਰਪੁਰੀ, ਲਖਵਿੰਦਰ ਸਿੰਘ ਉੱਪਲ, ਅਮਰਜੀਤ ਸਿੰਘ ਰਤਨਗੜ੍ਹ, ਬਲਜਿੰਦਰ ਸਿੰਘ ਗਹਿਰੀ, ਸਕੱਤਰ ਸਿੰਘ ਪੁਰੇਵਾਲ, ਗੁਰਜੀਤ ਸਿੰਘ, ਪੰਕਜ ਸਿੰਘ, ਅਭੈਜੋਤ ਸਿੰਘ ਆਦਿ ਹਾਜ਼ਰੀਨ ਕਵੀਆਂ ਵੱਲੋਂ "ਮਾਂ ਬੋਲੀ ਨੂੰ ਸਮਰਪਿਤ ਕਵਿਤਾ ਪਾਠ ਕੀਤਾ ਗਿਆ।

# ਬਠਿੰਡੇ ਦਾ ਬੱਸ ਅੱਡਾ ਬਚਾਉਣ ਲਈ ਸੰਘਰਸ਼

**ਅੰਬੇਡਕਰ ਪਾਰਕ ਵਿੱਚ ਚਲਾਇਆ ਜਾ ਰਿਹਾ ਪੱਕਾ ਮੋਰਚਾ ਨੂੰ ਹੁਣ ਸਹਿਯੋਗ ਦਫ਼ਤਰ 'ਚ ਬਦਲ ਕੇ ਸੜਕਾਂ 'ਤੇ ਉਤਰਨ ਦੀ ਰਣਨੀਤੀ ਬਣਾਈ ਗਈ**

**ਬਠਿੰਡਾ:** ਪਿਛਲੇ ਕਈ ਦਿਨਾਂ ਤੋਂ ਬੱਸ ਅੱਡੇ ਨੂੰ ਮੌਜੂਦਾ ਥਾਂ 'ਤੇ ਰੱਖਣ ਲਈ ਚੱਲ ਰਹੇ ਪੱਕੇ ਮੋਰਚੇ ਦੀ ਲੜਾਈ ਨੇ ਹੁਣ ਇੱਕ ਨਵਾਂ ਰੂਪ ਧਾਰ ਲਿਆ ਹੈ। ਬੱਸ ਅੱਡਾ ਬਚਾਓ ਕਮੇਟੀ ਦੇ ਮੀਡੀਆ ਇੰਚਾਰਜ ਸੰਦੀਪ ਅਗਰਵਾਲ ਨੇ ਦੱਸਿਆ ਕਿ ਬੱਸ ਅੱਡੇ ਲਈ ਲੜ ਰਹੇ ਲੋਕਾਂ ਵੱਲੋਂ ਅੰਬੇਡਕਰ ਪਾਰਕ ਵਿੱਚ ਚਲਾਇਆ ਜਾ ਰਿਹਾ ਪੱਕਾ ਮੋਰਚਾ ਨੂੰ ਹੁਣ ਸਹਿਯੋਗ ਦਫ਼ਤਰ 'ਚ ਬਦਲ ਕੇ ਸੜਕਾਂ 'ਤੇ ਉਤਰਨ ਦੀ ਰਣਨੀਤੀ ਬਣਾਈ ਗਈ ਹੈ।

ਇਸ ਦੇ ਤਹਿਤ ਮੰਗਲਵਾਰ ਨੂੰ ਵਿਸ਼ਾਲ ਮਸ਼ਾਲ ਮਾਰਚ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਤੇ ਸ਼ੁੱਕਰਵਾਰ ਨੂੰ ਵੱਡੀ ਗਿਣਤੀ 'ਚ ਕਾਰਕੁਨਾਂ ਨੇ ਬੱਸ ਅੱਡੇ ਦੀਆਂ ਬੱਸਾਂ ਵਿੱਚ ਜਾ-ਜਾ ਕੇ ਬੱਸ ਅੱਡਾ ਬਚਾਉਣ ਦੀ ਅਪੀਲ ਕਰਦਿਆਂ ਬੱਸ ਅੱਡਾ ਬਦਲਣ ਦੇ ਨੁਕਸਾਨਾਂ ਬਾਰੇ ਜਾਣਕਾਰੀ ਵਾਲੀ ਪ੍ਰਚਾਰ ਸਮੱਗਰੀ ਲੋਕਾਂ ਤੱਕ ਪਹੁੰਚਾਈ।ਲੋਕ ਵੀ ਸੰਘਰਸ਼ ਕਮੇਟੀ ਦੇ ਸੁਰ ਵਿੱਚ ਸੁਰ ਮਿਲਾਉਂਦੇ ਨਜ਼ਰ ਆਏ।

ਸੰਘਰਸ਼ ਕਮੇਟੀ ਦੇ ਆਗੂ ਬਲਤੇਜ ਵਾਂਦਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਬਣਾਈ ਕਮੇਟੀ ਜਦੋਂ ਵੀ ਲੋਕਾਂ ਨੂੰ ਬੁਲਾਏਗੀ ਜਾਂ ਜਨਤਾ ਦੀ ਆਵਾਜ਼ ਸੁਣਨ ਲਈ ਕੋਈ ਯੋਜਨਾ ਬਣਾਏਗੀ, ਤਾਂ ਲੋਕ ਬੱਸ ਅੱਡੇ ਦੀ ਮੌਜੂਦਾ ਥਾਂ ਲਈ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਗੇ ਤਾਂ ਜੋ ਆਮ ਲੋਕ ਦੂਰ ਦੇ ਬੱਸ ਅੱਡੇ ਕਰਕੇ ਪੈਣ ਵਾਲੀਆਂ ਮੁਸ਼ਕਲਾਂ ਤੋਂ ਬਚ ਸਕਣ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਪਿੰਡਾਂ 'ਚ ਜਾ ਕੇ ਬਠਿੰਡਾ ਵਿਧਾਇਕ ਵੱਲੋਂ ਬੱਸ ਅੱਡਾ ਬਦਲਣ ਦੀ ਧੱਕੇਸ਼ਾਹੀ ਦੀ ਪੋਲ ਖੋਲੀ ਜਾਵੇਗੀ ਅਤੇ ਪੰਚਾਇਤਾਂ ਨੂੰ ਵੀ ਆਪਣਾ ਪੱਖ ਰੱਖਣ ਦੀ ਅਪੀਲ ਕੀਤੀ ਜਾਵੇਗੀ। ਕੌਂਸਲਰ ਸੰਦੀਪ ਬਾਬੀ ਅਤੇ ਕੰਵਲਜੀਤ ਭੰਗੂ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਨੂੰ ਲੋਕਾਂ ਦੀ ਆਵਾਜ਼ ਸੁਣ ਕੇ ਫੈਸਲਾ ਬਦਲਣਾ ਚਾਹੀਦਾ ਹੈ ਨਹੀਂ ਤਾਂ ਵਿਰੋਧ ਹੋਰ ਤੇਜ਼ ਹੋਵੇਗਾ।

ਹਰਵਿੰਦਰ ਸਿੰਘ ਹੈਪੀ ਨੇ ਕਿਹਾ ਕਿ ਹੁਣ ਹਰ ਰੋਜ਼ ਨਵੀਆਂ ਗਤੀਵਿਧੀਆਂ ਰਾਹੀਂ ਜਨ ਜਾਗਰਣ ਮੁਹਿੰਮ ਚਲਾਈ ਜਾਵੇਗੀ।ਇਸ ਮੌਕੇ ਤੇ ਅਰਸ਼ਵੀਰ ਸਿਧੂ, ਡੇਜੀ ਮੋਹਨ, ਦੇਵੀ ਦਯਾਲ, ਹਨੀ ਸੰਧੂ ਵੀ ਹਾਜ਼ਰ ਸਨ।



ਪੰਜਾਬ ਟਾਈਮਜ਼

24 ਮਈ, ਸ਼ਨਿਚਰਵਾਰ

# ਸੰਕਟ ਸੰਕਟ ਪਾਕਿਸਤਾਨ

*ਪਹਿਲਗਾਮ ਵਿਖੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚ ਸਖ਼ਤ ਟਕਰਾਅ ਸ਼ੁਰੂ ਹੋਇਆ, ਜਿਸ ਦੇ ਪ੍ਰਤੀਕਰਮ ਵਜੋਂ ਭਾਰਤ ਵਲੋਂ ਸਿੰਧੂ ਜਲ ਸਮਝੌਤੇ ਨੂੰ ਖ਼ਾਰਜ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹ ਅਜਿਹਾ ਕਦਮ ਸੀ, ਜਿਸ ਬਾਰੇ ਪਾਕਿਸਤਾਨ ਨੂੰ ਕਦਾਚਿਤ ਅੰਦਾਜ਼ਾ ਨਹੀਂ ਸੀ। ਦੋਹਾਂ ਦੇਸ਼ਾਂ ਵਿਚ ਪਾਣੀਆਂ ਦੀ ਵੰਡ ਬਾਰੇ 65 ਸਾਲ ਪਹਿਲਾਂ 1960 ਵਿਚ ਇਹ ਸਮਝੌਤਾ ਹੋਇਆ ਸੀ, ਜਿਸ ਅਧੀਨ ਭਾਰਤ ਵਿਚੋਂ ਵਗਦੇ ਸਿੰਧ ਸਮੇਤ ਛੇ ਦਰਿਆਵਾਂ 'ਚੋਂ ਪਾਕਿਸਤਾਨ ਨੂੰ ਵੱਡੀ ਪੱਧਰ 'ਤੇ ਪਾਣੀ ਦਿੱਤਾ ਗਿਆ ਸੀ। ਸਿੰਧੂ ਨਦੀ ਦੇ ਪ੍ਰਬੰਧ ਹੇਠ ਜੋ 6 ਦਰਿਆ ਆਉਂਦੇ ਹਨ, ਉਨ੍ਹਾਂ ਵਿਚ ਬਿਆਸ, ਰਾਵੀ, ਸਤਲੁਜ, ਸਿੰਧ, ਚਿਨਾਬ ਅਤੇ ਜੇਹਲਮ ਆਦਿ ਸ਼ਾਮਿਲ ਹਨ, ਇਨ੍ਹਾਂ 'ਚੋਂ ਤਿੰਨ ਸਿੰਧ, ਚਿਨਾਬ ਅਤੇ ਜੇਹਲਮ ਦਾ 80 ਫ਼ੀਸਦੀ ਪਾਣੀ ਪਾਕਿਸਤਾਨ ਨੂੰ ਮਿਲਦਾ ਹੈ। ਇਹ ਸੰਧੀ ਵਿਸ਼ਵ ਬੈਂਕ ਰਾਹੀਂ ਹੋਈ ਸੀ, ਜਿਸ ਦਾ ਭਾਰਤ ਲਗਾਤਾਰ ਪੂਰੀ ਤਰ੍ਹਾਂ ਪਾਲਣ ਕਰਦਾ ਰਿਹਾ ਹੈ। ਚਾਹੇ ਇਹ ਦਰਿਆ ਭਾਰਤ 'ਚੋਂ ਵਹਿੰਦੇ ਹਨ, ਪਰ ਪੰਡਿਤ ਜਵਾਹਰ ਲਾਲ ਨਹਿਰੂ ਸਮੇਂ ਪਾਕਿਸਤਾਨ ਨਾਲ ਚੰਗੀ ਸਾਂਝ ਬਣਾਈ ਰੱਖਣ ਲਈ ਹੀ ਭਾਰਤ ਵਲੋਂ ਇਹ ਕਦਮ ਉਠਾਇਆ ਗਿਆ ਸੀ। ਪਿਛਲੇ 6 ਦਹਾਕਿਆਂ ਵਿਚ ਦੋਹਾਂ ਦੇਸ਼ਾਂ ਵਿਚਕਾਰ ਤਿੰਨ ਵੱਡੀਆਂ ਜੰਗਾਂ ਹੋ ਚੁੱਕੀਆਂ ਹਨ, ਪਰ ਇਹ ਜਲ ਸੰਧੀ ਲਗਾਤਾਰ ਜਾਰੀ ਰਹੀ ਹੈ।*

*ਪਹਿਲਗਾਮ ਦੀ ਘਟਨਾ ਤੋਂ ਬਾਅਦ ਭਾਰਤ ਵਲੋਂ ਲਏ ਗਏ ਇਸ ਸਖ਼ਤ ਫ਼ੈਸਲੇ ਨਾਲ ਇਕ ਵਾਰ ਤਾਂ ਪਾਕਿਸਤਾਨ ਹੱਕਾ-ਬੱਕਾ ਰਹਿ ਗਿਆ ਹੈ। ਹੁਣ ਪਾਕਿਸਤਾਨ ਨੇ ਭਾਰਤ ਦੇ ਜਲ ਸ਼ਕਤੀ ਮੰਤਰਾਲੇ ਵਲੋਂ ਇਸ ਸਮਝੌਤੇ ਨੂੰ ਖ਼ਤਮ ਕਰਨ ਸੰਬੰਧੀ ਭੇਜੇ ਗਏ ਰਸਮੀ ਪੱਤਰ ਦਾ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਇਸ ਸੰਧੀ ਨੂੰ ਜਾਰੀ ਰੱਖਿਆ ਜਾਏ। ਪਰ ਭਾਰਤ ਨੇ ਇਸ ਦੇ ਨਾਲ ਹੀ ਪਾਣੀ ਨੂੰ ਰੋਕਣਾ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਦਰਿਆਵਾਂ ਨਾਲ ਸੰਬੰਧਿਤ ਵਿਸਥਾਰ ਵੀ ਭੇਜਣਾ ਬੰਦ ਕਰ ਦਿੱਤਾ ਹੈ। ਇਸ ਸਮੇਂ ਪਾਕਿਸਤਾਨ ਦੀ ਆਬਾਦੀ 22 ਕਰੋੜ ਦੇ ਲਗਭਗ ਹੈ। ਦੁਨੀਆ ਵਿਚ ਇਹ 5ਵਾਂ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ। ਪਾਕਿਸਤਾਨ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਖੇਤੀ ਦੀ ਹਿੱਸੇਦਾਰੀ 23 ਫ਼ੀਸਦੀ ਦੇ ਲਗਭਗ ਹੈ। ਦੇਸ਼ ਦੇ 40 ਫੀਸਦੀ ਕਾਮੇ ਖੇਤੀਬਾੜੀ ਦੇ ਧੰਦੇ ਵਿਚ ਲੱਗੇ ਹੋਏ ਹਨ। ਹਾਲੇ ਵੀ ਪਾਕਿਸਤਾਨ ਦੀ ਬਹੁਤੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ, ਜਿਸ ਦਾ ਆਸਰਾ ਖੇਤੀਬਾੜੀ ਅਤੇ ਪਸ਼ੂ ਧਨ ਹੈ। ਇੱਥੇ ਬਾਗ਼ਬਾਨੀ ਤੋਂ ਇਲਾਵਾ ਕਪਾਹ, ਗੰਨਾ, ਕਣਕ, ਚੌਲ ਅਤੇ ਮੱਕੀ ਦੀ ਉਪਜ ਹੁੰਦੀ ਹੈ। ਕਪਾਹ ਤੋਂ ਹੀ ਪਾਕਿਸਤਾਨ ਵਿਚ ਹਰ ਤਰ੍ਹਾਂ ਦਾ ਕੱਪੜਾ ਬਣਦਾ ਹੈ, ਜਿਸ ਦਾ ਨਿਰਯਾਤ ਇਹ ਦੁਨੀਆ ਭਰ ਵਿਚ ਕਰਦਾ ਹੈ। ਖੇਤੀ ਨਾਲ ਸੰਬੰਧਿਤ ਵਸਤਾਂ ਦਾ ਹੀ ਇੱਥੋਂ 75 ਫ਼ੀਸਦੀ ਨਿਰਯਾਤ ਦੁਨੀਆ ਭਰ ਵਿਚ ਕੀਤਾ ਜਾਂਦਾ ਹੈ। ਛੋਟੇ ਕਿਸਾਨਾਂ ਦੀ ਵਧੇਰੇ ਨਿਰਭਰਤਾ ਪਸ਼ੂ ਧਨ 'ਤੇ ਹੀ ਹੈ, ਜਿਸ ਦਾ ਸਿੱਧਾ ਸੰਬੰਧ ਚਾਰੇ ਨਾਲ ਹੈ। ਪਾਕਿਸਤਾਨ ਵਿਚ ਖੇਤੀ ਅਧੀਨ ਰਕਬਾ 2.3 ਕਰੋੜ ਹੈਕਟੇਅਰ ਦੇ ਲਗਭਗ ਹੈ, ਇਸ ਦੀ 44 ਫ਼ੀਸਦੀ ਸਿੰਚਾਈ ਨਹਿਰਾਂ ਅਤੇ ਟਿਊਬਵੈੱਲਾਂ ਰਾਹੀਂ ਹੁੰਦੀ ਹੈ। ਖੇਤੀ ਵਾਲਾ ਬਹੁਤਾ ਰਕਬਾ ਪਾਕਿਸਤਾਨੀ ਪੰਜਾਬ ਅਤੇ ਸਿੰਧ ਵਿਚ ਹੈ।*

*ਉਂਝ ਇੱਥੇ ਵੀ ਭਾਰਤ ਵਾਂਗ ਖੇਤੀ ਕੰਮਾਂ ਵਿਚ ਪਾਣੀ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਇੱਥੇ ਜ਼ਮੀਨੀ ਸੁਧਾਰ ਨਾ ਹੋਣ ਕਰਕੇ ਖੇਤੀ ਵਾਲੀ ਜ਼ਮੀਨ ਦੀ ਵੰਡ ਵੀ ਬੇਹੱਦ ਅਸਾਵੀਂ ਹੈ। ਉਦਾਹਰਨ ਦੇ ਤੌਰ 'ਤੇ ਇੱਥੇ 2 ਫ਼ੀਸਦੀ ਕਿਸਾਨ ਹੀ 45 ਫ਼ੀਸਦੀ ਖੇਤੀਬਾੜੀ ਜ਼ਮੀਨਾਂ ਦੇ ਮਾਲਕ ਹਨ। ਛੋਟਾ ਜ਼ਿਮੀਂਦਾਰ, ਜੋ 90 ਫ਼ੀਸਦੀ ਦੇ ਕਰੀਬ ਹੈ, ਕੋਲ ਤਾਂ ਢਾਈ ਏਕੜ ਜ਼ਮੀਨ ਹੀ ਪ੍ਰਤੀ ਪਰਿਵਾਰ ਹੈ। ਵੱਡੇ ਤੌਰ 'ਤੇ ਖੇਤੀਬਾੜੀ ਉੱਪਰ ਨਿਰਭਰ ਇਸ ਦੇਸ਼ ਨੂੰ ਜੇਕਰ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਅਜਿਹੇ ਨਾਲ ਇਸ ਦੀ ਹਰ ਪੱਖੋਂ ਆਰਥਿਕਤਾ ਡੋਲ ਜਾਏਗੀ। ਇਸੇ ਲਈ ਹੀ ਪਾਕਿਸਤਾਨ ਦੇ ਜਲ ਸਰੋਤਾਂ ਦੇ ਸਕੱਤਰ ਸੈਯਦ ਅਲੀ ਮੁਰਤਜ਼ਾ ਨੇ ਭਾਰਤ ਨੂੰ ਇਹ ਪੱਤਰ ਲਿਖਿਆ ਹੈ। ਇਹ ਵੀ ਵਰਣਨਯੋਗ ਹੈ ਕਿ ਭਾਰਤ ਦੇ ਇਸ ਫ਼ੈਸਲੇ ਤੋਂ ਬਾਅਦ ਇਸ ਸੰਧੀ ਪ੍ਰਤੀ ਵਿਸ਼ਵ ਬੈਂਕ ਨੇ ਵੀ ਆਪਣਾ ਪੱਲਾ ਝਾੜ ਲਿਆ ਹੈ। ਹੁਣ ਅਸਲੀਅਤ ਨੂੰ ਸਮਝਣ ਤੋਂ ਬਾਅਦ ਪਾਕਿਸਤਾਨ ਨੇ ਇਸ ਸੰਧੀ ਨੂੰ ਲੈ ਕੇ ਭਾਰਤ ਨਾਲ ਗੱਲਬਾਤ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ ਅਤੇ ਇਸ ਤੋਂ ਕਈ ਸਾਲ ਪਹਿਲਾਂ ਭਾਰਤ ਵਲੋਂ ਇਸ ਸੰਧੀ ਪ੍ਰਤੀ ਇਤਰਾਜ਼ਾਂ 'ਤੇ ਵੀ ਚਰਚਾ ਕਰਨ ਲਈ ਹਾਮੀ ਭਰੀ ਹੈ। ਮੁਰਤਜ਼ਾ ਨੇ ਇਹ ਵੀ ਕਿਹਾ ਹੈ ਕਿ ਇਸ ਜਲ ਸੰਧੀ ਅਧੀਨ ਮਿਲਣ ਵਾਲੇ ਪਾਣੀ 'ਤੇ ਲੱਖਾਂ ਲੋਕਾਂ ਦੀ ਨਿਰਭਰਤਾ ਹੈ। ਪਹਿਲਾਂ ਹੀ ਸੋਕੇ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਪਾਕਿਸਤਾਨ ਵੱਡੀ ਪ੍ਰੇਸ਼ਾਨੀ ਵਿਚ ਫਸ ਗਿਆ ਹੈ। ਆਉਂਦੇ ਸਮੇਂ ਵਿਚ ਦੋਹਾਂ ਦੇਸ਼ਾਂ ਦਰਮਿਆਨ ਇਸ ਮੁੱਦੇ ਉੱਤੇ ਪੈਦਾ ਹੋਏ ਤਣਾਅ ਨੂੰ ਲੈ ਕੇ ਗੱਲ ਕਿਧਰ ਨੂੰ ਜਾਵੇਗੀ ਇਹ ਸਮਾਂ ਹੀ ਦੱਸੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿਸ ਨੇ ਕੀ ਛੁਡਾਇਆ ?*

*ਚਸਕੇ ਜੀਭ ਦੇ ਚਟਪਟੇ ਖਾਣਿਆਂ ਨੇ, ਤੰਦਰੁਸਤੀ ਹੀ ਘਰੋਂ ਦੁੜ੍ਹਾਇ ਦਿੱਤੀ।*
*ਦੇ ਦੇ ਸਿੱਖਿਆ ਟੀਵੀ ਦੇ ਨਾਟਕਾਂ ਨੇ, ਵਹੁਟੀ ਸੱਸ ਦੇ ਨਾ਼ਲ ਲੜਾਇ ਦਿੱਤੀ।*
*ਆਖਾ ਮੰਨਣਾ ਆਪ ਤੋਂ ਵੱਡਿਆਂ ਦਾ, ਇਹ ਵਿਰਾਸਤੀ ਰੀਤ ਹੜ੍ਹਾਇ ਦਿੱਤੀ।*
*ਇੰਗਲਿਸ਼-ਮੋਹ ਨੇ ਰੋ਼ਲ'ਤੀ ਮਾਂ-ਬੋਲੀ, ਸਿਰ 'ਤੇ ਓਪਰੀ ਭਾਸ਼ਾ ਚੜ੍ਹਾਇ ਦਿੱਤੀ।*
*ਪੈਂਟ-ਸ਼ਰਟ ਹੀ ਸਾਰੇ ਪ੍ਰਧਾਨ ਹੋ ਗਈ, ਦੇਸੀ ਪਹਿਨਣ ਦੀ ਰੀਝ ਉੜਾਇ ਦਿੱਤੀ।*
*ਅੱਖਾਂ ਲੱਗੀਆਂ ਰਹਿਣ 'ਸਕਰੀਨ' ਉੱਤੇ, ਹੁਣ ਫੇਸ-ਬੁੱਕ ਨੇ 'ਬੁੱਕ' ਛੁਡਾਇ ਦਿੱਤੀ!*

# ਮਜੀਠਾ ਖੇਤਰ ਵਿਚ ਸ਼ਰਾਬ ਨਾਲ ਹੋਈਆਂ ਮੌਤਾਂ ਨੇ 'ਆਪ' ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪੋਲ ਖੋਲ੍ਹੀ

ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਮਜੀਠਾ ਖੇਤਰ ਵਿਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 28 ਮੌਤਾਂ ਨੇ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਚੱਲ ਰਹੀ ਮੁਹਿੰਮ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੂਬਾ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਮ ਹੇਠ ਨਸ਼ਿਆਂ ਖ਼ਿਲਾਫ ਚਲਾਈ ਜਾ ਰਹੀ ਮੁਹਿੰਮ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਦਰਮਿਆਨ ਮੌਤਾਂ ਦਾ ਇਹ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਮੌਤਾਂ ਤੋਂ ਇਲਾਵਾ ਇਕ ਵਿਅਕਤੀ ਦੀਆਂ ਅੱਖਾਂ ਦੀ ਨਿਗ੍ਹਾ ਚਲੀ ਗਈ ਹੈ ਤੇ ਕਈ ਗੰਭੀਰ ਬਿਮਾਰ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਪੁਲਿਸ



ਨਵਕਿਰਨ ਸਿੰਘ ਪੱਤੀ
ਫੋਨ: 98885-44001

ਵੱਲੋਂ ਸਥਾਨਕ ਐਸ.ਐਚ.ਓ. ਤੇ ਡੀ.ਐਸ.ਪੀ. ਨੂੰ ਸਸਪੈਂਡ ਕਰ ਕੇ 16 ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਮਾਮਲਾ ਹੱਲ ਕਰਨ ਦਾ ਦਾਅਵਾ ਕਰ ਦਿੱਤਾ ਗਿਆ। ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦੇ ਅਤੇ ਘੱਟੋ-ਘੱਟ ਆਬਕਾਰੀ ਮੰਤਰੀ ਤੋਂ ਅਸਤੀਫਾ ਲਿਆ ਜਾਂਦਾ, ਪਰ ਮੁੱਖ ਮੰਤਰੀ ਜੀ ਪੀੜਤ ਪਰਿਵਾਰਾਂ ਕੋਲ ਜਾਣ ਅਤੇ ਕੁੱਝ ਰਾਹਤ ਰਾਸ਼ੀ ਦੇਣ ਨੂੰ ਹੀ 'ਜਿੰਮੇਬਾਰੀ ਨਿਭਾਉਣ' ਵਜੋਂ ਪੇਸ਼ ਕਰ ਰਹੇ ਹਨ।

ਵੈਸੇ ਭਗਵੰਤ ਮਾਨ ਦੀ ਸਰਕਾਰ ਦੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਕਲੀ ਸ਼ਰਾਬ ਨਾਲ ਮਰਨ ਵਾਲਿਆਂ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ ਬੀਤੇ ਵਰ੍ਹੇ ਜ਼ਿਲ੍ਹਾ ਸੰਗਰੂਰ ਦੇ ਦਿੜ੍ਹਬਾ, ਸੁਨਾਮ ਖੇਤਰ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਰੀਬ ਦੋ ਦਰਜਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਲਈ ਜਦ ਲਗਾਤਾਰ ਦੂਜੀ ਵਾਰ ਮੌਤਾਂ ਦਾ ਕਾਰਨ ਗੈਰ-ਕਾਨੂੰਨੀ ਢੰਗ ਨਾਲ ਸਪਲਾਈ ਕੀਤੀ ਗਈ ਨਕਲੀ ਜਾਂ ਜ਼ਹਿਰੀਲੀ ਸ਼ਰਾਬ ਹੈ ਤਾਂ ਸੂਬਾ ਸਰਕਾਰ ਤੋਂ ਇਹ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਸੂਬੇ ਵਿਚ ਅਜਿਹਾ ਕਿਹੜਾ 'ਮਾਫੀਆ' ਹੈ ਜੋ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੇ ਬਾਵਜੂਦ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਚਲਾ ਰਿਹਾ ਹੈ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਵਿਚ ਮੌਤਾਂ ਹੋਣ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰ ਦਿੱਤਾ ਗਿਆ ਸੀ, ਜੇਕਰ ਉਸ ਸਮੇਂ ਹੀ ਸ਼ਰਾਬ ਮਾਫੀਆ ਖ਼ਿਲਾਫ ਢੁੱਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਹੁੰਦੀ ਤਾਂ ਦੂਜੀ ਵਾਰ ਐਨੀ ਵੱਡੀ ਪੱਧਰ ਉੱਪਰ ਗਰੀਬ ਘਰਾਂ ਵਿਚ ਸੱਥਰ ਨਾ ਵਿਛਦੇ। ਇਨ੍ਹਾਂ ਮੌਤਾਂ ਨੇ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੀ ਸੁਹਿਰਦਤਾ ਉੱਪਰ ਸਵਾਲ ਖੜ੍ਹੇ ਕੀਤੇ ਹਨ।

ਅਸਲ ਵਿਚ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਕਿਸੇ ਵੱਡੇ ਨਸ਼ਾ ਤਸਕਰ ਖ਼ਿਲਾਫ ਮਿਸਾਲੀ ਕਾਰਵਾਈ ਕਰਨ ਦੀ ਬਜਾਏ ਥੋੜ੍ਹਾ-ਮੋਟਾ ਨਸ਼ਾ ਵੇਚਣ ਵਾਲੇ ਹੇਠਲੇ ਪੱਧਰ ਦੇ 'ਨਸ਼ੇੜੀਆਂ' ਦੇ ਘਰ ਢਾਹੁਣ ਤੱਕ ਸੀਮਤ ਹੈ। ਬਠਿੰਡਾ ਵਿਚ ਨਸ਼ੇ ਸਮੇਤ ਫੜੀ ਗਈ ਮਹਿਲਾ ਪੁਲਿਸ ਮੁਲਾਜ਼ਮ ਦਾ ਥੋੜ੍ਹੇ ਜਿਹੇ ਦਿਨਾਂ ਬਾਅਦ ਜ਼ਮਾਨਤ ਉੱਪਰ ਬਾਹਰ ਆ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਨਸ਼ਿਆਂ ਖ਼ਿਲਾਫ ਮੁਹਿੰਮ ਨੂੰ ਹਕੀਕੀ ਰੂਪ ਵਿਚ ਚਲਾਉਣ ਦੀ ਬਜਾਏ ਸਿਰਫ ਮੀਡੀਆ ਖਾਸਕਰ ਸੋਸ਼ਲ ਮੀਡੀਆ ਉੱਪਰ ਚਲਾਉਣ ਦੀ ਹੀ ਚਾਹਵਾਨ ਹੈ।

ਪੰਜ ਸਾਲ ਦੇ ਵਕਫੇ ਦਰਮਿਆਨ ਮਾਝਾ ਖੇਤਰ ਵਿਚ ਵੀ ਮੌਤਾਂ ਦਾ ਇਹ ਦੂਜਾ ਵੱਡਾ ਮਾਮਲਾ ਹੈ ਇਸ ਤੋਂ ਪਹਿਲਾਂ ਅਗਸਤ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ ਹੋਈਆਂ 120 ਦੇ ਕਰੀਬ ਮੌਤਾਂ ਦੇ ਮਾਮਲੇ ਵਿਚ ਦੋ ਸਾਲ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖੁਸ਼ੀ ਪ੍ਰਗਟਾਉਂਦਿਆਂ ਸੂਬਾ ਸਰਕਾਰ ਦੀ ਖਿਚਾਈ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਾਜਾਇਜ਼ ਸ਼ਰਾਬ ਦੇ ਮਾਮਲਿਆਂ 'ਤੇ ਸਖ਼ਤ ਟਿੱਪਣੀ ਕੀਤੀ ਸੀ।



ਪਿਛਲੇ ਦੋ ਦਹਾਕਿਆਂ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਅੰਕੜੇ ਨੂੰ ਘੋਖਦਿਆਂ ਨਜ਼ਰ ਆਉਂਦਾ ਹੈ ਕਿ ਮ੍ਰਿਤਕ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਹੁਣ ਮਜੀਠਾ ਖੇਤਰ ਵਾਲੇ ਅਤੇ ਇਸ ਤੋਂ ਪਹਿਲਾਂ ਸੁਨਾਮ, ਦਿੜ੍ਹਬਾ ਖੇਤਰ ਵਿਚਲੇ ਮ੍ਰਿਤਕ ਵੀ ਗਰੀਬ ਦਲਿਤ ਪਰਿਵਾਰਾਂ ਨਾਲ ਸਬੰਧਤ ਸਨ ਜੋ ਦਿਹਾੜੀ ਵਗੈਰਾ ਕਰਕੇ ਆਪਣੇ ਘਰ ਦੀ ਰੋਜ਼ੀ-ਰੋਟੀ ਚਲਾ ਰਹੇ ਸਨ। ਮਤਲਬ ਸਾਫ ਹੈ ਕਿ ਸਰਕਾਰਾਂ ਦੇ ਮੁਨਾਫੇ ਲਈ ਸ਼ਰਾਬ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਸ਼ਰਾਬ ਮਾਫੀਆ ਗਰੀਬ ਵਿਅਕਤੀਆਂ ਨੂੰ ਗੈਰ-ਮਿਆਰੀ 'ਜ਼ਹਿਰ' ਵੇਚ ਰਹੇ ਹਨ। ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਉੱਪਰ ਵਿਕਣ ਵਾਲੀ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ ਦੀ ਕੀਮਤ 280 ਰੁਪਏ ਦੀ ਹੈ। ਪੰਜਾਬ ਵਿਚ ਸ਼ਰਾਬ ਹਰਿਆਣਾ, ਚੰਡੀਗੜ੍ਹ ਦੇ ਮੁਕਾਬਲੇ ਮਹਿੰਗੀ ਹੈ ਜਿਸ ਕਾਰਨ ਸ਼ਰਾਬ ਦਾ ਗੈਰ-ਕਾਨੂੰਨੀ ਧੰਦਾ ਕਰਨ ਵਾਲੇ ਨਕਲੀ ਸ਼ਰਾਬ ਤਿਆਰ ਕਰਕੇ ਜਾਅਲੀ ਮਾਰਕੇ ਲਗਾ ਕੇ ਠੇਕੇ ਦੀ ਸ਼ਰਾਬ ਮੁਕਾਬਲੇ ਘੱਟ ਭਾਅ 'ਤੇ ਵੇਚਦੇ ਹਨ। ਮਜੀਠਾ ਵਿਚ ਤਾਂ ਇਹ ਤੱਥਾਂ ਸਹਿਤ ਜ਼ਾਹਿਰ ਹੋ ਗਿਆ ਹੈ ਕਿ ਲੋਕਾਂ ਨੂੰ ਸ਼ਰਾਬ ਦੇ ਨਾਮ ਹੇਠ ਮੀਥਾਨੋਲ ਜਿਹਾ ਘਾਤਕ ਜ਼ਹਿਰ ਪਿਲਾਇਆ ਗਿਆ ਜਦਕਿ ਪੂਰੇ ਦੇਸ਼ ਵਿਚ ਗੈਰ-ਮਿਆਰੀ ਸ਼ਰਾਬ ਨਾਲ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਅੱਜ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਜ਼ਹਿਰੀਲੀ ਜਾਂ ਨਕਲੀ ਸ਼ਰਾਬ ਨਾਲ ਮੌਤਾਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਵਾਰ ਇਨ੍ਹਾਂ ਪਾਰਟੀਆਂ ਦੀ ਸੱਤਾ ਦੌਰਾਨ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਵਾਪਰ ਚੁੱਕੇ ਹਨ। ਹਾਲਾਂਕਿ ਕਾਂਗਰਸ ਪਾਰਟੀ ਦੇ ਅੰਮ੍ਰਿਤਸਰ ਸਾਹਿਬ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਰਾਬ ਮਾਫੀਆ ਦੀ 'ਪਹੁੰਚ' ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਕਾਂਗਰਸ, ਅਕਾਲੀ-ਭਾਜਪਾ ਤੇ ਮੌਜੂਦਾ ਭਗਵੰਤ ਮਾਨ ਸਰਕਾਰ ਇਸ ਮਾਫੀਆ ਖ਼ਿਲਾਫ ਕਾਰਵਾਈ ਕਰਨ ਤੋਂ ਭੱਜ ਰਹੀ ਹੈ।

ਪਿਛਲੇ ਤੱਥ ਵੀ ਇਹੋ ਬਿਆਨ ਕਰਦੇ ਹਨ ਕਿ ਅਕਾਲੀ-ਭਾਜਪਾ ਸਰਕਾਰ ਸਮੇਂ 2010 ਦੌਰਾਨ ਦਸੂਹਾ ਵਿਚ ਇਸੇ ਤਰ੍ਹਾਂ ਦੀ ਸ਼ਰਾਬ ਨਾਲ 16 ਲੋਕਾਂ ਦੀ ਮੌਤ ਹੋਈ ਸੀ ਜਦਕਿ 2012 ਵਿਚ ਗੁਰਦਾਸਪੁਰ ਦੇ ਨੰਗਲ ਜੌਹਲ ਅਤੇ ਬੱਲੋਵਾਲ ਪਿੰਡਾਂ ਵਿਚ 18 ਲੋਕਾਂ ਦੀ ਮੌਤ ਹੋਈ ਸੀ। ਕਾਂਗਰਸ ਸਰਕਾਰ ਸਮੇਂ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ 120 ਦੇ ਕਰੀਬ ਮੌਤਾਂ ਹੋਈਆਂ ਸਨ। ਭਾਜਪਾ ਦੇ ਸਭ ਤੋਂ ਮਾਡਲ ਕਹੇ ਜਾਂਦੇ ਸੂਬੇ ਗੁਜਰਾਤ ਅੰਦਰ ਜੁਲਾਈ 2022 ਵਿਚ 42 ਵਿਅਕਤੀਆਂ ਦੀ ਮੌਤ ਨਕਲੀ ਅਤੇ ਜ਼ਹਿਰੀਲੀ ਪੀਣ ਨਾਲ ਹੋਈ ਸੀ। ਸੋ ਜਿਸ ਵੀ ਪਾਰਟੀ ਦੀ ਸਰਕਾਰ ਬਣੀ ਉਸਨੇ ਸ਼ਰਾਬ ਮਾਫੀਆ ਨੂੰ ਨੱਥ ਪਾਉਣ ਦੀ ਬਜਾਏ ਸ਼ਰਾਬ ਨੂੰ ਕਮਾਈ ਦਾ ਸਾਧਨ ਬਣਾਇਆ ਹੈ।

ਕਈ ਵਾਰ ਤਾਂ ਸਾਡੇ ਦੇਸ਼ ਦੇ ਹੁਕਮਰਾਨਾਂ ਵੱਲੋਂ ਨਕਲੀ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਦੋਸ਼ੀਆਂ ਖ਼ਿਲਾਫ ਕਾਰਵਾਈ ਕਰਨ ਦੀ ਬਜਾਏ ਉਲਟਾ ਪੀੜਤ ਲੋਕਾਂ ਪ੍ਰਤੀ ਮੰਦਾ ਵਿਵਹਾਰ ਕੀਤਾ ਜਾਂਦਾ ਹੈ। ਪਿੱਛੇ ਜਿਹੇ ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਦੇ ਮਾਮਲੇ ਵਿਚ ਜਦ ਬਿਹਾਰ ਸਰਕਾਰ ਵੱਲ ਉਂਗਲ ਉੱਠੀ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਧਾਨ ਸਭਾ ਵਿਚ ਖੜ੍ਹ ਕੇ ਕਿਹਾ ਸੀ ਕਿ, 'ਜਿਹੜਾ ਨਕਲੀ ਸ਼ਰਾਬ ਪੀਵੇਗਾ, ਉਹ ਤਾਂ ਮਰੇਗਾ ਹੀ; ਲੋਕਾਂ ਨੂੰ ਖੁਦ ਸੁਚੇਤ ਰਹਿਣਾ ਚਾਹੀਦਾ ਹੈ'। ਨਿਤੀਸ਼ ਕੁਮਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਸੂਬੇ ਵਿਚ ਕੋਈ ਲੋਕਾਂ ਨੂੰ 'ਜ਼ਹਿਰ' ਵੇਚ ਰਿਹਾ ਹੈ ਤਾਂ ਕੀ ਸਰਕਾਰ ਬਰਾਬਰ ਦੀ ਜ਼ਿੰਮੇਵਾਰ ਨਹੀਂ ਹੈ। ਸੁਨਾਮ ਖੇਤਰ ਵਿਚ ਜਦ ਨਕਲੀ ਸ਼ਰਾਬ ਨਾਲ ਮੌਤਾਂ ਹੋਈਆਂ ਸਨ ਤਾਂ ਨਿਤੀਸ਼ ਕੁਮਾਰ ਦੀ ਤਰ੍ਹਾਂ 'ਆਪ' ਦੇ ਮੌਜੂਦਾ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਸੀ ਕਿ ਜੇਕਰ ਠੇਕੇ ਵਾਲੀ ਸ਼ਰਾਬ ਨਾਲ ਮੌਤਾਂ ਹੋਈਆਂ ਹੁੰਦੀਆਂ ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਇਹ ਤਾਂ ਗੈਰ-ਕਾਨੂੰਨੀ ਸ਼ਰਾਬ ਨਾਲ ਹੋਈਆਂ ਮੌਤਾਂ ਹਨ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ।

ਅਸਲ ਵਿਚ ਸ਼ਰਾਬ ਉੱਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਸਿੱਧੀ ਸੂਬਾ ਸਰਕਾਰ ਦੇ ਖਾਤੇ ਵਿਚ ਜਾਂਦੀ ਹੈ। ਸ਼ਰਾਬ ਅਤੇ ਇਸ ਨਾਲ ਜੁੜੇ ਕਾਰੋਬਾਰ ਉੱਤੇ ਲਗਣ ਵਾਲੀ ਐਕਸਾਈਜ਼ ਡਿਊਟੀ ਸੂਬਿਆਂ ਵਿਚ ਸੂਬਾ ਸਰਕਾਰ ਦੇ ਆਪਣੇ ਟੈਕਸ ਰੈਵੇਨਿਊ ਵਿਚ ਦੂਜਾ ਜਾਂ ਤੀਜਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਸ਼ਰਾਬ ਕਾਰੋਬਾਰੀ ਅਤੇ ਸੱਤਾਧਾਰੀ ਧਿਰ ਮਿਲ ਕੇ ਇਸ ਖੇਤਰ ਵਿਚੋਂ ਮੋਟਾ ਮੁਨਾਫਾ ਕਮਾਉਂਦੇ ਹਨ ਜਿਸ ਕਾਰਨ ਸ਼ਰਾਬ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਰਿਜ਼ਰਵ ਬੈਂਕ ਦੀ ਇਕ ਰਿਪੋਰਟ ਮੁਤਾਬਕ ਸੂਬਿਆਂ ਦਾ ਔਸਤ ਲਈਏ ਤਾਂ ਸੂਬਿਆਂ ਦੀ ਆਪਣੀ ਟੈਕਸ ਆਮਦਨ ਦਾ 7 ਫ਼ੀਸਦੀ ਹਿੱਸਾ ਸ਼ਰਾਬ ਉੱਤੇ ਲਗਦੇ ਟੈਕਸ ਤੋਂ ਆਉਂਦਾ ਹੈ। ਜੇਕਰ ਇਸ ਵਿਚੋਂ ਸ਼ਰਾਬਬੰਦੀ ਵਾਲੇ ਸੂਬਿਆਂ ਗੁਜਰਾਤ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਲਕਸ਼ਦੀਪ ਛੱਡ ਦੇਈਏ ਅਤੇ ਸ਼ਰਾਬ ਦੇ ਠੇਕਿਆਂ ਵਾਲੇ ਸੂਬਿਆਂ ਦਾ ਔਸਤ ਵੇਖੀਏ ਤਾਂ ਇਹ ਸੂਬੇ ਦੇ ਕੁੱਲ ਟੈਕਸ ਵਿਚ 10 ਤੋਂ 15 ਫੀਸਦ ਬਣੇਗਾ। ਕਈ ਸੂਬੇ ਅਜਿਹੇ ਵੀ ਹਨ ਜਿਨ੍ਹਾਂ ਦੀ ਟੈਕਸ ਕਮਾਈ ਦਾ 20 ਫ਼ੀਸਦੀ ਤੋਂ ਵੱਧ ਹਿੱਸਾ ਸ਼ਰਾਬ 'ਤੇ ਲਗਦੀ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ। ਸਥਿਤੀ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਸਮੇਤ ਕਈ ਸੂਬਾ ਸਰਕਾਰਾਂ ਦੀ ਆਰਥਿਕਤਾ ਸ਼ਰਾਬ ਦੀਆਂ ਫਲੌੜੀਆਂ 'ਤੇ ਤੁਰਦੀ ਹੈ।

ਦੇਸ਼ ਵਿਚ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਗੁਜਰਾਤ ਪਹਿਲੇ ਨੰਬਰ ਉਪਰ ਹੈ ਜਦਕਿ ਪੰਜਾਬ ਦੂਜੇ ਨੰਬਰ 'ਤੇ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜਾਂ 'ਆਪ' ਲੀਡਰ ਨਸ਼ਿਆਂ ਦਾ ਮਾਮਲਾ ਪਿਛਲੀਆਂ ਸਰਕਾਰਾਂ ਉੱਪਰ ਸੁੱਟ ਕੇ ਖੁਦ ਸੁਰਖਰੂ ਨਹੀਂ ਹੋ ਸਕਦੇ, ਕਿਉਂਕਿ ਅਕਾਲੀ-ਭਾਜਪਾ,

*(ਬਾਕੀ ਸਫਾ 14 'ਤੇ)*


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
31 ਮਈ 2025
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਮੇਲੇ ਦੇ ਰੂਹ-ਏ-ਰਵਾਂ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਭੁਪਿੰਦਰ ਸਿੰਘ ਧਾਲੀਵਾਲ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
ਰਣਬੀਰ ਸਿੰਘ ਧਾਲੀਵਾਲ
ਸੋਹਣ ਸਿੰਘ ਗਿੱਲ
ਨੋਨਾ ਗਰੇਵਾਲ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਲਵ ਮਿਨਹਾਸ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਗਿੱਲ
ਵਿਛੜੀਆਂ ਰੂਹਾਂ
ਲਖਵਿੰਦਰ ਬਿਹਾਰੀਪੁਰੀਆ
ਗੁਰਪ੍ਰੀਤ ਤੂਰ
ਹਰਦੀਪ ਸਿੰਘ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਸਵ. ਮਿਹਰ ਸਿੰਘ ਢੀਂਡਸਾ
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਮੁੱਖ ਮਹਿਮਾਨ
ਢੀਂਡਸਾ ਬਰਦਰਜ਼
ਚੇਅਰਮੈਨ
ਬੱਬੂ ਐਪਲਟਨ
ਖੁੱਲ੍ਹਾ ਅਖਾੜਾ
Deepak Dhillon
R Nait
Amar Sehmbi
Preet Thind
ਪੰਜਾਬ ਦੇ ਮਸ਼ਹੂਰ ਗਾਇਕ ਕਰਨਗੇ ਦਰਸ਼ਕਾਂ ਦਾ ਮਨੋਰੰਜਨ
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
ਦੀਪਇੰਦਰ ਵਿਰਕ ਸਾਬਕਾ ਪ੍ਰਧਾਨ
ਹਨੀ ਖੰਗੂੜਾ ਸਾਬਕਾ ਪ੍ਰਧਾਨ
ਕਮਲਜੀਤ ਘੁਮਾਣ ਪ੍ਰਧਾਨ
ਪਿੰਦੀ ਛੀਨਾ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਜੱਸੀ ਸਹੋਤਾ
ਗਗਨ ਬਾਜਵਾ
ਗੋਲਡੀ ਲਾਲੀ
ਹਰਜਿੰਦਰ ਸਮਰਾ
ਸੁਖਰਾਜ ਸਿੰਘ ਤੱਖਰ
ਵਿੱਕੀ ਸ਼ੰਮੀਪੁਰੀਆ
ਹਰਪ੍ਰੀਤ ਗਿੱਲ
ਸ਼ੇਰਾ ਖਾਂਬੜਾ
ਪਾਲੀ ਧਾਲੀਵਾਲ
ਮਿੰਦਰ ਭੱਠਲ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਹਰਬੰਤ ਗਰੇਵਾਲ
ਸੁਖਵੀਰ ਉੱਪਲ
ਅਜੇ ਕੁਮਾਰ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਲੱਖਾ ਦਾਖਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੋਜ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਗੋਗਾ ਘੁਮਾਣ
ਯਾਦਵਿੰਦਰ ਗਿੱਲ
ਦੀਪਾ ਹੀਰ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ



ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸਾਂ | ਕੁਲਜੀਤ ਗਿਲਜ਼ੀਆਂ | ਗੁਰਬਾਜ ਤੂਰ | ਹਰਜਿੰਦਰ ਤੂਰ | ਗੁਰਪ੍ਰੀਤ ਬਰਾੜ

## ਵਿਸ਼ੇਸ਼ ਮਹਿਮਾਨ



ਸੰਦੀਪ ਸਹੋਤਾ | ਏ ਜੇ ਸੰਧੂ | ਕੁਲਵੰਤ ਵਿੱਲੋਂ | ਖੜਕ ਸਿੰਘ | ਕੁਮਾਰ | ਬੀ ਸੀ ਟਰੱਕਿੰਗ



ਰਾਜ ਪੰਮਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਚਰਨਜੀਤ ਸਿੰਘ | ਹਰਜਿੰਦਰ ਚਾਹਲ | ਕਸ਼ਮੀਰ ਸਿੰਘ




ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਗੋਲਡੀ | ਅਵਤਾਰ ਸਿੰਘ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਜਸਪਾਲ ਅਟਵਾਲ | ਜਸਵਿੰਦਰ | ਸੰਨੀ ਸ਼ੇਰਗਿੱਲ | ਪਵਨ ਬੱਲ | ਸੁਖੀ ਟੁੱਟ



ਹਰਿੰਦਰ ਸੰਧੂ | ਮਨਜੀਤ ਮੱਟੂ | ਲਾਡੀ ਬੜਿਆਲ | ਜੱਸੀ ਗਿੱਲ | ਮੰਗਾ ਮੱਟੂ





ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਫੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ

## ਕਬੱਡੀ ਦੇ ਚੌਥੇ ਇਨਾਮ ਦੇ ਸਪਾਂਸਰ




## ਗੈਸਟ ਆਫ ਆਨਰਜ਼




ਸੁਖਵਿੰਦਰ ਸਿੰਘ ਪੰਧੇਰ | ਰਣਜੀਤ ਸਿੰਘ | ਲੱਕੀ | ਸਨੀ ਗਿੱਲ | ਜਸਵਿੰਦਰ ਪੁਰੇਵਾਲ | ਗੁਰਮਿੰਦਰ ਪੱਡਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ | ਲਾਲੀ ਸਿੱਧੂ | ਨਛੱਤਰ ਸਿੰਘ | ਗੁਰਦੇਵ ਸਿੰਘ ਜੌੜਾ | ਬਲਜਿੰਦਰ ਢਿੱਲੋਂ | ਵੀਰ ਬਰਾੜ

## ਗੋਲਡ ਸਪਾਂਸਰ



ਰਛਪਾਲ ਖੰਗੂੜਾ | ਹਰਦੀਪ ਗਿੱਲ | ਗੁਲਜ਼ਾਰ ਸਿੰਘ ਮੁਲਤਾਨੀ | ਪਾਲ ਖਲੀਲ | ਪਰਮਿੰਦਰ ਵਾਲੀਆ | ਰਿੰਪੀ ਖੱਟੜਾ | ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਬਿਕਰਮ ਸਿੱਧੂ | ਹਰਵਿੰਦਰ ਵਾਲੀਆ



ਸਵ. ਰਾਜਿੰਦਰ ਸਿੰਘ ਬੈਂਸ | ਮਨਦੀਪ ਸਿੰਘ ਭੂਰਾ | ਰਾਣਾ ਸਿੰਘ ਵਿਰਕ | ਸੋਨੀ ਹਿਊਸਟਨ | ਜੱਸੀ ਧਾਲੀਵਾਲ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਮੱਖਣ ਗਿੱਲ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਗੁਰਦਿੱਤ ਸਿੰਘ ਸੈਣੀ



ਦਪਿੰਦਰ ਸਿੰਘ ਧਾਲੀਵਾਲ | ਕੰਵਰਵੀਰ ਸਿੰਘ ਕੇਪੀ | ਬਲਜੀਤ ਸਿੰਘ | ਜਸਵੰਤ ਸਿੰਘ | ਹਰਭਜਨ ਸਿੰਘ ਚਾਹਲ | ਸੁਖਵੰਤ ਪਹਿਲਵਾਨ | ਅਜੇ ਭੰਗੂ | ਸਰਬਜੀਤ ਸਿੰਘ ਸਿੱਧੂ | ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਰਵਿੰਦਰ ਸਹੋਤਾ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਗੁਰਲਾਲ ਸਿੰਘ ਭੱਠਲ | ਚਰਨਜੀਤ ਸਮਰਾ | ਟੋਨੀ ਸੰਘੇੜਾ | ਹਰਜੀਤ ਸਿੰਘ | ਮਨਦੀਪ ਸਿੰਘ ਸੁਮਲ | ਦੇਸੀ ਬਰਦਰਜ਼ | ਜੀਤ ਸਿੰਘ



ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਲਵਪ੍ਰੀਤ ਗਰੇਵਾਲ | ਗੁਰਪ੍ਰੀਤ ਗਰੇਵਾਲ | ਹੈਪੀ ਸਿੰਘ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ | ਸੁਖੀ ਸਿੰਘ | ਦਰਸ਼ਨ ਸਿੰਘ ਗਿੱਲ



ਸੁੱਖਾ ਬੱਲ | ਬਲਜੋਤ ਸਿੰਘ | ਮੌਂਟੀ ਸਿੰਘ | ਗੁਰੀ ਵਿਰਕ | ਜੋਰਾ ਗਾਖਲ | ਮਨਪ੍ਰੀਤ ਸਿੰਘ | ਲਖਵੀਰ ਸਿੰਘ ਪੂਨੀ | ਗੋਪੀ ਗਾਖਲ | ਨਵਦੀਪ ਸਿੰਘ | ਸਿਮਰਨ ਸਿੰਘ | ਮੇਜਰ ਚਾਹਲ | ਦਲਵੀਰ ਸਿੰਘ



ਬਲਬੀਰ ਬੈਦਵਾਨ | ਜਤਿੰਦਰ ਭੰਡਾਲ | ਸੋਨੀ ਔਜਲਾ | ਧਰਮਿੰਦਰ ਬਾਠ | ਗੁਰਮੀਤ ਬਾਠ | ਲਖਵੀਰ ਸਿੰਘ ਭੁੱਲਰ | ਬਲਵਿੰਦਰ ਸਿੰਘ ਵਿਰਕ | ਦਿਲਰਾਜ ਢੀਂਡਸਾ | ਜਗਜੀਤ ਢੀਂਡਸਾ | ਰਾਜਵਿੰਦਰ ਢੀਂਡਸਾ | ਬਿਕਰਮ ਸੋਹੀ




ਕੁਲਵੰਤ ਸਿੰਘ ਨਾਗਰਾ | ਚਰਨ ਸਿੰਘ ਨਾਗਰਾ | ਰਵਿੰਦਰ ਸਿੰਘ ਰਵੀ | ਗੁਰਮੇਲ ਸਿੰਘ ਅਟਵਾਲ | ਹਰਦੀਪ ਸਿੰਘ ਜੱਸੜ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਅਯੁਧਿਆ ਸਲਵਾਨ | ਗੁਰਚਰਨ ਝਾਵਰ | ਪ੍ਰਦੀਪ ਸਲਵਾਨ | ਵਿੱਕ ਬਾਵਾ



ਕੁਲਵਿੰਦਰ ਬੱਬੀ | ਬਲਵੀਰ ਸਿੰਘ ਮੁਲਤਾਨੀ | ਗਗਨਦੀਪ ਸਿੰਘ | ਹਰਪ੍ਰੀਤ ਸਿੰਘ ਸੈਣੀ | ਮਨਮੋਹਨ ਸਿੰਘ ਸੈਣੀ | ਪਰਮਜੀਤ ਸੋਹਲ | ਜਸਬੀਰ ਸਿੰਘ ਦਿਓਲ | ਗੁਰਮੁਖ ਸਿੰਘ | ਸੁਖਰਾਜ ਸਿੰਘ ਕਾਹਲੋਂ | ਰਵਿੰਦਰ ਰਵੀ | ਮਨਜੀਤ ਸਿੰਘ | ਸਤਨਾਮ ਸਿੰਘ



ਯਾਦਵਿੰਦਰ ਸੋਹਲ | ਮਨਜੀਤ ਸਹੋਤਾ | ਸਤਵੀਰ ਬਾਠ | ਪਰਮਜੀਤ ਬਾਠ | ਨਵੀ ਠੱਕਰ | ਹਰਮਿੰਦਰ ਗਿੱਲ | ਸ਼ਾਨਦੀਪ ਸਿੱਧੂ | ਅਰਸ਼ਦੀਪ ਭੋਗਲ | ਕੀਰਤ ਸਿੰਘ | ਰਣਜੀਤ ਸਿੰਘ


SERVING WISCONSIN & ILLINOIS STATE

RE/MAX

JESSE SINGH
Ph: 847-606-3664

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



# Shere Punjab Sports and Cultural Club, Chicago

## ਸਿਲਵਰ ਸਪਾਂਸਰ



ਤਾਰੀ | ਗੁਰਚਰਨ ਗਿੱਲ | ਗੁਲਜ਼ਾਰ ਵਿਰਕ | ਪੁਨੀਤ ਸਹਿਜਪਾਲ | ਜੱਸੀ ਨੰਨੜ, ਨਵਜੋਤ ਗਾਖਲ, ਡੀ ਜੇ ਸੋਨੀ | ਸਵ. ਸੰਦੀਪ ਧਾਲੀਵਾਲ | ਜੱਸਾ ਖਹਿਰਾ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ | ਇੰਦਰਪਾਲ ਸਿੰਘ ਪਾਲ



ਲੱਕੀ ਸਹੋਤਾ | ਸੰਤੋਖ ਸਿੰਘ ਡੀ. ਸੀ. | ਅਜੈਬ ਸਿੰਘ ਲੱਖਣ | ਹੈਪੀ ਹੀਰ | ਜਸਕਰਨ ਸਿੰਘ ਧਾਲੀਵਾਲ | ਹਰਜਿੰਦਰ ਸਿੰਘ ਖਹਿਰਾ | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਮਿੱਢਾ ਮਾਹਲਪੁਰੀਆ | ਸਤਨਾਮ ਮਿਨਹਾਸ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਤਰਲੋਚਨ ਸਿੰਘ ਮੁਲਤਾਨੀ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਪਰਮਿੰਦਰ ਸਿੰਘ ਗਰੇਵਾਲ | ਸੰਤੋਖ ਸਿੰਘ ਭਟਨੂਰਾ | ਭਿੰਦਰ ਪੰਮਾ



ਗੁਰਪ੍ਰੀਤ ਸਿੰਘ ਗੇਹਲਣ | ਸਹੋਤਾ ਸਾਹਿਬ | ਇੰਦਰਜੀਤ ਗਰੇਵਾਲ | ਅਭੀ ਜ਼ੈਲਦਾਰ | ਰਿਪਨ ਜ਼ੈਲਦਾਰ | ਸਤਨਾਮ ਸਿੱਧੂ | ਦਿਲਪ੍ਰੀਤ ਢਿੱਲੋਂ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ | ਰੰਮੀ ਗਰੇਵਾਲ | ਜਤਿੰਦਰ ਦਿਓਲ | ਦਰਸ਼ਨ ਸਿੰਘ | ਮੰਗਾ ਪ੍ਰਧਾਨ



ਹੈਪੀ ਗਰੇਵਾਲ | ਕਰਨ ਗਾਖਲ | ਰਵਿੰਦਰ ਗਾਖਲ | ਜਗਤਾਰ ਗਾਖਲ | ਹਨੀ ਮਾਨ | ਗੌਰਵ ਪੰਡਤ | ਬੌਬੀ ਸੈਣੀ | ਗੁਰਵੀਰ ਸਿੰਘ | ਜਸਬੀਰ ਸਿੰਘ | ਦਮਨ ਅਤੇ ਤਨੂ ਵਿਰਕ | ਕਰਾਊਨਪੁਆਇੰਟ ਗਰੁੱਪ






ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ





ASHKE BHANGRA CLUB CHICAGO

Media
ਰੇਡੀਓ ਚੰਨ ਪਰਦੇਸੀ

5Rivers ENTERTAINMENT


## ਮਜੀਠਾ ਖੇਤਰ ਵਿਚ ਸ਼ਰਾਬ ਨਾਲ ਹੋਈਆਂ ਮੌਤਾਂ

*(ਸਫਾ 10 ਦਾ ਬਾਕੀ)*

ਕਾਂਗਰਸ ਸਰਕਾਰਾਂ ਦੌਰਾਨ ਵਧੇ-ਫੁੱਲੇ ਡਰੱਗ ਮਾਫੀਆ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੱਤਾ ਦੀ ਵਾਗਡੋਰ ਸੌਂਪੀ ਸੀ। 'ਆਪ' ਵੱਲੋਂ ਦਿੱਤੇ 'ਬਦਲਾਅ' ਦੇ ਨਾਅਰੇ ਨੇ ਲੋਕਾਂ ਦੇ ਮਨ ਵਿਚ ਆਸ ਦੀ ਕਿਰਨ ਪੈਦਾ ਕੀਤੀ ਸੀ ਪਰ ਜਦ ਹੁਣ 'ਆਪ' ਸਰਕਾਰ ਦੌਰਾਨ ਵੀ ਪੰਜਾਬ ਵਿਚ ਨਕਲੀ ਸ਼ਰਾਬ ਲੋਕਾਂ ਨੂੰ ਵੇਚੀ ਜਾ ਰਹੀ ਹੈ ਤੇ ਸ਼ਰਾਬ ਨਾਲ ਮੌਤਾਂ ਹੋ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਇਸ ਸਰਕਾਰ ਦਾ ਕਿਰਦਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਹੈ। ਇਨ੍ਹਾਂ ਨੇ ਸਾਢੇ ਤਿੰਨ ਸਾਲ ਦੇ ਵਕਫੇ ਦੌਰਾਨ ਇਕ ਵੀ ਅਜਿਹਾ ਕਦਮ ਨਹੀਂ ਚੁੱਕਿਆ ਜਿਸ ਨਾਲ ਨਸ਼ਾ ਤਸਕਰਾਂ ਨੂੰ ਰੋਕਿਆ ਗਿਆ ਹੋਵੇ। ਇਸੇ ਕਾਰਨ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮਜੀਠਾ ਖੇਤਰ ਵਿਚ ਹੋਈਆਂ ਮੌਤਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੈਪਟਨ ਸਰਕਾਰ ਵੇਲੇ ਦਿੱਤਾ ਉਹ ਬਿਆਨ ਚੇਤੇ ਕਰਵਾਇਆ ਹੈ, ਜਦ ਭਗਵੰਤ ਮਾਨ ਨੇ ਕਿਹਾ ਸੀ ਕਿ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿਚ 'ਮੁੱਖ ਮੰਤਰੀ ਖ਼ਿਲਾਫ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ'। ਚਲੋ ਕਤਲ ਕੇਸ ਦਰਜ ਕਰਨਾ ਤਾਂ ਵੱਡੀ ਗੱਲ ਹੈ, ਇੱਥੇ ਤਾਂ ਕੋਈ ਜ਼ਿੰਮੇਵਾਰੀ ਮੰਨ ਕੇ ਅਸਤੀਫਾ ਦੇਣ ਨੂੰ ਵੀ ਤਿਆਰ ਨਹੀਂ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ ਪਰ ਸ਼ਰਾਬ ਦੀਆਂ ਕੀਮਤਾਂ ਵਧਾਉਣ ਨਾਲ ਜਾਂ ਸ਼ਰਾਬ 'ਤੇ ਮੁਕੰਮਲ ਪਾਬੰਦੀ ਲਾਉਣ ਨਾਲ ਲੋਕ ਸ਼ਰਾਬ ਪੀਣੀ ਘੱਟ ਨਹੀਂ ਕਰਨਗੇ, ਬਲਕਿ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧੇਗਾ। ਨਸ਼ਿਆਂ ਦੀ ਜੜ੍ਹ ਕਿਸੇ ਵੀ ਮੁਲਕ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਢਾਂਚੇ ਵਿਚ ਪਈ ਹੁੰਦੀ ਹੈ। ਜਦ ਤੱਕ ਲੋਕਾਂ ਦੀਆਂ ਸਮੱਸਿਆਵਾਂ ਬਰਕਰਾਰ ਹਨ ਤਦ ਤੱਕ ਨਸ਼ਿਆਂ ਨੂੰ ਮੁਕੰਮਲ ਰੂਪ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਕਿਤੇ ਵੀ ਧੱਕੇ ਨਾਲ ਸ਼ਰਾਬਬੰਦੀ ਕਾਮਯਾਬ ਨਹੀਂ ਹੋਈ ਹੈ। ਅਮਰੀਕਾ ਵਿਚ 1920 ਤੋਂ 1933 ਤੱਕ ਸ਼ਰਾਬਬੰਦੀ ਰਹੀ ਪਰ ਸ਼ਰਾਬਬੰਦੀ ਦੇ ਇਸ ਦੌਰ ਦੌਰਾਨ ਸ਼ਰਾਬ ਤਾਂ ਬੰਦ ਕੀ ਹੋਣੀ ਸੀ, ਬਲਕਿ ਲੋਕਾਂ ਨੂੰ ਚੋਰੀ-ਛੁਪੇ ਸ਼ਰਾਬ ਅਤੇ ਬੀਅਰ ਮੁਹੱਈਆ ਕਰਵਾਉਣ ਲਈ ਕਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਅਮਰੀਕਾ ਵਿਚ ਇੱਕ ਵੱਡਾ ਸ਼ਰਾਬ ਮਾਫੀਆ ਪੈਦਾ ਹੋਇਆ ਸੀ।

ਸਰਕਾਰ ਨੇ ਸ਼ਰਾਬ ਦੇ ਮਾਮਲੇ ਵਿਚ ਕਦੇ ਵੀ ਲੋਕਾਂ ਨੂੰ ਚੇਤਨ ਨਹੀਂ ਕੀਤਾ ਹੈ। ਸ਼ਰਾਬ ਸਬੰਧੀ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਾਡੇ ਸਮਾਜ ਵਿਚ ਅੱਗੇ ਦੀ ਅੱਗੇ ਚੱਲੀ ਜਾ ਰਹੀਆਂ ਹਨ। ਜਿਵੇਂ ਇਕ ਪੰਜਾਬੀ ਗੀਤ ਬਹੁਤ ਮਕਬੂਲ ਹੋਇਆ, ਜਿਸ ਵਿਚ ਪਹਿਲੇ ਤੋੜ ਦੀ ਸ਼ਰਾਬ ਨੂੰ ਉਚਿਆਇਆ ਗਿਆ ਸੀ ਹਾਲਾਂਕਿ ਵਿਗਿਆਨਕ ਢੰਗ ਨਾਲ ਵੇਖੀਏ ਤਾਂ ਪਹਿਲੇ ਤੋੜ ਦੀ ਸ਼ਰਾਬ ਮਨੁੱਖੀ ਸਰੀਰ ਲਈ ਹਾਨੀਕਾਰਕ ਹੁੰਦੀ ਹੈ। ਜੇਕਰ ਸਰਕਾਰਾਂ ਨੇ ਸ਼ਰਾਬ ਪ੍ਰਤੀ ਲੋਕਾਂ ਨੂੰ ਚੇਤਨ ਕੀਤਾ ਹੁੰਦਾ ਤਾਂ ਲੋਕ ਮੀਥਾਨੋਲ ਜਾਂ ਸਪਰਿਟ ਨਾ ਪੀਂਦੇ।

ਬਣਦਾ ਇਹ ਹੈ ਕਿ ਸਰਕਾਰ ਸ਼ਰਾਬ ਤੋਂ ਮੁਨਾਫਾ ਕਮਾਉਣਾ ਬੰਦ ਕਰੇ। ਨਕਲੀ ਸ਼ਰਾਬ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਪੁਲੀਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਕੇ ਸ਼ਰਾਬ ਮਾਫੀਆ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਰਕਾਰ ਇਹ ਮੰਨੇ ਕਿ ਜਦ ਕਿਸੇ ਸਮਾਜ ਦਾ ਗਿਣਨਯੋਗ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਜਾਵੇ ਤਾਂ ਇਸਦੀ ਜੜ੍ਹ 'ਸੱਤਾ' ਦੀਆਂ ਨੀਤੀਆਂ ਵਿਚ ਹੁੰਦੀ ਹੈ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਿਆਂ ਖ਼ਿਲਾਫ ਅਖੌਤੀ ਮੁਹਿੰਮ ਦੀ ਥਾਂ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕੀਤਾ ਜਾਵੇ ਤੇ ਸੂਬੇ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਕਿ ਨੌਜਵਾਨਾਂ ਨੂੰ ਜ਼ਿੰਦਗੀ ਮੰਤਵ ਮਿਲ ਸਕੇ।

## ਕੱਚ ਪੱਕ ਦਾ ਸੁਮੇਲ

ਪਿੰਡੋਂ ਜਾਂਦਾ ਕਿਲੋਮੀਟਰ ਦਾ ਕੱਚਾ ਰਾਹ..ਮਾਂ ਪੈਦਲ ਤੁਰਾ ਲੈਂਦੀ..ਘੜੀ ਮੁੜੀ ਲਾਰਾ ਲੌਂਦੀ..ਪੱਕੀ ਹੱਟੀ ਤੋਂ ਚੀਜੀ ਲੈ ਕੇ ਦਿਆਂਗੀ..!

ਮੈਂ ਹਿਸਾਬ ਲਉਂਦਾ ਤੁਰਿਆ ਜਾਂਦਾ..ਅੱਜ ਫਲਾਣੀ ਚੀਜ ਲੈਣੀ..ਇਸ ਚੱਕਰ ਵਿਚ ਵਿਥ ਪੈ ਜਾਂਦੀ..ਉਹ ਪਰਤ ਕੇ ਕੋਲ ਆਉਂਦੀ..ਆਖਦੀ ਛੇਤੀ ਤੁਰ ਬੱਸ ਲੰਘ ਜਾਣੀ..ਮੈਂ ਉਸ ਵੱਲ ਆਪਣੀਆਂ ਬਾਹਵਾਂ ਉਲਾਰ ਦਿੰਦਾ..ਚੁੱਕ ਲਵੇ..ਪਰ ਉਸ ਕੋਲ ਕਿੰਨੇ ਝੋਲੇ ਹੁੰਦੇ..ਪਹਿਲੋਂ ਨਾਂਹ ਕਰਦੀ..ਪਰ ਮੈਨੂੰ ਪਤਾ ਹੁੰਦਾ ਕੇ ਕੋਈ ਨਾ ਕੋਈ ਹੱਲ ਲੱਭ ਹੀ ਲੈਣਾ..ਮਾਂ ਜੋ ਹੋਈ..ਉਹ ਉੱਲਰੀਆਂ ਬਾਹਵਾਂ ਵੱਲ ਵੇਖਦੀ..ਕੁਝ ਪਲ ਸੋਚਦੀ..ਫੇਰ ਸਾਰੇ ਝੋਲੇ ਹੇਠਾਂ ਰੱਖ ਮੈਨੂੰ ਚੁੱਕ ਕੰਧਾੜੇ ਚਾੜ ਲੈਂਦੀ..ਫੇਰ ਤੁਰ ਪੈਂਦੀ..ਮੁੜਕਾ ਪੂੰਝਦੀ ਨੇ ਮੇਰਾ ਸਿਰ ਆਪਣੀ ਗਿੱਲੀ ਚੁੰਨੀ ਨਾਲ ਢੱਕਿਆ ਹੁੰਦਾ..!

ਅੱਗਿਓਂ ਆਉਂਦੇ ਜਾਂਦੇ ਮੇਰੇ ਵੱਲ ਵੇਖਦੇ..ਆਖਦੇ ਮਾਂ ਤੇ ਭਾਰ ਕਿਓਂ ਪਾਇਆ..ਮੈਂ ਬਿਨਾ ਬੋਲੇ ਜੁਆਬ ਦਿੰਦਾ..ਮੇਰੀ ਮਾਂ ਏ ਜੋ ਮਰਜੀ ਕਰਾਂ ਮੇਰਾ ਹੱਕ ਏ..!

ਮੈਨੂੰ ਕੋਲ ਆਉਂਦਾ ਪੱਕੀ ਹੱਟੀ ਵਾਲਾ ਪਿੱਪਲ ਦਿਸਦਾ..ਅੰਦਰੋਂ ਅੰਦਰੀ ਖੁਸ਼ ਹੋ ਜਾਂਦਾ..ਓਥੇ ਅੱਪੜ ਮੈਨੂੰ ਹੇਠਾਂ ਲਾਹੁੰਦੀ..ਕੋਲ ਨਲਕੇ ਤੋਂ ਪਾਣੀ ਪੀਂਦੀ..ਮੈਂ ਭੱਜ ਕੇ ਹੱਟੀ ਵੱਲ ਨੂੰ ਹੁੰਦਾ..ਪਰ ਅੱਜ ਜੰਦਰਾ ਲੱਗਾ ਵੇਖਦਾ..ਮੈਂ ਬਾਰ ਖੜਕਾਉਂਦਾ..ਕਦੇ ਬੰਦ ਬਾਰੀ ਨੂੰ..ਕੋਈ ਜੁਆਬ ਨਹੀਂ..ਫੇਰ ਨਿਢਾਲ ਹੋ ਕੇ ਬੈਠੀ ਮਾਂ ਕੋਲ ਆਉਂਦਾ..ਸ਼ਿਕਾਇਤ ਲੌਂਦਾ ਬਾਬਾ ਜੀ ਬੂਹਾ ਨਹੀਂ ਖੋਲਦੇ..ਕੋਲ ਥੜੇ 'ਤੇ ਬੈਠਾ ਅਲੂਣੀ ਉਮਰ ਦਾ ਇੱਕ ਮੁੰਡਾ ਦੱਸਦਾ..ਦੋ ਦਿਨ ਤੋਂ ਬੰਦ ਏ..ਘਰੇ ਕੋਈ ਮਰਗ ਹੋ ਗਈ..ਮੇਰੇ ਸਾਰੇ ਸੁਫ਼ਨੇ ਟੁੱਟ ਜਾਂਦੇ..ਮੈਂ ਥੱਲੇ ਲੇਟਣ ਲੱਗਦਾ..ਏਨੇ ਨੂੰ ਬੱਸ ਆ ਜਾਂਦੀ..ਮਾਂ ਮੈਨੂੰ ਧਰੂਹ ਕੇ ਉੱਪਰ ਚਾੜ ਲੈਂਦੀ..ਮੈਂ ਪਿਛਲੀ ਬਾਰੀ ਥਣੀ ਵੇਖੀ ਜਾਂਦਾ..ਪਲ ਪਲ ਦੂਰ ਹੁੰਦੀ ਜਾਂਦੀ ਕੱਚੇ ਪੱਕੇ ਦੇ ਸੁਮੇਲ ਤੇ ਬਣੀ ਬਾਬੇ ਦੀ ਹੱਟੀ ਵੱਲ..!

ਨਾਨਾ ਜੀ ਅਕਸਰ ਆਖਿਆ ਕਰਦਾ..ਕੱਚ ਪੱਕ ਦਾ ਸੁਮੇਲ ਹਮੇਸ਼ਾ ਦੁਬਿਧਾ ਉਪਜਦਾ..ਪਰ ਅੱਜ ਹੁੰਦਾ ਤਾਂ ਦੱਸਦਾ..ਇਹ ਕਈ ਵੇਰ ਰੁਆ ਵੀ ਦਿੰਦਾ..ਬੋਹੜ ਹੇਠ ਬਣੀ ਬਾਬੇ ਦੀ ਬੰਦ ਹੱਟੀ ਵਾਂਙ!

*-ਹਰਪ੍ਰੀਤ ਸਿੰਘ ਜਵੰਦਾ*

# 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ': ਸਵਾਲ ਕਰਨਾ ਮਨ੍ਹਾ ਹੈ!

***ਭਾਰਤ ਵਿਚ ਮਾਮੂਲੀ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ ਆਮ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਨਾ ਆਮ ਵਰਤਾਰਾ ਬਣ ਚੁੱਕਾ ਹੈ। ਹੁਣ ਜਿਹੇ ਦੋ ਅਜਿਹੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ, ਜਿਨ੍ਹਾਂ ਦੇ ਪਿੱਛੇ ਸੱਤਾਧਾਰੀ ਧਿਰ ਦੀ ਰਾਜਨੀਤਕ ਜਬਰ ਦੀ ਨੀਤੀ ਤੋਂ ਬਿਨਾ ਹੋਰ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਤ੍ਰਾਸਦੀ ਇਹ ਹੈ ਕਿ ਭਾਰਤ ਦੀ ਸਿਵਲ ਸੁਸਾਇਟੀ ਵਿਚ ਇਸ ਨੂੰ ਲੈ ਕੇ ਕੋਈ ਖ਼ਾਸ ਹਲਚਲ ਨਹੀਂ ਹੈ। ਇਨ੍ਹਾਂ ਪੱਖਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ***


ਰੇਜਾਜ਼


ਪ੍ਰੋਫੈਸਰ ਅਲੀ

ਹਿਟਲਰ-ਮੁਸੋਲਿਨੀ ਦੀ ਪੈਰੋਕਾਰ ਭਗਵਾ ਹਕੂਮਤ ਭਾਰਤੀ ਲੋਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਲਗਾਤਾਰ ਹਮਲੇ ਕਰ ਰਹੀ ਹੈ। ਦੋ ਸ਼ਖ਼ਸੀਅਤਾਂ, ਅਲੀ ਖ਼ਾਨ ਮਹਮੂਦਾਬਾਦ ਅਤੇ ਰੇਜਾਜ਼ ਐੱਮ ਸ਼ੀਬਾ ਸਿਦੀਕ ਦੀ ਗ੍ਰਿਫ਼ਤਾਰੀ ਇਸ ਫਾਸ਼ੀਵਾਦੀ ਹਮਲੇ ਦੀਆਂ ਤਾਜ਼ਾ ਮਿਸਾਲਾਂ ਹਨ। ਗ੍ਰਿਫ਼ਤਾਰ ਕੀਤੇ ਪ੍ਰੋਫੈਸਰ ਅਲੀ ਖ਼ਾਨ ਰਾਜਨੀਤੀ-ਵਿਗਿਆਨ ਅਤੇ ਇਤਿਹਾਸ ਦੇ ਵਿਦਵਾਨ ਹਨ ਅਤੇ ਹਰਿਆਣਾ ਦੀ ਅਸ਼ੋਕਾ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਹਨ। ਰੇਜਾਜ਼ ਕੇਰਲਾ ਤੋਂ ਸੁਤੰਤਰ ਪੱਤਰਕਾਰ ਤੇ ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜ਼ੇਸ਼ਨ ਦੇ ਕਾਰਕੁਨ ਹਨ। ਦੋਹਾਂ ਦੇ ਨਾਮਾਂ ਤੋਂ ਸਪਸ਼ਟ ਹੈ ਕਿ ਉਹ ਉਸ ਧਾਰਮਿਕ ਫਿਰਕੇ ਨਾਲ ਸੰਬੰਧਤ ਹਨ,

**ਬੂਟਾ ਸਿੰਘ ਮਹਿਮੂਦਪੁਰ**

ਜੋ ਆਰ.ਐੱਸ. ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਵਿਚ ਦੋਇਮ-ਦਰਜੇ ਦੇ ਨਾਗਰਿਕ ਹਨ।

ਪ੍ਰੋਫੈਸਰ ਅਲੀ ਨੇ 'ਓਪਰੇਸ਼ਨ ਸਿੰਧੂਰ' ਨਾਲ ਬਣੇ ਮਾਹੌਲ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਪੋਸਟ ਪਾਈ ਸੀ। ਸੋਨੀਪਤ ਪੁਲਿਸ ਨੇ ਉਨ੍ਹਾਂ ਨੂੰ ਭਾਜਪਾ ਦੇ 'ਯੁਵਾ ਮੋਰਚਾ' ਦੇ ਸਕੱਤਰ ਦੀ ਸ਼ਿਕਾਇਤ 'ਤੇ ਸੰਗੀਨ ਧਾਰਾਵਾਂ ਲਗਾ ਕੇ ਗ੍ਰਿਫ਼ਤਾਰ ਕੀਤਾ ਹੈ। ਸ਼ਿਕਾਇਤ-ਕਰਤਾ ਕਿਉਂਕਿ ਭਗਵਾ ਸੱਤਾਧਾਰੀ ਧਿਰ ਨਾਲ ਸੰਬੰਧਤ ਹੈ, ਇਸ ਲਈ ਹਰਿਆਣਾ ਪੁਲਿਸ ਨੇ ਜਾਂਚ ਕੀਤੇ ਤੋਂ ਬਿਨਾ ਹੀ ਬੇਹੱਦ ਸੰਗੀਨ ਧਾਰਾਵਾਂ ਲਗਾ ਕੇ ਪ੍ਰੋਫੈਸਰ ਨੂੰ ਗ੍ਰਿਫ਼ਤਾਰ ਕਰ ਲਿਆ। ਸੈਂਕੜੇ ਉੱਘੀਆਂ ਸ਼ਖ਼ਸੀਅਤਾਂ ਅਤੇ ਰਾਜਨੀਤਕ ਆਗੂਆਂ ਨੇ ਇਸ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਹੈ ਅਤੇ ਸੋਸ਼ਲ ਮੀਡੀਆ ਉੱਪਰ ਉਸਦੀ ਹਮਾਇਤ ਵਿਚ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ।

ਹਰਿਆਣੇ ਦੇ 'ਮਹਿਲਾ ਕਮਿਸ਼ਨ' ਨੇ ਪ੍ਰੋਫੈਸਰ ਵਿਰੁੱਧ ਵੱਖਰਾ ਪਰਚਾ ਦਰਜ ਕਰਾਇਆ ਹੈ ਕਿ ਪ੍ਰੋਫੈਸਰ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਫ਼ੌਜ ਦੀਆਂ ਔਰਤ ਅਧਿਕਾਰੀਆਂ ਦਾ ਅਪਮਾਨ ਕੀਤਾ ਹੈ। ਜਦਕਿ ਉਸ ਪੋਸਟ ਵਿਚ ਅਜਿਹਾ ਕੁਝ ਵੀ ਨਹੀਂ ਹੈ ਅਤੇ ਪ੍ਰੋਫੈਸਰ ਨੇ ਮਹਿਲਾ ਕਮਿਸ਼ਨ ਦੇ ਨੋਟਿਸ ਦੇ ਜਨਤਕ ਜਵਾਬ ਵਿਚ ਬੇ-ਬੁਨਿਆਦ ਦੋਸ਼ਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਹੈ। ਇਹ ਹਰਿਆਣੇ ਦਾ ਉਹੀ 'ਮਹਿਲਾ ਕਮਿਸ਼ਨ' ਜਿਸ ਨੂੰ ਨਾ ਪੂਰੇ ਮੁਲਕ ਵਿਚ ਔਰਤਾਂ ਉੱਪਰ ਹੋ ਰਹੇ ਜ਼ੁਲਮ ਨਜ਼ਰ ਆਉਂਦੇ ਹਨ ਅਤੇ ਨਾ ਇਸਨੂੰ ਹਰਿਆਣੇ ਦੀਆਂ ਪਹਿਲਵਾਨ ਕੁੜੀਆਂ ਦਾ ਜਿਨਸੀ ਸ਼ੋਸ਼ਣ ਨਜ਼ਰ ਆਇਆ ਸੀ। ਪ੍ਰੋ. ਅਲੀ ਨੇ ਅਜਿਹਾ ਕੀ ਲਿਖਿਆ, ਜਿਸ ਨਾਲ ਭਗਵਾ ਅਨਸਰਾਂ ਦੀਆਂ ਭਾਵਨਾਵਾਂ ਭੜਕ ਉੱਠੀਆਂ ਅਤੇ ਉਸ ਦੇ ਵਿਚਾਰਾਂ ਨੂੰ ਦੋ ਫਿਰਕਿਆਂ ਦਰਮਿਆਨ ਨਫ਼ਰਤ ਭੜਕਾਉਣ ਵਾਲੇ ਮੰਨ ਲਿਆ ਗਿਆ? ਇਸ ਨੂੰ ਸਮਝਣ ਲਈ ਪੂਰੀ ਸੋਸ਼ਲ ਮੀਡੀਆ ਪੋਸਟ ਪੜ੍ਹਨੀ ਠੀਕ ਰਹੇਗੀ। ਪ੍ਰੋਫੈਸਰ ਨੇ ਲਿਖਿਆ:

'ਯੁੱਧਨੀਤਕ ਨਜ਼ਰੀਏ ਤੋਂ ਭਾਰਤ ਨੇ ਹੁਣ ਇਕ ਨਵੇਂ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਵਿਚ ਪਾਕਿਸਤਾਨ ਵਿਚ ਮੌਜੂਦ ਦਹਿਸ਼ਤਵਾਦੀ ਅਤੇ ਫ਼ੌਜੀ ਸੰਸਥਾਵਾਂ ਦਰਮਿਆਨ ਦੀ ਰਵਾਇਤੀ ਰੇਖਾ ਖ਼ਤਮ ਕਰ ਦਿੱਤੀ ਗਈ ਹੈ। ਹੁਣ ਕਿਸੇ ਵੀ ਦਹਿਸ਼ਤਗਰਦ ਹਮਲੇ ਦਾ ਜਵਾਬ ਰਵਾਇਤੀ ਫ਼ੌਜੀ ਤਰੀਕੇ ਨਾਲ ਦਿੱਤਾ ਜਾਵੇਗਾ। ਇਸ ਬਦਲਾਅ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਹੁਣ ਪਾਕਿਸਤਾਨ ਦੀ ਫ਼ੌਜ ਆਪਣੇ ਪੁਰਾਣੇ ਤਰੀਕੇ-ਦਹਿਸ਼ਤਗਰਦਾਂ ਅਤੇ ਗ਼ੈਰ-ਰਾਜ ਪੱਖੀ ਅਨਸਰਾਂ ਦੀ ਓਟ ਲੈਣ ਦਾ ਸਹਾਰਾ ਨਹੀਂ ਲੈ ਸਕਦੀ। ਦਰਅਸਲ, ਪਾਕਿਸਤਾਨ ਦੀ ਫ਼ੌਜ ਨੇ ਬਹੁਤ ਸਮੇਂ ਤੱਕ ਇਲਾਕੇ ਵਿਚ ਅਸਥਿਰਤਾ ਪੈਦਾ ਕਰਨ ਲਈ ਹਥਿਆਰਬੰਦ ਗ਼ੈਰ-ਰਾਜ ਐਕਟਰਾਂ (ਨਾਨ-ਸਟੇਟ ਐਕਟਰਾਂ) ਦੀ ਵਰਤੋਂ ਕੀਤੀ ਹੈ। ਇਸੇ ਦੌਰਾਨ, ਅੰਤਰਰਾਸ਼ਟਰੀ ਮੰਚਾਂ 'ਤੇ ਉਹ ਆਪਣੇ ਆਪ ਨੂੰ ਪੀੜਤ ਦੱਸ ਕੇ ਹਮਦਰਦੀ ਇਕੱਠੀ ਕਰਦੀ ਰਹੀ ਹੈ। ਇਹੀ ਨਹੀਂ, ਇਨ੍ਹਾਂ ਵਿਚੋਂ ਕੁਝ ਜਥੇਬੰਦੀਆਂ ਨੂੰ—ਜਿਨ੍ਹਾਂ ਨੂੰ ਭਾਰਤੀ ਕਾਰਵਾਈਆਂ ਵਿਚ ਨਿਸ਼ਾਨਾ ਬਣਾਇਆ ਗਿਆ—ਪਾਕਿਸਤਾਨ ਦੇ ਅੰਦਰ ਹੀ ਫਿਰਕੂ ਤਣਾਅ ਪੈਦਾ ਕਰਨ ਲਈ ਵੀ ਵਰਤਿਆ ਗਿਆ ਹੈ। 'ਓਪਰੇਸ਼ਨ ਸਿੰਧੂਰ' ਭਾਰਤ-ਪਾਕਿਸਤਾਨ ਸੰਬੰਧਾਂ ਬਾਰੇ ਬਣੀਆਂ ਹੋਈਆਂ ਪੁਰਾਣੀਆਂ ਸਮਝਾਂ ਨੂੰ ਤੋੜਦਾ ਹੈ। ਇਹ ਸਾਫ਼ ਕਰ ਦਿੰਦਾ ਹੈ ਕਿ ਹੁਣ ਦਹਿਸ਼ਤਗਰਦ ਹਮਲਿਆਂ ਦਾ ਜਵਾਬ ਸਿੱਧੀ ਫ਼ੌਜੀ ਕਾਰਵਾਈ ਨਾਲ ਦਿੱਤਾ ਜਾਵੇਗਾ ਅਤੇ ਹੁਣ ਦਹਿਸ਼ਤਵਾਦ ਅਤੇ ਰਵਾਇਤੀ ਜੰਗ ਵਿਚਕਾਰ ਕੋਈ ਭਾਸ਼ਾਈ ਜਾਂ ਯੁੱਧਨੀਤਕ ਫ਼ਰਕ ਨਹੀਂ ਛੱਡਿਆ ਜਾਵੇਗਾ। ਹਾਲਾਂਕਿ ਇਹ ਫ਼ਰਕ ਮਿਟਾ ਦਿੱਤਾ ਗਿਆ ਹੈ, ਪਰ ਭਾਰਤੀ ਫ਼ੌਜ ਨੇ ਬਹੁਤ ਹੀ ਸੰਜਮ ਅਤੇ ਯੁੱਧਨੀਤਕ ਸੂਝ ਦਿਖਾਈ ਹੈ—ਇਹ ਯਕੀਨੀ ਬਣਾਉਂਦੇ ਹੋਏ ਕਿ ਕਿਸੇ ਫ਼ੌਜੀ ਛਾਉਣੀ, ਨਾਗਰਿਕ ਢਾਂਚੇ ਜਾਂ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ, ਤਾਂ ਜੋ ਤਣਾਅ ਕੰਟਰੋਲ ਤੋਂ ਬਾਹਰ ਨਾ ਹੋ ਜਾਵੇ।'

ਸੰਦੇਸ਼ ਬਿਲਕੁਲ ਸਾਫ਼ ਹੈ—ਜੇਕਰ ਤੁਸੀਂ ਆਪਣੇ ਇਲਾਕੇ ਵਿਚ ਪੈਦਾ ਹੋ ਰਹੇ ਦਹਿਸ਼ਤਵਾਦ ਨੂੰ ਕੰਟਰੋਲ ਨਹੀਂ ਕਰੋਗੇ, ਤਾਂ ਅਸੀਂ ਕਰਾਂਗੇ। ਨਾਗਰਿਕਾਂ ਦੀ ਜਾਨ ਦਾ ਨੁਕਸਾਨ—ਭਾਵੇਂ ਉਹ ਕਿਸੇ ਵੀ ਮੁਲਕ ਦੇ ਹੋਣ—ਦੁਖਦਾਈ ਅਤੇ ਮਾਫ਼ੀ ਦੇ ਯੋਗ ਨਹੀਂ ਹੈ, ਅਤੇ ਇਹੀ ਇਕ ਮੁੱਖ ਵਜ੍ਹਾ ਹੈ ਕਿ ਯੁੱਧ ਤੋਂ ਹਰ ਹਾਲਤ 'ਚ ਬਚਿਆ ਜਾਣਾ ਚਾਹੀਦਾ ਹੈ।

ਅੱਜ ਕੁਝ ਲੋਕ ਸੋਚੇ-ਸਮਝੇ ਬਿਨਾਂ ਯੁੱਧ ਦੀ ਹਮਾਇਤ ਕਰ ਰਹੇ ਹਨ, ਪਰ ਨਾ ਤਾਂ ਉਨ੍ਹਾਂ ਨੇ ਕਦੇ ਯੁੱਧ ਦੇਖਿਆ ਹੈ, ਅਤੇ ਨਾ ਹੀ ਕਿਸੇ ਯੁੱਧ ਪੀੜਤ ਖੇਤਰ ਦਾ ਸਾਹਮਣਾ ਕੀਤਾ ਹੈ। ਕਿਸੇ ਨਾਗਰਿਕ ਸੁਰੱਖਿਆ ਅਭਿਆਸ ਵਿਚ ਭਾਗ ਲੈਣ ਨਾਲ ਤੁਸੀਂ ਫ਼ੌਜੀ ਨਹੀਂ ਬਣ ਜਾਂਦੇ, ਅਤੇ ਨਾ ਹੀ ਤੁਸੀਂ ਕਦੇ ਉਸ ਪੀੜਾ ਨੂੰ ਸਮਝ ਸਕਦੇ ਹੋ ਜੋ ਕਿਸੇ ਯੁੱਧ-ਪ੍ਰਭਾਵਿਤ ਪਰਿਵਾਰ ਜਾਂ ਵਿਅਕਤੀ ਨੂੰ ਸਹਿਣੀ ਪੈਂਦੀ ਹੈ। ਯੁੱਧ ਇਕ ਵਹਿਸ਼ਤ ਹੈ। ਇਸ ਦਾ ਸਭ ਤੋਂ ਵੱਧ ਖਮਿਆਜ਼ਾ ਗਰੀਬਾਂ ਅਤੇ ਕਮਜ਼ੋਰ ਵਰਗਾਂ ਨੂੰ ਭੁਗਤਣਾ ਪੈਂਦਾ ਹੈ। ਅਤੇ ਇਸ ਤੋਂ ਲਾਭ ਕੇਵਲ ਰਾਜਨੀਤਕਾਂ ਅਤੇ ਡਿਫੈਂਸ ਦੀਆਂ ਕੰਪਨੀਆਂ ਨੂੰ ਹੁੰਦਾ ਹੈ। ਹਾਂ, ਇਹ ਸੱਚ ਹੈ ਕਿ ਇਤਿਹਾਸ ਸਾਨੂੰ ਦੱਸਦਾ ਹੈ ਕਿ ਰਾਜਨੀਤੀ ਆਖਿਰਕਾਰ ਹਿੰਸਾ ਰਾਹੀਂ ਹੀ ਚੱਲਦੀ ਆਈ ਹੈ, ਅਤੇ ਇਸੇ ਲਈ ਕਈ ਵਾਰੀ ਯੁੱਧ ਅਟੱਲ ਹੋ ਜਾਂਦਾ ਹੈ। ਪਰ ਇਤਿਹਾਸ ਵਿਚ ਸ਼ਾਇਦ ਹੀ ਕੋਈ ਰਾਜਨੀਤਕ ਝਗੜਾ ਸਿਰਫ਼ ਫ਼ੌਜੀ ਹਥਿਆਰਾਂ ਨਾਲ ਪੂਰੀ ਤਰ੍ਹਾਂ ਹੱਲ ਹੋਇਆ ਹੋਵੇ।

ਅਖੀਰ ਵਿਚ, ਮੈਨੂੰ ਇਹ ਦੇਖ ਕੇ ਖ਼ੁਸ਼ੀ ਹੋਈ ਕਿ ਕਈ ਸੱਜੇਪੱਖੀ ਟਿੱਪਣੀਕਾਰ ਕਰਨਲ ਸੋਫ਼ੀਆ ਕੁਰੈਸ਼ੀ ਦੀ ਤਾਰੀਫ਼ ਕਰ ਰਹੇ ਹਨ, ਪਰ ਸ਼ਾਇਦ ਉਨ੍ਹਾਂ ਨੂੰ ਏਨੀ ਹੀ ਗੰਭੀਰਤਾ ਨਾਲ ਇਹ ਵੀ ਮੰਗ ਕਰਨੀ ਚਾਹੀਦੀ ਹੈ ਕਿ ਹਜੂਮੀ ਹਿੰਸਾ ਦੇ ਸ਼ਿਕਾਰ, ਬਿਨਾ ਕਾਨੂੰਨੀ ਪ੍ਰਕਿਰਿਆ ਦੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਵਾਲਿਆਂ ਅਤੇ ਭਾਜਪਾ ਦੀ ਨਫ਼ਰਤ ਦੀ ਰਾਜਨੀਤੀ ਦੇ ਹੋਰ ਪੀੜਤਾਂ ਨੂੰ ਵੀ ਬਤੌਰ ਭਾਰਤੀ ਨਾਗਰਿਕ ਨਿਆਂ ਅਤੇ ਸੁਰੱਖਿਆ ਮਿਲੇ। ਦੋ ਔਰਤ ਅਧਿਕਾਰੀਆਂ ਵੱਲੋਂ ਪ੍ਰੈੱਸ ਕਾਨਫਰੰਸ ਕਰਨਾ ਦੇਖਣ ਨੂੰ ਮਹੱਤਵਪੂਰਨ ਦ੍ਰਿਸ਼ ਲੱਗ ਸਕਦਾ ਹੈ, ਪਰ ਜਦ ਤੱਕ ਇਹ ਮੰਜ਼ਰ ਜ਼ਮੀਨੀ ਪੱਧਰ 'ਤੇ ਠੋਸ ਬਦਲਾਅ ਵਿਚ ਨਹੀਂ ਬਦਲਦਾ, ਓਦੋਂ ਤੱਕ ਇਹ ਸਿਰਫ਼ 'ਦ੍ਰਿਸ਼ ਰਾਜਨੀਤੀ' (ਪਟਚਿਸ) ਹੀ ਰਹੇਗਾ—ਇਕ ਝੂਠਾ ਦਿਖਾਵਾ। ਜਦ ਇਕ ਮੁੱਖ ਮੁਸਲਮਾਨ ਆਗੂ ਨੇ 'ਪਾਕਿਸਤਾਨ ਮੁਰਦਾਬਾਦ' ਕਿਹਾ ਅਤੇ ਪਾਕਿਸਤਾਨੀ ਸੋਸ਼ਲ ਮੀਡੀਆ ਟਰੋਲਜ਼ ਨੇ ਉਸ ਨੂੰ ਨਿਸ਼ਾਨਾ ਬਣਾਇਆ, ਤਾਂ ਭਾਰਤ ਦੇ ਸੱਜੇਪੱਖੀ ਹਿੱਸਿਆਂ ਨੇ ਉਨ੍ਹਾਂ ਦੀ ਰੱਖਿਆ ਇਹ ਕਹਿ ਕੇ ਕੀਤੀ: 'ਉਹ ਸਾਡੇ ਮੁੱਲਾ ਹਨ।' ਇਹ ਗੱਲ ਹਾਸੋ-ਹੀਣੀ ਲੱਗ ਸਕਦੀ ਹੈ, ਪਰ ਇਹ ਵੀ ਦਰਸਾਉਂਦੀ ਹੈ ਕਿ ਫਿਰਕਾਪ੍ਰਸਤੀ ਭਾਰਤੀ ਸਿਆਸਤ ਅਤੇ ਸਮਾਜ ਦੀ ਰਗ-ਰਗ ਵਿਚ ਕਿੰਨੀ ਡੂੰਘੀ ਸਮਾ ਚੁੱਕੀ ਹੈ।

'ਮੇਰੇ ਲਈ ਇਹ ਪ੍ਰੈੱਸ ਕਾਨਫਰੰਸ ਮਹਿਜ਼ ਪਲਾਂ ਦੀ ਝਲਕ ਸੀ—ਇਕ ਭਰਮਾਊ ਸੰਕੇਤ—ਉਸ ਭਾਰਤ ਦੀ, ਜੋ ਕਦੇ ਪਾਕਿਸਤਾਨ ਦੀ ਸਥਾਪਨਾ ਦੀ ਤਰਕਹੀਣਤਾ ਦੇ ਖਿਲਾਫ਼ ਡੱਟਿਆ ਸੀ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ—ਭਾਰਤ ਦੇ ਆਮ ਮੁਸਲਮਾਨਾਂ ਦੀ ਜ਼ਮੀਨੀ ਹਕੀਕਤ, ਉੱਥੇ ਪੇਸ਼ ਕੀਤੀ ਗਈ ਸਰਕਾਰੀ ਤਸਵੀਰ ਤੋਂ ਵੱਖਰੀ ਹੈ, ਪਰ ਇਹ ਵੀ ਸੱਚ ਹੈ ਕਿ ਵੰਨ-ਸੁਵੰਨਤਾ ਵਿਚ ਏਕਤਾ ਵਾਲਾ ਭਾਰਤ ਪੂਰੀ ਤਰ੍ਹਾਂ ਮਰਿਆ ਨਹੀਂ ਹੈ। ਉਹ ਅਜੇ ਵੀ ਸਾਹ ਲੈ ਰਿਹਾ ਹੈ। ਜੈ ਹਿੰਦ।'

ਇਸ ਪੂਰੀ ਟਿੱਪਣੀ ਨੂੰ ਪੜ੍ਹ ਕੇ ਪਾਠਕ ਆਪ ਦੇਖ ਸਕਦੇ ਹਨ ਕਿ ਪ੍ਰੋਫੈਸਰ ਅਲੀ ਦੇ ਵਿਚਾਰ ਕਿੰਨੇ ਤਰਕਪੂਰਨ ਹਨ ਅਤੇ ਉਸ ਵੱਲੋਂ ਦੋ ਫਿਰਕਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਦਾ ਤਾਂ ਸਵਾਲ ਹੀ ਨਹੀਂ ਹੈ। ਇਸਦਾ ਇਕ ਹੋਰ ਸਬੂਤ ਉਸ ਦੀ ਦਹਿਸ਼ਤੀ ਹਮਲੇ ਬਾਰੇ ਟਿੱਪਣੀ ਹੈ: 'ਮੇਰੀ ਸੰਵੇਦਨਾ ਪਹਿਲਗਾਮ ਵਿਚ ਹੋਏ ਬੁਜ਼ਦਿਲ ਅਤੇ ਵਹਿਸ਼ਤੀ ਹਮਲੇ ਦੇ ਸਾਰੇ ਪੀੜਤਾਂ ਨਾਲ ਹੈ। ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਜਿਨ੍ਹਾਂ ਪਰਿਵਾਰਾਂ ਤੋਂ ਉਨ੍ਹਾਂ ਦੇ ਪਿਆਰੇ ਜੀਅ ਖੋਹ ਲਏ, ਉਨ੍ਹਾਂ ਲਈ ਦੁਆਵਾਂ। ਜੋ ਤਸਵੀਰਾਂ ਅਤੇ ਵੀਡੀਓ ਸਾਹਮਣੇ ਆਏ ਹਨ, ਉਹ ਬੇਹੱਦ ਦਿਲ ਦਹਿਲਾਉਣ ਵਾਲੇ ਹਨ।'

ਪ੍ਰੋਫੈਸਰ ਅਲੀ ਦੀ ਸੰਜੀਦਾ ਸੋਚ ਯੁੱਧਬੰਦੀ ਤੋਂ ਬਾਅਦ ਭੜਕਾਏ ਜਾ ਰਹੇ ਜੰਗਬਾਜ਼ ਜਨੂੰਨ ਤੋਂ ਸੁਚੇਤ ਕਰਨ ਲਈ ਕੀਤੀ ਗਈ ਟਿੱਪਣੀ 'ਯੁੱਧ ਦੀ ਅੰਨ੍ਹੀ ਪਿਆਸ' ਹੈ। ਉਨ੍ਹਾਂ ਲਿਖਿਆ:

'ਸੀਜ਼ਫਾਇਰ ਦੇ ਬਾਵਜੂਦ ਕੁਝ ਲੋਕ ਯੁੱਧ ਦੀ ਮੰਗ ਕਰ ਰਹੇ ਹਨ, ਜਿਵੇਂ ਉਨ੍ਹਾਂ ਦੀ ਆਤਮਾ ਨੂੰ ਸਿਰਫ਼ ਖ਼ੂਨ ਚਾਹੀਦਾ ਹੋਵੇ। ਯੁੱਧ ਹੁਣ ਕਿਸੇ ਇਕ ਖੇਤਰ ਤੱਕ ਸੀਮਿਤ ਨਹੀਂ ਰਿਹਾ—ਇਹ ਹੁਣ ਹਰ ਥਾਂ ਹੈ, ਤੇ ਕਿਸੇ ਵੀ ਥਾਂ ਹੋ ਸਕਦਾ ਹੈ। ਨਾਗਰਿਕ ਹਮੇਸ਼ਾਂ ਤੋਂ ਹੀ ਯੁੱਧ ਦੀ ਲਪੇਟ 'ਚ ਆਉਂਦੇ ਰਹੇ ਹਨ, ਪਰ ਫ਼ੌਜੀ ਤਕਨਾਲੋਜੀ ਕਰਕੇ ਹੁਣ ਇਸ ਦਾ ਪ੍ਰਭਾਵ ਪਹਿਲਾਂ ਨਾਲੋਂ-ਇੱਥੋਂ ਤੱਕ ਕਿ ਦੋ ਸਦੀਆਂ ਪਹਿਲਾਂ ਨਾਲੋਂ ਵੀ- ਕਈ ਗੁਣਾ ਵਧ ਗਿਆ ਹੈ।

ਤਾਂ ਜਦ ਤੁਸੀਂ ਯੁੱਧ ਦੀ ਮੰਗ ਕਰਦੇ ਹੋ, ਜਾਂ ਕਹਿੰਦੇ ਹੋ ਕਿ 'ਇਸ ਦੇਸ਼ ਨੂੰ ਮਿਟਾ ਦਿਓ' ਤਾਂ ਅਸਲ ਵਿਚ ਤੁਸੀਂ ਕੀ ਮੰਗ ਕਰ ਰਹੇ ਹੋ? ਕੀ ਤੁਸੀਂ ਇਕ ਪੂਰੇ ਭਾਈਚਾਰੇ ਦੇ ਕਤਲੇਆਮ ਦੀ ਮੰਗ ਕਰ ਰਹੇ ਹੋ? ਮੈਨੂੰ ਪਤਾ ਹੈ ਕਿ ਇਜ਼ਰਾਈਲ ਇਹ ਸਭ ਕਰ ਰਿਹਾ ਹੈ—ਅਤੇ ਕੁਝ ਭਾਰਤੀ ਇਸ ਦੀ ਸ਼ਲਾਘਾ ਵੀ ਕਰਦੇ ਹਨ—ਪਰ ਕੀ ਅਸੀਂ ਵਾਕਈ ਬੱਚਿਆਂ ਦੇ ਸਮੂਹਿਕ ਕਤਲੇਆਮ ਦੀ ਹਮਾਇਤ ਕਰਨਾ ਚਾਹੁੰਦੇ ਹਾਂ, ਸਿਰਫ਼ ਇਸ ਲਈ ਕਿ ਉਹ ਸੰਭਾਵਿਤ 'ਭਵਿੱਖੀ ਦੁਸ਼ਮਣ' ਹਨ?

ਸਿਰਫ਼ ਇਸ ਕਰਕੇ ਕਿ ਤੁਸੀਂ ਸਰਹੱਦ ਤੋਂ ਦੂਰ ਹੋ ਜਾਂ ਤੁਹਾਡੇ ਅੰਦਰ ਏਨੀ ਨਫ਼ਰਤ ਭਰ ਦਿੱਤੀ ਗਈ ਹੈ ਕਿ ਤੁਸੀਂ ਕਿਸੇ ਮੁਲਕ, ਭਾਈਚਾਰੇ, ਧਰਮ, ਜਾਤੀ ਸਮੂਹ ਜਾਂ ਸਮਾਜਿਕ ਵਰਗ ਦੇ ਲੋਕਾਂ ਨੂੰ ਇਨਸਾਨ ਮੰਨਣਾ ਹੀ ਛੱਡ ਦਿੱਤਾ ਹੈ—ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਸੁਰੱਖਿਅਤ ਹੋ। ਇਹ ਗੱਲ ਹਰ ਥਾਂ ਲਾਗੂ ਹੁੰਦੀ ਹੈ, ਜਿੱਥੇ ਵੀ ਟਕਰਾਅ ਹੈ। ਤੁਸੀਂ ਕਿਸੇ ਪੂਰੇ ਭਾਈਚਾਰੇ ਨੂੰ ਉਸ ਦੀ ਸਰਕਾਰ ਨਾਲ ਹੀ ਜੋੜ ਕੇ ਨਹੀਂ ਦੇਖ ਸਕਦੇ।

ਕਿਸੇ ਵੀ ਹਾਲਤ ਵਿਚ, ਆਖ਼ਿਰਕਾਰ ਯੁੱਧ ਸਭ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ—ਇਹ ਸਿਰਫ਼ ਵਕਤ ਦੀ ਗੱਲ ਹੁੰਦੀ ਹੈ। ਜ਼ਰਾ ਸੋਚੋ ਕਿ ਜਦ ਤੁਸੀਂ ਕਹਿੰਦੇ ਹੋ 'ਉਨ੍ਹਾਂ ਨੂੰ ਮਿਟਾ ਦਿਓ,' 'ਖਤਮ ਕਰ ਦਿਓ,' 'ਨੇਸਤਨਾਬੂਦ ਕਰ ਦਿਓ'—ਤਾਂ ਤੁਸੀਂ ਅਸਲ 'ਚ ਕੀ ਕਹਿ ਰਹੇ ਹੋ?

ਤੁਸੀਂ ਕਹਿ ਰਹੇ ਹੋ—ਉਨ੍ਹਾਂ ਦੇ ਸਾਰੇ ਬੱਚੇ, ਬਜ਼ੁਰਗ, ਘੱਟਗਿਣਤੀਆਂ, ਯੁੱਧ-ਵਿਰੋਧੀ ਲੋਕ ਅਤੇ ਹੋਰ ਸਾਰੇ ਨਿਰਦੋਸ਼ ਨਾਗਰਿਕ—ਜੋ ਵੀ ਤੁਹਾਡੇ ਵਾਂਗ ਇਕ ਪਿਓ, ਮਾਂ, ਧੀ, ਪੁੱਤਰ, ਦਾਦੀ-ਨਾਨੀ ਜਾਂ ਕੋਈ ਦੋਸਤ ਬਣ ਕੇ ਜੀਣਾ ਚਾਹੁੰਦੇ ਹਨ—ਉਨ੍ਹਾਂ ਸਭ ਨੂੰ ਮਾਰ ਦਿਓ। ਤੁਸੀਂ ਅਜਿਹਾ ਸਿਰਫ਼ ਉਦੋਂ ਹੀ ਕਹਿ ਸਕਦੇ ਹੋ ਜਦ ਤੁਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ 'ਗ਼ੈਰ-ਇਨਸਾਨ' ਮੰਨ ਲਿਆ ਹੋਵੇ।

ਇਹੀ ਤਾਂ ਮੀਡੀਆ, ਧਾਰਮਿਕ ਜਾਂ ਭਾਈਚਾਰੇ ਦੇ ਆਗੂਆਂ, ਰਾਜਨੀਤਕਾਂ ਅਤੇ ਹੋਰ ਪ੍ਰਭਾਵਸ਼ਾਲੀ ਤਾਕਤਾਂ ਦੀ ਕੋਸ਼ਿਸ਼ ਹੁੰਦੀ ਹੈ—ਦੂਜੇ ਪਾਸੇ ਵਾਲਿਆਂ ਨੂੰ ਇੰਨਾ ਅਮਾਨਵੀ ਬਣਾ ਦਿਓ ਕਿ ਤੁਸੀਂ ਉਨ੍ਹਾਂ ਨੂੰ ਇਨਸਾਨ ਵਜੋਂ ਦੇਖਣਾ ਹੀ ਛੱਡ ਦਿਓ।

ਇਹ ਦੋਹਾਂ ਪਾਸਿਆਂ ਦੀ ਹਕੀਕਤ ਹੈ—ਰੈਡਕਲਿਫ਼ ਲਾਈਨ ਦੇ ਦੋਵੇਂ ਪਾਸੇ। ਪਾਗਲ ਤਾਂ ਹਰ ਪਾਸੇ ਹਨ, ਪਰ ਜੋ ਲੋਕ ਸਰਹੱਦ ਦੇ ਨੇੜੇ ਰਹਿੰਦੇ ਹਨ, ਉਹ ਜਾਣਦੇ ਹਨ ਕਿ ਯੁੱਧ ਦਾ ਮਤਲਬ ਹੁੰਦਾ ਹੈ—ਮਨਮਾਨੀ, ਅਨਿਸ਼ਚਿਤ ਤੇ ਬੇਮਤਲਬ ਮੌਤ। ਜੋ ਲੋਕ ਸਰਹੱਦ ਤੋਂ ਦੂਰ ਹਨ, ਉਹ ਤਾਂ ਯੁੱਧ ਨੂੰ ਵੀਡੀਓ ਗੇਮ ਸਮਝਣ ਲੱਗੇ ਹਨ।

ਇਹ ਅਮਾਨਵੀਕਰਨ ਸਾਡੇ ਅੰਦਰਲੀ ਡੂੰਘੀ ਅਸੁਰੱਖਿਆ ਦਾ ਸੰਕੇਤ ਹੈ—ਅਸੀਂ ਆਪਣੀ ਇਨਸਾਨੀਅਤ ਨੂੰ ਸਾਬਤ ਕਰਨ ਲਈ ਦੂਜਿਆਂ ਦੀ ਇਨਸਾਨੀਅਤ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਾਂ।

ਪਰ ਸੱਚ ਇਹ ਹੈ ਕਿ ਜਦੋਂ ਹੀ ਤੁਸੀਂ ਕਿਸੇ ਹੋਰ ਨੂੰ ਗ਼ੈਰ-ਇਨਸਾਨ ਮੰਨ ਲੈਂਦੇ ਹੋ—ਚਾਹੇ ਉਹ ਤੁਹਾਡੇ ਜੀਵਨ ਮੁੱਲਾਂ ਦੇ ਬਿਲਕੁਲ ਉਲਟ ਹੋਵੇ—ਉਸੇ ਪਲ ਤੁਸੀਂ ਆਪਣੇ ਸਭ ਤੋਂ ਹੇਠਲੇ ਪੱਧਰ ਦੇ ਸੁਭਾਅ ਦੇ ਅਧੀਨ ਹੋ ਜਾਂਦੇ ਹੋ।

ਤੁਸੀਂ ਆਪਣੇ ਵਿਨਾਸ਼ ਦਾ ਬੀਜ ਬੀਜ ਦਿੰਦੇ ਹੋ। ਲੋਕ ਕਹਿਣਗੇ ਕਿ ਜੋ ਸ਼ਾਂਤੀ ਦੀ ਗੱਲ ਕਰਦੇ ਹਨ, ਉਹ ਡਰਪੋਕ ਹਨ। ਨਹੀਂ! ਮੈਂ ਕਹਿੰਦਾ ਹਾਂ—ਜੋ ਲੋਕ ਘਰਾਂ ਵਿਚ ਬੈਠ ਕੇ ਯੁੱਧ ਦੀ ਮੰਗ ਕਰਦੇ ਹਨ, ਅਸਲ ਡਰਪੋਕ ਉਹ ਹਨ।

ਕਿਉਂਕਿ ਯੁੱਧ ਵਿਚ ਨਾ ਉਨ੍ਹਾਂ ਦੇ ਪੁੱਤਰ-ਧੀਆਂ ਮਰਦੇ ਹਨ, ਨਾ ਉਨ੍ਹਾਂ ਦੇ ਘਰ ਉੱਜੜਦੇ ਹਨ। ਆਖ਼ਿਰਕਾਰ, ਯੁੱਧ ਕਦੇ ਅਮਨ ਕਿਵੇਂ ਲਿਆ ਸਕਦਾ ਹੈ?...ਦੁਨੀਆ ਵਿਚ ਫੌਜੀ-ਉਦਯੋਗਿਕ ਤੰਤਰ (ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ) ਸਭ ਤੋਂ ਵੱਧ ਮੁਨਾਫ਼ਾ ਕਮਾਉਣ ਵਾਲਾ ਕਾਰੋਬਾਰ ਹੈ—2.46 ਖਰਬ ਡਾਲਰ ਦਾ ਕਾਰੋਬਾਰ। ਇਸਦੇ ਮੁਕਾਬਲੇ ਦਵਾ ਉਦਯੋਗ ਸਿਰਫ਼ 1.6 ਖਰਬ ਡਾਲਰ ਅਤੇ ਤੇਲ ਉਦਯੋਗ 750 ਅਰਬ ਡਾਲਰ ਦਾ ਕਾਰੋਬਾਰ ਹੈ। ਅੱਜ ਯੁੱਧ ਸਿਰਫ਼ ਮੁਨਾਫ਼ਾ ਹੈ ਅਤੇ ਲੋਭ ਦੀ ਖੇਡ ਹੈ—ਨਾ ਕਿ ਆਦਰਸ਼ਾਂ ਜਾਂ ਮੁੱਲਾਂ ਦੀ। ਜੇ ਕੋਈ ਐਸਾ ਯੁੱਗ ਹੋਇਆ ਵੀ ਹੋਵੇ, ਜਦੋਂ ਯੁੱਧ 'ਧਰਮ ਯੁੱਧ' ਹੋਇਆ ਕਰਦੇ ਸਨ, ਤਾਂ ਉਹ ਹੁਣ ਬੀਤ ਚੁੱਕਾ ਹੈ।...ਹੋਰ ਧਾਰਮਿਕ ਗ੍ਰੰਥਾਂ ਵਾਂਗ ਗੀਤਾ ਵੀ ਯੁੱਧ ਵਿਚ ਨੈਤਿਕ ਦੁਬਿਧਾਵਾਂ ਦੀ ਗਹਿਰੀ ਚਰਚਾ ਕਰਦੀ ਹੈ—ਅਤੇ ਇਹ ਵਿਚਾਰ ਕਰਦੀ ਹੈ ਕਿ ਕਿਸ ਤਰ੍ਹਾਂ ਦੀ ਹਿੰਸਾ ਉਚਿਤ ਹੈ। ਹਰਮਨ-ਪਿਆਰੇ ਭਰਮ ਦੇ ਉਲਟ, ਗੀਤਾ ਯੁੱਧ ਦੇ ਕਾਰਨਾਂ- ਧਰਮ, ਕਰਤੱਵ ਅਤੇ ਨਿਆਂ ਉੱਪਰ ਵਿਚਾਰ ਕਰਦੀ ਹੈ। ਕੀ ਯੁੱਧ 'ਨਿਆਂਪੂਰਨ' ਹੋ ਸਕਦਾ ਹੈ?...ਜੋ ਯੁੱਧ ਸਿਰਫ਼ ਘਮੰਡ, ਹਉਮੈ ਅਤੇ ਝੂਠੇ ਵਿਚਾਰਾਂ ਲਈ ਲੜੇ ਜਾਂਦੇ ਹਨ, ਉਹ ਕਦੇ ਵੀ 'ਨਿਆਂਪੂਰਨ' ਨਹੀਂ ਹੋ ਸਕਦੇ।'

ਪ੍ਰੋ. ਅਲੀ ਨੇ ਨਾਗਰਿਕਾਂ ਦੀ ਸੁਰੱਖਿਆ ਬਾਬਤ ਮੁਲਕ ਵਿਚ ਚੱਲ ਰਹੀ ਬਹਿਸ ਵਿਚ ਆਪਣੀ ਰਾਇ ਪੇਸ਼ ਕਰਕੇ ਆਪਣਾ ਫਰਜ਼ ਨਿਭਾਇਆ ਹੈ। ਭਗਵਾ ਹਕੂਮਤ ਆਲੋਚਨਾਤਮਕ ਸੰਵਾਦ ਨੂੰ ਦਬਾਉਣਾ ਚਾਹੁੰਦੀ ਹੈ। ਸੰਘ ਦੇ ਫਾਸ਼ੀਵਾਦੀ ਪ੍ਰਾਜੈਕਟ ਤੋਂ ਸਿਵਾਏ ਅਜਿਹੇ ਬੁੱਧੀਮਾਨ, ਦੂਰਅੰਦੇਸ਼ ਵਿਦਵਾਨ ਦੀ ਗ੍ਰਿਫ਼ਤਾਰੀ ਦੀ ਕੀ ਵਾਜਬੀਅਤ ਹੋ ਸਕਦੀ ਹੈ।

ਰੇਜਾਜ਼ ਵਿਰੁੱਧ ਬਣਾਇਆ ਕੇਸ ਇਸ ਤੋਂ ਵੀ ਬੇਤੁਕਾ ਹੈ। ਪੁਲਿਸ ਅਧਿਕਾਰੀਆਂ ਨੂੰ ਪਤਾ ਹੈ ਕਿ ਉਸ ਉੱਪਰ ਲਗਾਏ ਦੋਸ਼ ਕਾਨੂੰਨੀ ਜਾਂਚ ਵਿਚ ਟਿਕ ਨਹੀਂ ਸਕਣਗੇ, ਇਸ ਲਈ ਗ੍ਰਿਫ਼ਤਾਰੀ ਦੇ ਕਾਰਨ ਵਾਰ-ਵਾਰ ਬਦਲੇ ਜਾ ਰਹੇ ਹਨ। ਪਹਿਲਾਂ ਪੁਲਿਸ ਨੇ ਕਿਹਾ ਕਿ ਉਸ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ 'ਭਾਰਤੀ ਫ਼ੌਜ ਵਿਰੁੱਧ' ਅਤੇ 'ਭਾਰਤ ਵਿਰੋਧੀ' ਟਿੱਪਣੀਆਂ ਕਰਨ ਅਤੇ ਆਪਣੇ ਅਕਾਊਂਟ ਉੱਪਰ ਆਪਣੀ ਦੋਸਤ ਨਾਲ ਦੋ ਹਥਿਆਰਾਂ ਵਾਲੀ ਤਸਵੀਰ ਪੋਸਟ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਸੰਬੰਧਤ ਤਸਵੀਰ ਨਾਗਪੁਰ ਦੇ ਇਕ ਗੰਨ ਹਾਊਸ ਵਿਚ ਏਅਰਗੰਨਾਂ ਨਾਲ ਲਈ ਸੈਲਫੀ ਹੈ। ਫਿਰ ਉਸ ਉੱਪਰ ਸੀਪੀਆਈ (ਮਾਓਵਾਦੀ), ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਅਤੇ ਹਿਜ਼ਬੁੱਲ ਮੁਜਾਹਿਦੀਨ ਆਦਿ 'ਪਾਬੰਦੀਸ਼ੁਦਾ' ਜਥੇਬੰਦੀਆਂ ਨਾਲ ਸੰਪਰਕ ਰੱਖਣ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਗਿਆ। ਹੁਣ ਪੁਲਿਸ ਨੇ ਨਵਾਂ ਦੋਸ਼ ਘੜ ਲਿਆ ਕਿ ਉਸਦਾ ਸੰਬੰਧ ਪੁਣੇ ਆਧਾਰਤ ਕਬੀਰ ਕਲਾ ਮੰਚ ਨਾਲ ਹੈ। ਯਾਦ ਰਹੇ ਕਿ ਇਹ ਸੱਭਿਆਚਾਰਕ ਮੰਡਲੀ ਵੀ ਆਵਾਮੀ ਜਾਗਰੂਕਤਾ ਵਾਲੀਆਂ ਪੇਸ਼ਕਾਰੀਆਂ ਕਾਰਨ ਲਗਾਤਾਰ ਪੁਲਿਸ ਜਬਰ ਦਾ ਨਿਸ਼ਾਨਾ ਬਣੀ ਹੋਈ ਹੈ ਅਤੇ ਇਸਦੇ ਤਿੰਨ ਕਲਾਕਾਰ 'ਭੀਮਾ-ਕੋਰੇਗਾਓਂ' ਸਾਜ਼ਿਸ਼ ਕੇਸ ਵਿਚ ਫਸਾ ਕੇ ਬਿਨਾ ਜ਼ਮਾਨਤ ਜੇਲ੍ਹ ਵਿਚ ਡੱਕੇ ਹੋਏ ਹਨ।

ਦਰਅਸਲ, ਰੇਜਾਜ਼ ਆਪਣੇ ਆਲੋਚਨਾਤਮਕ ਖ਼ਿਆਲਾਂ ਕਾਰਨ ਹਕੂਮਤ ਦੇ ਨਿਸ਼ਾਨੇ 'ਤੇ ਸੀ। ਉਸਦਾ ਝੁਕਾਅ ਖੱਬੇਪੱਖੀ ਸਿਆਸਤ ਵੱਲ ਹੈ ਅਤੇ ਉਹ ਭਗਵਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਅਤੇ ਲੋਕ ਹੱਕਾਂ ਲਈ ਲਗਾਤਾਰ ਲਿਖਦਾ ਰਹਿੰਦਾ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਹ ਦਿੱਲੀ ਵਿਚ 'ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ' ਦੁਆਰਾ ਆਯੋਜਤ ਪ੍ਰੈੱਸ ਕਾਨਫਰੰਸ ਵਿਚ ਸ਼ਾਮਲ ਹੋਇਆ ਸੀ। ਉੱਥੋਂ ਉਹ ਆਪਣੀ ਇਕ ਦੋਸਤ ਨੂੰ ਮਿਲਣ ਲਈ ਨਾਗਪੁਰ ਚਲਾ ਗਿਆ, ਜਿੱਥੋਂ ਪੁਲਿਸ ਨੇ ਉਨ੍ਹਾਂ ਨੂੰ ਹੋਟਲ ਵਿਚੋਂ ਚੁੱਕ ਲਿਆ। ਉਸਦੀ ਦੋਸਤ ਸਿੰਬਾਇਓਸਿਸ ਲਾਅ ਸਕੂਲ ਵਿਚ ਲਾਅ ਦੀ ਆਖ਼ਰੀ ਸਾਲ ਦੀ ਪੜ੍ਹਾਈ ਕਰ ਰਹੀ ਹੈ। ਸਿਤਮ-ਜ਼ਰੀਫ਼ੀ ਇਹ ਕਿ ਕਾਲਜ ਪ੍ਰਸ਼ਾਸਨ ਨੇ ਉਸ ਕੁੜੀ ਨੂੰ ਮੁਅੱਤਲ ਕਰ ਦਿੱਤਾ ਅਤੇ ਨਾਗਪੁਰ ਹਾਈਕੋਰਟ ਨੇ ਵੀ ਉਸ ਨੂੰ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਹੋਰ ਵੀ ਦਿਲਚਸਪ ਇਹ ਹੈ ਕਿ ਪੁਲਿਸ ਨੇ ਰੇਜਾਜ਼ ਦੇ ਘਰੋਂ ਅਤੇ ਉਸ ਦੇ ਕੋਲੋਂ ਜੋ ਕਿਤਾਬਾਂ 'ਬਰਾਮਦ' ਕੀਤੀਆਂ ਉਨ੍ਹਾਂ ਵਿਚੋਂ ਕੋਈ ਵੀ 'ਪਾਬੰਦੀਸ਼ੁਦਾ' ਨਹੀਂ ਹੈ। ਇਕ ਕਿਤਾਬ ਕਾਰਲ ਮਾਰਕਸ ਦੀ ਹੈ, ਇਕ ਪ੍ਰੋਫੈਸਰ ਸਾਈਬਾਬਾ ਬਾਰੇ, ਇਕ ਲੈਨਿਨ ਦੀ ਸੋਸ਼ਲਿਸਟ ਰਾਜ ਬਾਰੇ, ਅਤੇ ਇਕ ਜਾਤ-ਪਾਤ ਬਾਰੇ ਕੇ. ਮੁਰਲੀ ਦੀ ਲਿਖੀ 'ਕ੍ਰਿਟੀਕਿੰਗ ਬ੍ਰਾਹਮਨਿਜ਼ਮ' ਹੈ। ਪੁਲਿਸ ਨੂੰ ਉਸ ਕੋਲੋਂ 'ਨਜ਼ਰੀਆ' ਰਸਾਲੇ ਦੀ ਇਕ ਕਾਪੀ ਮਿਲੀ, ਜਿਸ ਦੇ ਆਧਾਰ 'ਤੇ ਦਾਅਵਾ ਕੀਤਾ ਗਿਆ ਕਿ ਉਹ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਲਈ ਫੰਡ ਜੁਟਾਉਣ ਵਿਚ ਮਦਦ ਕਰ ਰਿਹਾ ਹੈ। ਹਾਲਾਂਕਿ ਨਾ ਤਾਂ ਨਜ਼ਰੀਆ ਪਾਬੰਦੀਸ਼ੁਦਾ ਹੈ ਅਤੇ ਨਾ ਹੀ ਸਰਕਾਰ ਨੇ ਇਸ ਨੂੰ ਮਾਓਵਾਦੀ 'ਫਰੰਟ' ਐਲਾਨਿਆ ਹੈ। ਇਹ ਪੁਲਿਸ ਦੀਆਂ ਮਨਮਾਨੀਆਂ ਦਾ ਨਮੂਨਾ ਹੈ, ਜੋ ਕਿਸੇ ਨੂੰ ਵੀ ਜੇਲ੍ਹ ਵਿਚ ਡੱਕਣ ਲਈ ਕੋਈ ਵੀ ਬੇਹੂਦਾ ਕਹਾਣੀ ਘੜ ਸਕਦੀ ਹੈ ਅਤੇ ਨਿਆਂ ਪ੍ਰਣਾਲੀ ਬਿਨਾ ਕੋਈ ਉਜ਼ਰ ਕੀਤੇ ਪੁਲਿਸ ਦੀਆਂ ਮਨਘੜਤ ਕਹਾਣੀਆਂ ਨੂੰ ਸਵੀਕਾਰ ਕਰਕੇ ਪੁਲਿਸ ਦੀ ਇੱਛਾ ਅਨੁਸਾਰ ਰਿਮਾਂਡ ਦੇਣਾ ਜਾਰੀ ਰੱਖਦੀ ਹੈ।

ਦਰਅਸਲ, ਇਹ ਸਭ ਸਟੇਟ ਦੀਆਂ ਨੀਤੀਆਂ ਦੀਆਂ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਪ੍ਰਾਜੈਕਟ ਦਾ ਹਿੱਸਾ ਹੈ। ਇੱਥੋਂ ਤੱਕ ਕਿ ਹਰਮਨ-ਪਿਆਰੇ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਨਜ਼ਮਾਂ ਪੜ੍ਹਨ ਨੂੰ ਵੀ 'ਸ਼ਹਿਰੀ ਨਕਸਲੀ' ਦੇ ਦਾਇਰੇ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਨਾਗਪੁਰ ਪੁਲਿਸ ਨੇ ਇਕ ਕਲਾਕਾਰ ਦੇ ਬਰਸੀ ਸਮਾਗਮ ਵਿਚ ਫ਼ੈਜ਼ ਦੀ ਮਸ਼ਹੂਰ ਨਜ਼ਮ 'ਹਮ ਦੇਖੇਂਗੇ' ਪੜ੍ਹੇ ਜਾਣ 'ਤੇ ਆਯੋਜਕਾਂ ਵਿਰੁੱਧ ਪਰਚਾ ਦਰਜ ਕੀਤਾ ਹੈ। ਭਾਰਤ ਦੇ ਆਮ ਨਾਗਰਿਕ ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਬੇਖ਼ਬਰ ਹੋਣ ਕਾਰਨ ਅਤੇ ਜ਼ਿਆਦਾਤਰ ਬੌਧਿਕ ਹਲਕੇ ਹਕੂਮਤੀ ਬਿਰਤਾਂਤ ਦੇ ਜ਼ਹਿਰੀਲੇ ਪ੍ਰਭਾਵ ਹੇਠ ਹੋਣ ਕਾਰਨ ਹੁਕਮਰਾਨ ਧਿਰ ਨੂੰ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ 'ਚ ਕੋਈ ਮੁਸ਼ਕਲ ਨਹੀਂ ਆ ਰਹੀ।

# ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ

ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾਅ ਰਿਹਾ ਹੈ। ਪੰਜਾਬ ਦੇ ਇਨ੍ਹਾਂ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਸ਼ੈਲ-ਛਬੀਲੇ ਗੱਬਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾ ਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿਓਂ ਖੰਗੂਰਾ ਪੈਂਦਾ, ਦੂਜੇ ਪਾਸਿਓਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ, ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪ੍ਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ ਉਹਦੀ ਜ਼ੁੰਮੇਵਾਰੀ ਕੀਹਦੀ ਆ ਭਾਈ? 'ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ' ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾ ਕੇ ਬੈਠੇ ਰਹਿੰਦੇ ਹਨ। ਤਿਆਰ-ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿਓ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿਓਗੇ, ਮੂੰਹ ਪਲੋਸ ਦਿਓਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!!!

ਐਂਵੇ ਕਈ ਵੇਰ ਦੁੱਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ: ਭਾਰਤ ਦੀ ਵੰਡ 'ਚ 10 ਲੱਖ ਲੋਕ



ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1.46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਨ੍ਹਾਂ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਨ੍ਹਾਂ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਨ੍ਹਾਂ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਨ੍ਹਾਂ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ਼ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜੀ ਪੰਜਾਬੀਆਂ ਅੱਖੀ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ 'ਅਣਹੋਈਆਂ' ਦਿਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼ ' ਦਿੱਤਾ ਗਿਆ, ਰਾਜਧਾਨੀ ਤੋਂ ਬਿਨਾ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨਾ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਨ੍ਹਾਂ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਜ ਨਾ ਹੁੰਦਾ ਤਾਂ ਕਿਸਾਨ ਜਿਨ੍ਹਾਂ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜ੍ਹ ਕੇ ਜਿਵੇਂ ਪੰਜਾਬ ਦੇ ਇੱਕ ਸਿਰੇ 'ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨ੍ਹੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-



ਮਾਰਨ 'ਤੇ ਹੋ ਤੁਰਦਾ ਹੈ। ਬਣਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਨ੍ਹਾਂ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਨ੍ਹਾਂ ਦੇ ਦਰਦ ਦਾ ਪਾਰਖੂ? ਹੈ ਕੋਈ ਉਨ੍ਹਾਂ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਨ੍ਹਾਂ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਨ੍ਹਾਂ ਕਾਰਨ ਪੰਜਾਬ ਨਵੀਆਂ ਪੈੜਾ ਪਾਉਂਦਾ ਰਿਹਾ ਹੈ। ਉਹ ਪੰਜਾਬ ਜਿਹੜਾ 'ਜੀਊਂਦਾ ਗੁਰਾਂ ਦੇ ਨਾ 'ਤੇ' ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਨ੍ਹਾਂ ਅਣਦਿਸਦੇ ਰਾਹਾਂ 'ਤੇ ਜਿਥੋਂ ਮੋੜਾ ਕੋਈ ਨਹੀਂ। ਜਿਥੇ ਰੌਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿਚ ਵੱਡੀ ਗਿਣਤੀ ਘਰਾਂ ਦੇ ਦਰਵਾਜੇ ਵੱਡੇ 'ਤਾਲਿਆਂ' ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ 'ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿਓ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ। ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਓਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ, ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ।

ਹੈ ਕੋਈ ਦਵਾਈ ਦੀ ਖ਼ੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। 'ਮਿੱਠੀਆਂ ਗੋਲੀਆਂ' ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ 'ਫੂਕਾਂ' ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰ ਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ।


ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ।

ਐ ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ।

'ਤੂੰ ਉੱਠ ਜਗਾ ਦੇ ਮੋਮਬੱਤੀਆਂ,
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ
ਹਵਾਵਾਂ ਕੁਪੱਤੀਆਂ ਉੱਠ ਜਗਾ ਦੇ ਮੋਮਬੱਤੀਆਂ।'
- (ਸੁਰਜੀਤ ਪਾਤਰ)

# ਓਪਰੇਸ਼ਨ ਸਿੰਧੂਰ ਦੁਆਰਾ ਤਬਾਹ ਕੀਤੇ ਗਏ ਪਾਕਿਸਤਾਨ ਵਿਚ ਚੱਲ ਰਹੇ ਅਤਿਵਾਦੀ ਟਰੇਨਿੰਗ ਸੈਂਟਰ

ਓਪਰੇਸ਼ਨ ਸਿੰਧੂਰ ਦੀ ਭਾਰੀ ਸਫਲਤਾ ਨਾਲ ਭਾਰਤ ਅਮਰੀਕਾ (ਓਪਰੇਸ਼ਨ ਨੈਪਚਿਊਨ ਸਪੀਅਰ 2011, ਜਿਸ ਨਾਲ ਪਾਕਿਸਤਾਨ ਵਿਚ ਓਸਾਮਾ ਬਿਨ ਲਾਦੇਨ ਨੂੰ ਮਾਰਿਆ ਗਿਆ ਅਤੇ ਓਪਰੇਸ਼ਨ ਇਨਫਿਨਟ 1998, ਜਿਸ ਦੌਰਾਨ ਕੀਨੀਆਂ ਅਤੇ ਤਨਜ਼ਾਨੀਆਂ ਵਿਚ ਅਮਰੀਕੀ ਦੂਤ ਘਰਾਂ 'ਤੇ ਕੀਤੇ ਗਏ ਬੰਬ ਧਮਾਕਿਆਂ ਦਾ ਬਦਲਾ ਲੈਣ ਲਈ ਸੂਡਾਨ ਅਤੇ ਅਫਗਾਨਿਸਤਾਨ ਵਿਚਲੇ ਅਲ ਕਾਇਦਾ ਦੇ ਅੱਡਿਆਂ 'ਤੇ ਇੱਕੋ ਸਮੇਂ ਮਿਜ਼ਾਈਲਾਂ ਦਾਗ ਕੇ ਸੈਂਕੜੇ ਅਤਿਵਾਦੀਆਂ ਨੂੰ



**ਬਲਰਾਜ ਸਿੰਘ ਸਿੱਧੂ**
**ਏ.ਆਈ.ਜੀ. (ਰਿਟਾ)**
**ਫੋਨ:95011-00062**

ਮਾਰਿਆ ਗਿਆ ਸੀ), ਰੂਸ (ਅਗਸਤ 2002 ਵਿਚ ਚੇਚਨ ਅਤਿਵਾਦੀਆਂ ਦੇ ਜਾਰਜੀਆ ਵਿਖੇ ਟਿਕਾਣੇ ਮਿਜ਼ਾਈਲਾਂ ਨਾਲ ਤਬਾਹ ਕੀਤੇ ਗਏ ਸਨ), ਇਜ਼ਰਾਈਲ (ਓਪਰੇਸ਼ਨ ਐਨਟੈਬੇ 1976 ਓਪਰੇਸ਼ਨ ਰਾਹੀਂ ਯੁਗਾਂਡਾ ਦੇ ਤਤਕਾਲੀ ਰਾਸ਼ਟਰਪਤੀ ਦੀ ਸ਼ਹਿ 'ਤੇ ਇਜ਼ਰਾਈਲੀਆਂ ਨਾਲ ਭਰੇ ਏਅਰ ਫਰਾਂਸ ਦੇ ਹਵਾਈ ਜਹਾਜ਼ ਨੂੰ ਐਨਟੈਬੇ ਹਵਾਈ ਅੱਡੇ 'ਤੋਂ ਸਫਲਤਾ ਪੂਰਵਕ ਆਜ਼ਾਦ ਕਰਵਾਇਆ ਗਿਆ ਸੀ ਅਤੇ ਓਪਰੇਸ਼ਨ ਸਪਰਿੰਗ ਆਫ ਯੂਥ 1973, ਜਿਸ ਅਧੀਨ 1972 ਮਿਊਨਿਖ ਉਲੰਪਿਕ ਸਮੇਂ ਇਜ਼ਰਾਈਲੀ ਖਿਡਾਰੀਆਂ ਦੀ ਹੱਤਿਆ ਕਰਨ ਦੀ ਸਾਜ਼ਿਸ਼ ਘੜਨ ਵਾਲੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਚੋਟੀ ਦੇ ਕਮਾਂਡਰ ਕਮਾਲ ਅਦਵਾਨ, ਮੁਹੰਮਦ ਯੂਸਫ ਨਜ਼ਰ ਅਤੇ ਕਮਾਲ ਨਾਸਰ ਦੀ ਇੱਕ ਗੁਰੀਲਾ ਹਮਲੇ ਰਾਹੀਂ ਹੱਤਿਆ ਕਰ ਦਿੱਤੀ ਗਈ ਸੀ। ਕੋਲੰਬੀਆ (ਓਪਰੇਸ਼ਨ ਫੀਨਿਕਸ 2008 ਜਿਸ ਦੌਰਾਨ ਗੁਆਂਢੀ ਦੇਸ਼ ਐਕੂਆਡੋਰ ਵਿਚ ਕਮਾਂਡੋ ਹਮਲਾ ਕਰ ਕੇ ਫਾਰਕ ਅਤਿਵਾਦੀ ਜਥੇਬੰਦੀ ਦੇ ਮੁਖੀ ਰਾਊਫ ਰੇਈਜ਼ ਅਤੇ 100 ਦੇ ਕਰੀਬ ਹੋਰ ਅਤਿਵਾਦੀਆਂ ਨੂੰ ਮਾਰ ਦਿੱਤਾ ਗਿਆ ਸੀ), ਆਦਿ ਵਰਗੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ ਜਿੰਨ੍ਹਾਂ ਨੇ ਫੌਜੀ ਕਾਰਵਾਈ ਕਰ ਕੇ ਦੂਸਰੇ ਦੇਸ਼ਾਂ ਵਿਚ ਅਤਿਵਾਦੀਆਂ ਦੇ ਟਿਕਾਣੇ ਨਸ਼ਟ ਕੀਤੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਨੇ ਆਖਰ ਇਹ ਟਿਕਾਣੇ ਹੀ ਕਿਉਂ ਚੁਣੇ? ਇਨ੍ਹਾਂ ਟਿਕਾਣਿਆਂ ਬਾਰੇ ਜਾਣਕਾਰੀ ਇਸ ਤਰ੍ਹਾਂ ਹੈ:



ਮਰਕਜ਼ ਸੁੱਭਾਨ ਅੱਲ੍ਹਾ- ਜੈਸ਼ੇ ਮੁਹੰਮਦ ਦਾ ਹੈੱਡਕਵਾਟਰ ਮਰਕਜ਼ ਸੁੱਭਾਨ ਅੱਲ੍ਹਾ 2015 ਵਿਚ ਸਥਾਪਿਤ ਕੀਤਾ ਗਿਆ ਸੀ ਜਿੱਥੇ ਜੈਸ਼ੇ ਮੁਹੰਮਦ ਦੇ ਅਤਿਵਾਦੀਆਂ ਨੂੰ ਮਿਲਟਰੀ ਅਤੇ ਧਾਰਮਿਕ ਕੱਟੜਤਾ ਦੀ ਟਰੇਨਿੰਗ ਦਿੱਤੀ ਜਾਂਦੀ ਹੈ। 2019 ਵਿਚ ਪੁਲਵਾਮਾ ਵਿਖੇ ਸੀ.ਆਰ.ਪੀ.ਐਫ. 'ਤੇ ਹਮਲਾ ਕਰਨ ਦੀ ਸਾਰੀ ਯੋਜਨਾ ਬੰਦੀ ਇਥੇ ਹੀ ਕੀਤੀ ਗਈ ਸੀ। ਬਹਾਵਲਪੁਰ (ਪਾਕਿਸਤਾਨੀ ਪੰਜਾਬ) ਵਿਖੇ ਤਕਰੀਬਨ 15 ਏਕੜ ਇਲਾਕੇ ਵਿਚ ਸਥਿੱਤ ਇਸ ਟਰੇਨਿੰਗ ਸੈਂਟਰ ਵਿਚ ਹੀ ਜੈਸ਼ੇ ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਸਮੇਤ ਹੋਰ ਚੋਟੀ ਦੇ ਕਮਾਂਡਰਾਂ ਦੀ ਰਿਹਾਇਸ਼ ਹੈ, ਜਿਸ ਕਾਰਨ ਮਸੂਦ ਅਜ਼ਹਰ ਦੇ ਪਰਿਵਾਰ ਦੇ 10 ਮੈਂਬਰ ਓਪਰੇਸ਼ਨ ਸਿੰਧੂਰ ਦੌਰਾਨ ਮਾਰੇ ਗਏ ਹਨ। ਮਸੂਦ ਅਜ਼ਹਰ ਨੇ ਇਥੋਂ ਹੀ ਅਨੇਕਾਂ ਪ੍ਰੈੱਸ ਕਾਨਫਰੰਸਾਂ ਅਤੇ ਸੋਸ਼ਲ ਮੀਡੀਆ ਵੀਡੀਓ ਜਾਰੀ ਕੀਤੇ ਸਨ, ਜਿਨ੍ਹਾਂ ਰਾਹੀਂ ਭਾਰਤ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਹੈ ਤੇ ਨੌਜਵਾਨਾਂ ਨੂੰ ਜ਼ੇਹਾਦ ਵਿਚ ਸ਼ਾਮਲ ਹੋਣ ਲਈ ਗੁੰਮਰਾਹ ਕੀਤਾ ਜਾਂਦਾ ਹੈ।

ਮਰਕਜ਼ ਤਾਇਬਾ, ਮੁਰੀਦਕੇ- ਇਸ ਮਰਕਜ਼ ਦੀ ਸਥਾਪਨਾ ਲਾਹੌਰ ਤੋਂ ਕਰੀਬ 35 ਕਿਲੋਮੀਟਰ ਦੂਰ ਸੰਨ 2000 ਵਿਚ ਕੀਤੀ ਗਈ ਸੀ ਤੇ ਇਹ ਲਸ਼ਕਰੇ ਤੋਇਬਾ ਦਾ ਹੈੱਡਕਵਾਟਰ ਅਤੇ ਮੁੱਖ ਟਰੇਨਿੰਗ ਸੈਂਟਰ ਹੈ। ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਅਤਿਵਾਦੀ ਟਰੇਨਿੰਗ ਸੈਂਟਰ (ਖੇਤਰਫਲ ਕਰੀਬ 200 ਏਕੜ) ਹੈ। ਇਥੇ ਵੀ ਮੁੱਖ ਤੌਰ 'ਤੇ ਪਾਕਿਸਤਾਨੀ ਅਤੇ ਵਿਦੇਸ਼ੀ ਨੌਜਵਾਨਾਂ ਨੂੰ ਧਾਰਮਿਕ ਕੱਟੜਤਾ ਅਤੇ ਗੁਰੀਲਾ ਯੁੱਧ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਭਾਰਤ ਖਿਲਾਫ ਵੱਡੀਆਂ ਕਾਰਵਾਈਆਂ ਕਰਨ ਦੇ ਮਨਸੂਬੇ ਬਣਾਏ ਜਾਂਦੇ ਹਨ। ਇਹ ਹਰੇਕ ਸਾਲ ਕਰੀਬ

*(ਬਾਕੀ ਅਗਲੇ ਸਫੇ 'ਤੇ)*

# ਪਾਕਿਸਤਾਨ ਨਾਲ ਟਕਰਾਅ ਦੌਰਾਨ ਰੂਸ ਨੇ ਕਿਉਂ ਨਹੀਂ ਕੀਤਾ ਭਾਰਤ ਦਾ ਖੁੱਲ੍ਹ ਕੇ ਸਮਰਥਨ?

ਜਦੋਂ ਵੀ ਰੂਸ ਅਤੇ ਭਾਰਤ ਦੇ ਸਬੰਧਾਂ ਦੀ ਗੱਲ ਹੁੰਦੀ ਹੈ, ਲੋਕ ਸੋਵੀਅਤ ਯੂਨੀਅਨ ਦੇ ਨਿੱਘ ਨੂੰ ਯਾਦ ਕਰਦੇ ਹਨ।

1955 ਵਿਚ, ਸੋਵੀਅਤ ਯੂਨੀਅਨ ਦੇ ਨੇਤਾ ਨਿਕਿਤਾ ਖਰੁਸ਼ਚੇਵ ਭਾਰਤ ਆਏ ਸਨ। ਇਸ ਫੇਰੀ ਦੌਰਾਨ ਉਨ੍ਹਾਂ ਕਿਹਾ, "ਅਸੀਂ ਤੁਹਾਡੇ ਬਹੁਤ ਨੇੜੇ ਹਾਂ।" ਭਾਵੇਂ ਤੁਸੀਂ ਸਾਨੂੰ ਪਹਾੜ ਦੀ ਚੋਟੀ ਤੋਂ ਬੁਲਾਓ, ਅਸੀਂ ਤੁਹਾਡੇ ਨਾਲ ਹੋਵਾਂਗੇ।"

ਜਦੋਂ 1991 ਵਿਚ ਸੋਵੀਅਤ ਯੂਨੀਅਨ ਟੁੱਟ ਗਿਆ ਅਤੇ ਸਿਰਫ਼ ਰੂਸ ਹੀ ਬਚਿਆ, ਉਦੋਂ ਵੀ ਭਾਰਤ ਨਾਲ ਸਬੰਧਾਂ ਵਿਚ ਵਿਸ਼ਵਾਸ ਬਰਕਰਾਰ ਰਿਹਾ। ਜਦੋਂ ਪੱਛਮੀ ਦੇਸ਼ ਕਸ਼ਮੀਰ ਨੂੰ ਲੈ ਕੇ ਦੁਚਿੱਤੀ ਵਿਚ ਸਨ, ਤਾਂ ਸੋਵੀਅਤ ਯੂਨੀਅਨ ਨੇ ਕਿਹਾ ਸੀ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ।

ਸ਼ੀਤ ਯੁੱਧ ਦੌਰਾਨ, ਸੋਵੀਅਤ ਯੂਨੀਅਨ ਨੇ ਕਈ ਵਾਰ

**ਰਜਨੀਸ਼ ਕੁਮਾਰ**
**ਅਨੁਵਾਦ: ਗੁਰਪ੍ਰੀਤ ਸਿੰਘ ਬਿਲਿੰਗ**

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਕਸ਼ਮੀਰ ਮੁੱਦੇ ਨੂੰ ਅੰਤਰ-ਰਾਸ਼ਟਰੀਕਰਨ ਕਰਨ ਵਾਲੇ ਮਤਿਆਂ ਨੂੰ ਵੀਟੋ ਕੀਤਾ। ਭਾਰਤ ਹਮੇਸ਼ਾ ਕਹਿੰਦਾ ਰਿਹਾ ਹੈ ਕਿ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਦੁਵੱਲਾ ਮੁੱਦਾ ਹੈ ਅਤੇ ਰੂਸ ਸ਼ੁਰੂ ਤੋਂ ਹੀ ਇਸਦਾ ਸਮਰਥਨ ਕਰਦਾ ਆ ਰਿਹਾ ਹੈ।

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਵਿਚੋਂ ਸੋਵੀਅਤ ਯੂਨੀਅਨ ਹੀ ਇਕਲੌਤਾ ਦੇਸ਼ ਸੀ ਜਿਸ ਨੇ 1957, 1962 ਅਤੇ 1971 ਵਿਚ ਕਸ਼ਮੀਰ ਵਿਚ ਦਖਲ ਦੇਣ ਦੀ ਮੰਗ ਕਰਨ ਵਾਲੇ ਸੰਯੁਕਤ ਰਾਸ਼ਟਰ ਦੇ ਮਤਿਆਂ ਨੂੰ ਰੋਕਿਆ ਸੀ। ਰੂਸ ਹੁਣ ਤੱਕ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਭਾਰਤ ਵਿਰੁੱਧ ਮਤਿਆਂ ਨੂੰ ਛੇ ਵਾਰ ਵੀਟੋ ਕਰ ਚੁੱਕਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਵੀਟੋ ਕਸ਼ਮੀਰ ਦੇ ਹੱਕ ਵਿਚ ਸਨ। ਸੋਵੀਅਤ ਯੂਨੀਅਨ ਨੇ ਗੋਆ ਵਿਚ ਪੁਰਤਗਾਲੀ ਰਾਜ ਨੂੰ ਖਤਮ ਕਰਨ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਭਾਰਤ ਦੇ ਫੌਜੀ ਦਖਲ ਨੂੰ ਵੀਟੋ ਕਰ ਦਿੱਤਾ ਸੀ।

ਰੂਸ ਨੇ ਅਗਸਤ 2019 ਵਿਚ ਜਦੋਂ ਭਾਰਤ ਨੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਸੀ ਤਾਂ ਉਸ ਦਾ ਵੀ ਸਮਰਥਨ ਕੀਤਾ ਸੀ। ਪਰ ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਵਿਚ ਭਾਰਤ ਦੀ ਫੌਜੀ ਕਾਰਵਾਈ 'ਤੇ ਰੂਸ ਦੀ ਪ੍ਰਤੀਕਿਰਿਆ ਭਾਰਤ ਪ੍ਰਤੀ ਬਹੁਤੀ ਉਤਸ਼ਾਹਜਨਕ ਨਹੀਂ ਦੇਖੀ ਜਾ ਰਹੀ। ਰੂਸ ਦੀ ਪ੍ਰਤੀਕਿਰਿਆ ਬਹੁਤ ਸੰਤੁਲਿਤ ਅਤੇ ਨਿਰਪੱਖ ਸੀ।

ਰੂਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਤਣਾਅ ਘਟਾਉਣ ਦੀ ਅਪੀਲ ਕੀਤੀ ਸੀ ਅਤੇ ਵਿਚੋਲਗੀ ਦੀ ਪੇਸ਼ਕਸ਼ ਵੀ ਕੀਤੀ ਸੀ। ਰੂਸੀ ਰਾਸ਼ਟਰਪਤੀ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਸੀ, "ਭਾਰਤ ਸਾਡਾ ਰਣਨੀਤਕ ਭਾਈਵਾਲ ਹੈ। ਪਾਕਿਸਤਾਨ ਵੀ ਸਾਡਾ ਭਾਈਵਾਲ ਹੈ। ਅਸੀਂ ਦਿੱਲੀ ਅਤੇ ਇਸਲਾਮਾਬਾਦ ਦੋਵਾਂ ਨਾਲ ਸਬੰਧਾਂ ਨੂੰ ਮਹੱਤਵ ਦਿੰਦੇ ਹਾਂ।"

3 ਮਈ ਨੂੰ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਵਿਚਕਾਰ ਗੱਲਬਾਤ ਹੋਈ। ਇਸ ਗੱਲਬਾਤ ਬਾਰੇ ਜਾਣਕਾਰੀ ਦਿੰਦੇ ਹੋਏ ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ, "ਰੂਸੀ ਵਿਦੇਸ਼ ਮੰਤਰੀ ਨੇ ਦਿੱਲੀ ਅਤੇ ਇਸਲਾਮਾਬਾਦ ਨੂੰ ਦੁਵੱਲੀ ਗੱਲਬਾਤ ਰਾਹੀਂ ਵਿਵਾਦ ਖਤਮ ਕਰਨ ਦੀ ਅਪੀਲ ਕੀਤੀ ਹੈ।"

ਰੂਸੀ ਵਿਦੇਸ਼ ਮੰਤਰਾਲੇ ਦੀ ਇਸ ਟਿੱਪਣੀ ਨੂੰ ਦੁਬਾਰਾ ਪੋਸਟ ਕਰਦੇ ਹੋਏ, ਥਿੰਕ ਟੈਂਕ ਬਰੂਕਿੰਗਜ਼ ਇੰਸਟੀਚਿਊਸ਼ਨ ਦੀ ਸੀਨੀਅਰ ਫੈਲੋ, ਤਨਵੀ ਮਦਾਨ ਨੇ ਲਿਖਿਆ, "12 ਸਾਲਾਂ ਤੋਂ ਵੀ ਘੱਟ ਸਮੇਂ ਵਿਚ, ਰੂਸ ਨੇ ਯੂਕਰੇਨ 'ਤੇ ਦੋ ਵਾਰ ਹਮਲਾ ਕੀਤਾ, ਅਤੇ ਭਾਰਤ ਨੂੰ ਪਾਕਿਸਤਾਨ ਨਾਲ ਵਿਵਾਦ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਕਹਿ ਰਿਹਾ ਹੈ।"

ਤਨਵੀ ਮਦਾਨ ਦੀ ਇਸ ਪੋਸਟ 'ਤੇ ਇੱਕ ਸਾਬਕਾ ਯੂਜ਼ਰ ਨੇ ਲਿਖਿਆ, "ਰੂਸ ਨੂੰ ਕੀ ਹੋ ਗਿਆ ਹੈ? ਸਾਡੇ ਪ੍ਰਧਾਨ




ਮੰਤਰੀ ਯੂਕਰੇਨ ਗਏ ਅਤੇ ਕਿਹਾ ਕਿ ਰੂਸ ਅਤੇ ਯੂਕਰੇਨ ਨੂੰ ਗੱਲਬਾਤ ਰਾਹੀਂ ਵਿਵਾਦ ਹੱਲ ਕਰਨਾ ਚਾਹੀਦਾ ਹੈ ਜਦੋਂ ਕਿ ਭਾਰਤ ਨੂੰ ਰੂਸ ਵਰਗੇ ਪਰਖੇ ਹੋਏ ਦੋਸਤ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਸੀ। ਇਸਨੂੰ ਨਿਊਟਨ ਦਾ ਤੀਜਾ ਨਿਯਮ ਕਿਹਾ ਜਾਂਦਾ ਹੈ। ਇਸਦਾ ਮਤਲਬ ਹੈ ਕਿ ਹਰ ਕਿਰਿਆ ਲਈ ਇੱਕ ਪ੍ਰਤੀਕਿਰਿਆ ਹੁੰਦੀ ਹੈ।"

ਇਸ ਦੇ ਜਵਾਬ ਵਿਚ ਤਨਵੀ ਮਦਾਨ ਨੇ ਲਿਖਿਆ, "ਭਾਰਤ ਨੇ 2022 ਵਿਚ ਯੂਕਰੇਨ ਨਾਲ ਹੋਈ ਜੰਗ ਵਿਚ ਰੂਸ ਦਾ ਸਮਰਥਨ ਨਹੀਂ ਕੀਤਾ, ਇਸ ਲਈ ਰੂਸ ਨੇ ਵੀ ਇਸਦਾ ਸਮਰਥਨ ਨਹੀਂ ਕੀਤਾ, ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ। 2019 ਵਿਚ ਵੀ, ਪੁਲਵਾਮਾ ਤੋਂ ਬਾਅਦ, ਰੂਸ ਨੇ ਭਾਰਤ ਨੂੰ ਸ਼ਾਂਤੀ ਦੀ ਅਪੀਲ ਕੀਤੀ ਸੀ ਅਤੇ ਵਿਚੋਲਗੀ ਦੀ ਪੇਸ਼ਕਸ਼ ਕੀਤੀ ਸੀ।"

ਤਨਵੀ ਮਦਾਨ ਦੀ ਟਿੱਪਣੀ ਦਾ ਜਵਾਬ ਦਿੰਦੇ ਹੋਏ, ਥਿੰਕ ਟੈਂਕ ORF ਵਿਖੇ ਭਾਰਤ-ਰੂਸ ਸਬੰਧਾਂ ਦੇ ਮਾਹਿਰ ਅਲੈਕਸੀ ਜ਼ਖਾਰੋਵ ਨੇ ਲਿਖਿਆ, "90 ਦੇ ਦਹਾਕੇ ਤੋਂ ਭਾਰਤ ਪ੍ਰਤੀ ਰੂਸ ਦਾ ਰਵੱਈਆ ਮਿਲਿਆ-ਜੁਲਿਆ ਰਿਹਾ ਹੈ। 2002 ਵਿਚ ਵੀ, ਪੁਤਿਨ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਚੋਲਗੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਭਾਰਤ ਨੇ ਇਸਨੂੰ ਰੱਦ ਕਰ ਦਿੱਤਾ ਸੀ। ਬਦਲਦੇ ਭੂ-ਰਾਜਨੀਤੀ ਦੇ ਬਾਵਜੂਦ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰਾਂ ਵਿਚ ਇੱਕ ਸਹਿਮਤੀ ਹੈ ਕਿ ਉਨ੍ਹਾਂ ਨੂੰ ਤਣਾਅ ਘਟਾਉਣ ਵਿਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।"

ਅਲੈਕਸੀ ਨਾਲ ਸਹਿਮਤ ਹੁੰਦੇ ਹੋਏ, ਮਾਸਕੋ ਸਥਿਤ ਐਚਐਸਈ ਯੂਨੀਵਰਸਿਟੀ ਦੀ ਸਹਾਇਕ ਪ੍ਰੋਫੈਸਰ ਨਿਵੇਦਿਤਾ ਕਪੂਰ ਨੇ ਲਿਖਿਆ, "ਮੈਂ ਪਰਮਾਣੂ ਬਿੰਦੂ 'ਤੇ ਵੀ ਅਲੈਕਸੀ ਨਾਲ ਸਹਿਮਤ ਹਾਂ। ਇੱਕ ਪਰਮਾਣੂ ਸ਼ਕਤੀ ਹੋਣ ਦੇ ਨਾਤੇ, ਰੂਸ ਦੀ ਜ਼ਿੰਮੇਵਾਰੀ ਹੈ ਕਿ ਉਹ ਤਣਾਅ ਘਟਾਉਣ ਲਈ ਦੂਜੇ ਸ਼ਕਤੀਸ਼ਾਲੀ ਦੇਸ਼ਾਂ ਨਾਲ ਮਿਲ ਕੇ ਕੰਮ ਕਰੇ। ਜਦੋਂ ਦੋ ਪਰਮਾਣੂ ਸ਼ਕਤੀਆਂ ਯੁੱਧ ਵੱਲ ਵਧ ਰਹੀਆਂ ਹਨ, ਤਾਂ ਸ਼ਾਂਤੀ ਦੀ ਅਪੀਲ ਸੁਭਾਵਿਕ ਹੈ।"

ਨਿਵੇਦਿਤਾ ਕਪੂਰ ਨੇ ਲਿਖਿਆ ਹੈ, "ਪਰ ਜਦੋਂ ਚੀਨ ਟਕਰਾਅ ਦੀ ਘੜੀ ਵਿਚ ਖੁੱਲ੍ਹ ਕੇ ਪਾਕਿਸਤਾਨ ਦਾ ਸਮਰਥਨ ਕਰ ਰਿਹਾ ਹੈ, ਤਾਂ ਭਾਰਤ ਵੱਲੋਂ ਉਮੀਦ ਵਧ ਜਾਂਦੀ ਹੈ ਕਿ ਰੂਸ ਵੀ ਖੁੱਲ੍ਹ ਕੇ ਭਾਰਤ ਦਾ ਸਮਰਥਨ ਕਰੇਗਾ। ਰੂਸ ਅਸਲ ਵਿਚ ਇਹ ਸਿਰਦਰਦ ਨਹੀਂ ਚਾਹੁੰਦਾ ਕਿ ਉਸਨੂੰ ਭਾਰਤ ਅਤੇ ਚੀਨ ਵਿਚਕਾਰ ਦੁਬਾਰਾ ਸੰਤੁਲਨ ਬਣਾਈ ਰੱਖਣ ਅਤੇ ਦੋਵਾਂ ਧਿਰਾਂ ਨੂੰ ਉਨ੍ਹਾਂ ਦੀ ਭਾਈਵਾਲੀ ਬਾਰੇ ਭਰੋਸਾ ਦਿਵਾਉਣ ਦੀ ਚਿੰਤਾ ਕਰਨੀ ਪਵੇ। ਇਹ ਉਦੋਂ ਵੀ ਸਰਗਰਮੀ ਨਾਲ ਪੱਖ ਲੈਣ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਇਸਦੇ ਦੋ ਪ੍ਰਮੁੱਖ ਭਾਈਵਾਲ ਵਿਰੋਧੀ ਧਿਰਾਂ 'ਤੇ ਹੁੰਦੇ ਹਨ।"

ਅਸੀਂ ਨਵੀਂ ਦਿੱਲੀ ਸਥਿਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੈਂਟਰ ਫਾਰ ਰਸ਼ੀਅਨ ਐਂਡ ਸੈਂਟਰਲ ਏਸ਼ੀਅਨ ਸਟੱਡੀਜ਼ ਦੇ ਐਸੋਸੀਏਟ ਪ੍ਰੋਫੈਸਰ ਡਾ. ਰਾਜਨ ਕੁਮਾਰ ਨੂੰ ਪੁੱਛਿਆ ਕਿ ਉਹ ਪਾਕਿਸਤਾਨ ਨਾਲ ਭਾਰਤ ਦੇ ਟਕਰਾਅ ਵਿਚ ਰੂਸ ਦੇ ਰੁਖ਼ ਨੂੰ ਕਿਵੇਂ ਵਿਚਾਰਦੇ ਹਨ।

ਡਾ. ਰਾਜਨ ਕੁਮਾਰ ਕਹਿੰਦੇ ਹਨ, "ਹੁਣ ਤੱਕ ਰੂਸ ਪਾਕਿਸਤਾਨ ਅਤੇ ਕਸ਼ਮੀਰ ਮੁੱਦੇ 'ਤੇ ਭਾਰਤ ਨੂੰ ਇਕਪਾਸੜ ਸਮਰਥਨ ਦੇਣ ਦੀ ਗੱਲ ਕਰਦਾ ਸੀ। ਪਰ ਇਸ ਵਾਰ ਰੂਸ ਨੇ ਪੂਰੇ ਮੁੱਦੇ 'ਤੇ ਦੁਵੱਲੀ ਗੱਲਬਾਤ ਦੀ ਗੱਲ ਕੀਤੀ, ਵਿਚੋਲਗੀ ਦੀ ਗੱਲ ਕੀਤੀ ਪਰ ਭਾਰਤ ਦੇ ਹੱਕ ਵਿਚ ਇੱਕਪਾਸੜ ਰੁਖ਼ ਨਹੀਂ ਦੇਖਿਆ ਗਿਆ।"

ਡਾ. ਰਾਜਨ ਕੁਮਾਰ ਕਹਿੰਦੇ ਹਨ, "ਇਹ ਸੱਚ ਹੈ ਕਿ ਇਸ ਵਾਰ ਵੀ ਰੂਸ ਭਾਰਤ ਵੱਲ ਝੁਕਾਅ ਰੱਖਦਾ ਦਿਖਾਈ ਦਿੱਤਾ ਪਰ ਉਸਦਾ ਬਿਆਨ ਬਹੁਤ ਸੰਤੁਲਿਤ ਸੀ। ਇਹ ਪੂਰੀ ਤਰ੍ਹਾਂ ਭਾਰਤ ਦੇ ਹੱਕ ਵਿਚ ਨਹੀਂ ਸੀ। ਲਾਵਰੋਵ ਦਾ ਬਿਆਨ ਬਹੁਤ ਸੰਤੁਲਿਤ ਸੀ। ਇਸ ਵਾਰ ਰੂਸ ਪੂਰੇ ਮਾਮਲੇ ਵਿਚ ਆਪਣੇ ਆਪ ਨੂੰ ਸੀਮਤ ਕਰਦਾ ਜਾਪਦਾ ਸੀ।"

ਡਾ. ਰਾਜਨ ਕੁਮਾਰ ਦਾ ਮੰਨਣਾ ਹੈ ਕਿ ਇਸਦੇ ਤਿੰਨ ਕਾਰਨ ਹਨ। ਉਹ ਕਹਿੰਦੇ ਹਨ, "ਰੂਸ-ਯੂਕਰੇਨ ਯੁੱਧ ਵਿਚ ਭਾਰਤ ਦਾ ਝੁਕਾਅ ਰੂਸ ਵੱਲ ਸੀ ਪਰ ਭਾਰਤ ਨੇ ਰੂਸ ਦਾ ਪੂਰਾ ਸਮਰਥਨ ਨਹੀਂ ਕੀਤਾ ਜਿਵੇਂ ਉਹ ਚਾਹੁੰਦਾ ਸੀ। ਪ੍ਰਧਾਨ ਮੰਤਰੀ ਨੇ ਯੂਕਰੇਨ ਦਾ ਦੌਰਾ ਕੀਤਾ ਸੀ ਅਤੇ ਕੂਟਨੀਤੀ ਰਾਹੀਂ ਯੂਕਰੇਨ ਯੁੱਧ ਨੂੰ ਹੱਲ ਕਰਨ ਦੀ ਮੰਗ ਕੀਤੀ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਕਿਸੇ ਵੀ ਦੇਸ਼ ਦੀ ਪ੍ਰਭੂਸੱਤਾ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ।"

"ਦੂਜਾ ਕਾਰਨ ਇਹ ਹੈ ਕਿ ਭਾਰਤ ਅਮਰੀਕਾ ਦੇ ਬਹੁਤ ਨੇੜੇ ਆ ਗਿਆ ਹੈ ਅਤੇ ਰੱਖਿਆ ਸਹਿਯੋਗ ਵਿਚ ਕਾਫ਼ੀ ਵਾਧਾ ਹੋਇਆ ਹੈ।" ਰੂਸ ਨਾਲ ਭਾਰਤ ਦੀ ਰੱਖਿਆ ਭਾਈਵਾਲੀ ਘਟੀ ਹੈ ਅਤੇ ਪੱਛਮ ਨਾਲ ਵਧੀ ਹੈ। ਤੀਜਾ ਕਾਰਨ ਰੂਸ ਦੀ ਆਪਣੀ ਮਜਬੂਰੀ ਹੈ। ਰੂਸ ਨੇ ਤਾਲਿਬਾਨ ਤੋਂ ਪਾਬੰਦੀ ਹਟਾ ਦਿੱਤੀ ਹੈ। ਰੂਸ ਪਾਕਿਸਤਾਨ ਰਾਹੀਂ ਅਫਗਾਨਿਸਤਾਨ ਵਿਚ ਪੈਰ ਜਮਾਉਣਾ ਚਾਹੁੰਦਾ ਹੈ। ਅਜਿਹੀ ਸਥਿਤੀ ਵਿਚ, ਪੁਤਿਨ ਪਾਕਿਸਤਾਨ ਨੂੰ ਪੂਰੀ ਤਰ੍ਹਾਂ ਪਾਸੇ ਨਹੀਂ ਕਰਨਾ ਚਾਹੁੰਦੇ।

ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਭਾਰਤ ਦਾ ਆਖਰੀ ਦੌਰਾ ਦਸੰਬਰ 2021 ਵਿਚ ਸੀ, ਯਾਨੀ ਕਿ ਫਰਵਰੀ 2022 ਵਿਚ ਯੂਕਰੇਨ ਨਾਲ ਯੁੱਧ ਸ਼ੁਰੂ ਹੋਣ ਤੋਂ ਬਾਅਦ ਪੁਤਿਨ ਭਾਰਤ ਨਹੀਂ ਆਏ। ਦੂਜੇ ਪਾਸੇ, ਉਹ ਦੋ ਵਾਰ ਚੀਨ ਦਾ ਦੌਰਾ ਕਰ ਚੁੱਕੇ ਹਨ। ਇਸ ਸਮੇਂ ਦੌਰਾਨ, ਉਹ ਦੂਜੇ ਦੇਸ਼ਾਂ ਦਾ ਦੌਰਾ ਵੀ ਕਰਦੇ ਰਹੇ ਹਨ। ਪੁਤਿਨ ਨੇ ਵੀ ਸਤੰਬਰ 2023 ਵਿਚ ਨਵੀਂ ਦਿੱਲੀ ਵਿਚ ਹੋਣ ਵਾਲੇ ਜੀ-20 ਸੰਮੇਲਨ ਵਿਚ ਸ਼ਿਰਕਤ ਨਹੀਂ ਕੀਤੀ। ਰੂਸ ਦਾ ਭਾਰਤ ਨਾਲ ਇੱਕ ਸਾਲਾਨਾ ਸੰਮੇਲਨ ਹੁੰਦਾ ਹੈ, ਜੋ ਅਨਿਯਮਿਤ ਹੋ ਗਿਆ ਹੈ।

ਹਾਲ ਹੀ ਦੇ ਸਾਲਾਂ ਵਿਚ, ਉਨ੍ਹਾਂ ਸੰਗਠਨਾਂ ਵਿਚ ਭਾਰਤ ਦਾ ਅਲੱਗ-ਥਲੱਗ ਹੋਣਾ ਵਧਿਆ ਹੈ ਜਿੱਥੇ ਰੂਸ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਿਵੇਂ ਕਿ ਸ਼ੰਘਾਈ ਸਹਿਯੋਗ ਸੰਗਠਨ (SCO).

ਨਰਿੰਦਰ ਮੋਦੀ ਜੁਲਾਈ 2024 ਵਿਚ SCO ਸੰਮੇਲਨ ਵਿਚ ਸ਼ਾਮਲ ਨਹੀਂ ਹੋਏ। ਭਾਰਤ 2025 ਵਿਚ SCO ਦੀ ਪ੍ਰਧਾਨਗੀ ਸੰਭਾਲੇਗਾ ਅਤੇ ਇਸਨੂੰ ਇੱਕ ਘੱਟ ਪ੍ਰੋਫਾਈਲ ਪ੍ਰਧਾਨਗੀ ਵਜੋਂ ਦੇਖਿਆ ਜਾ ਰਿਹਾ ਹੈ।

ਇਹ ਸਿਖਰ ਸੰਮੇਲਨ ਭਾਰਤ ਦੁਆਰਾ ਵਰਚੁਅਲ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ। ਦੂਜੇ ਪਾਸੇ, ਇਸ ਸਾਲ ਭਾਰਤ ਨੇ ਆਪਣੀ ਪ੍ਰਧਾਨਗੀ ਹੇਠ ਹਾਈ ਪ੍ਰੋਫਾਈਲ ਜੀ-20 ਸੰਮੇਲਨ ਦਾ ਆਯੋਜਨ ਕੀਤਾ। ਪਿਛਲੇ ਸਾਲ ਦੋਵਾਂ ਦੇਸ਼ਾਂ ਵਿਚਕਾਰ 68 ਬਿਲੀਅਨ ਡਾਲਰ ਦਾ ਵਪਾਰ ਹੋਇਆ ਸੀ, ਪਰ ਭਾਰਤ ਨੇ ਇਸ ਵਿਚੋਂ 60 ਬਿਲੀਅਨ ਡਾਲਰ ਦਾ ਤੇਲ ਰੂਸ ਤੋਂ ਖਰੀਦਿਆ।

2009 ਅਤੇ 2013 ਦੇ ਵਿਚਕਾਰ, ਭਾਰਤ ਦੇ ਹਥਿਆਰਾਂ ਦੀ ਦਰਾਮਦ ਦਾ 76 ਪ੍ਰਤੀਸ਼ਤ ਰੂਸ ਤੋਂ ਸੀ ਪਰ 2019 ਅਤੇ 2020 ਦੇ ਵਿਚਕਾਰ, ਇਸ ਵਿਚ 36 ਪ੍ਰਤੀਸ਼ਤ ਦੀ ਗਿਰਾਵਟ ਆਈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੈਂਟਰ ਫਾਰ ਰਸ਼ੀਅਨ ਐਂਡ ਸੈਂਟਰਲ ਏਸ਼ੀਅਨ ਸਟੱਡੀਜ਼ ਦੇ ਪ੍ਰੋਫੈਸਰ ਸੰਜੇ ਕੁਮਾਰ ਪਾਂਡੇ ਕਹਿੰਦੇ ਹਨ ਕਿ ਯੂਕਰੇਨ ਅਤੇ ਰੂਸ ਵਿਚਕਾਰ ਜੰਗ ਵਿਚ ਵੀ ਭਾਰਤ ਰੂਸ ਦੇ ਵਿਰੁੱਧ ਨਹੀਂ ਸੀ ਪਰ ਸਮਰਥਨ ਇੱਕ ਪਾਸੜ ਨਹੀਂ ਸੀ।

ਪ੍ਰੋਫੈਸਰ ਪਾਂਡੇ ਕਹਿੰਦੇ ਹਨ, "ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਾਕਿਸਤਾਨ ਰੂਸ ਲਈ ਅਛੂਤ ਨਹੀਂ ਰਿਹਾ ਹੈ। ਪਾਕਿਸਤਾਨ ਅਤੇ ਭਾਰਤ ਵਿਚਕਾਰ 1965 ਦੀ ਜੰਗ ਵਿਚ, ਰੂਸ ਨਿਰਪੱਖ ਸੀ ਅਤੇ ਵਿਚੋਲਗੀ ਕਰ ਰਿਹਾ ਸੀ। ਤਾਸ਼ਕੰਦ ਸਮਝੌਤਾ ਸੋਵੀਅਤ ਯੂਨੀਅਨ ਦੀ ਵਿਚੋਲਗੀ ਹੇਠ ਹੋਇਆ ਸੀ ਅਤੇ ਇਹ ਭਾਰਤ ਦੇ ਹੱਕ ਵਿਚ ਨਹੀਂ ਸੀ। ਇਸ ਸਮਝੌਤੇ ਤੋਂ ਬਾਅਦ ਭਾਰਤੀ ਫੌਜ ਨੂੰ ਪਿੱਛੇ ਹਟਣਾ ਪਿਆ। 1971 ਦੀ ਜੰਗ ਵਿਚ ਰੂਸ ਯਕੀਨੀ ਤੌਰ 'ਤੇ ਭਾਰਤ ਦੇ ਨਾਲ ਸੀ ਪਰ ਹੁਣ ਦੁਨੀਆ ਬਹੁਤ ਬਦਲ ਗਈ ਹੈ। ਇਸ ਦੇ ਬਾਵਜੂਦ, ਮੇਰਾ ਮੰਨਣਾ ਹੈ ਕਿ ਰੂਸ ਅਜੇ ਵੀ ਸਾਡੇ ਨਾਲ ਹੈ। ਭਾਰਤ ਨੇ ਅਮਰੀਕਾ ਦੇ ਵਿਰੋਧ ਦੇ ਬਾਵਜੂਦ ਰੂਸ ਤੋਂ S-400 ਖਰੀਦਿਆ ਸੀ ਅਤੇ ਇਸ ਵਾਰ ਇਸਨੇ ਪਾਕਿਸਤਾਨੀ ਹਮਲੇ ਨੂੰ ਰੋਕਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਪਾਕਿਸਤਾਨ ਦੇ ਪੱਛਮ ਨਾਲ ਸਬੰਧ ਕਮਜ਼ੋਰ ਹੋਣ ਕਾਰਨ, ਰੂਸ ਨਾਲ ਨੇੜਤਾ ਵਧਾਉਣ ਦੀ ਗੱਲ ਹੋ ਰਹੀ ਹੈ। 2023 ਵਿਚ, ਰੂਸ ਅਤੇ ਪਾਕਿਸਤਾਨ ਵਿਚਕਾਰ ਦੁਵੱਲਾ ਵਪਾਰ 1 ਬਿਲੀਅਨ ਡਾਲਰ ਦਾ ਸੀ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਧ ਹੈ। ਰੂਸ ਦੇ ਉਪ ਪ੍ਰਧਾਨ ਮੰਤਰੀ ਅਲੈਕਸੀ ਓਵਰਚੁਕ ਨੇ ਪਿਛਲੇ ਸਾਲ ਬ੍ਰਿਕਸ ਵਿਚ ਪਾਕਿਸਤਾਨ ਨੂੰ ਸ਼ਾਮਲ ਕਰਨ ਦਾ ਸਮਰਥਨ ਕੀਤਾ ਸੀ।

---

*(ਪਿਛਲੇ ਸਫੇ ਦਾ ਬਾਕੀ)*

2000 ਦੇਸੀ-ਵਿਦੇਸ਼ੀ ਅਤਿਵਾਦੀਆਂ ਨੂੰ ਟਰੇਨਿੰਗ ਦੇਂਦਾ ਹੈ, ਜਿਸ ਕਾਰਨ ਇਹ ਅਤਿਵਾਦੀ ਪੈਦਾ ਕਰਨ ਵਾਲੀ ਵਿਸ਼ਵ ਦੀ ਸਭ ਤੋਂ ਵੱਡੀ ਨਰਸਰੀ ਵਜੋਂ ਉੱਭਰਿਆ ਹੈ। ਲਸ਼ਕਰੇ ਤੋਇਬਾ ਦੇ ਮੁਖੀ ਜ਼ਾਕਿਰ ਰਹਿਮਾਨ ਲਖਵੀ ਦੇ ਓਸਾਮਾ ਬਿਨ ਲਾਦੇਨ ਨਾਲ ਬਹੁਤ ਗੂੜ੍ਹੇ ਸਬੰਧ ਸਨ, ਜਿਸ ਕਾਰਨ ਲਾਦੇਨ ਨੇ ਇਥੇ ਮਸਜਿਦ ਅਤੇ ਰੈਸਟ ਹਾਊਸ ਉਸਾਰਨ ਲਈ ਇੱਕ ਕਰੋੜ ਰੁਪਏ ਦਿੱਤੇ ਸਨ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਹੁਕਮਾਂ ਅਨੁਸਾਰ ਇਸ ਮਰਕਜ਼ ਨੇ ਅਜ਼ਮਲ ਕਸਾਬ ਸਮੇਤ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਵੀ ਟਰੇਨਿੰਗ ਦਿੱਤੀ ਸੀ। ਮੁੰਬਈ ਹਮਲਿਆਂ ਦੇ ਸਾਜਿਸ਼ੀ ਡੇਵਿਡ ਕੋਲਮੈਨ ਹੈਡਲੀ ਅਤੇ ਤਹੱਵੁਰ ਰਾਣਾ ਨੇ ਇਥੋਂ ਦਾ ਕਈ ਵਾਰ ਦੌਰਾ ਕੀਤਾ ਸੀ ਤੇ ਹਮਲਾ ਕਰਨ ਜਾ ਰਹੇ ਅਤਿਵਾਦੀਆਂ ਨੂੰ ਮੁੰਬਈ ਦੇ ਤਾਜ ਅਤੇ ਓਬਰਾਏ ਹੋਟਲ ਆਦਿ ਦੀ ਲੋਕੇਸ਼ਨ ਬਾਰੇ ਸਮਝਾਇਆ ਸੀ।

ਸਰਜਾਲ, ਤੇਤਾ ਕਲਾਂ- ਪਿੰਡ ਤੇਤਾ ਕਲਾਂ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ ਦੀ ਸ਼ਕਰਗੜ੍ਹ ਤਹਿਸੀਲ ਦੇ ਸ਼ਹਿਰ ਚੱਕ ਅਮਰੂ ਦੇ ਨਜ਼ਦੀਕ ਪੈਂਦਾ ਹੈ ਤੇ ਇਹ ਭਾਰਤ ਦੇ ਸਾਂਬਾ ਸੈਕਟਰ (ਜੰਮੂ ਕਸ਼ਮੀਰ) 'ਤੋਂ ਸਿਰਫ 6 ਕਿਲੋਮੀਟਰ ਦੂਰ ਹੈ। ਇਹ ਜੈਸ਼ੇ ਮੁਹੰਮਦ ਦਾ ਇੱਕ ਟਿਕਾਣਾ ਹੈ, ਜਿੱਥੇ ਜੰਮੂ ਕਸ਼ਮੀਰ ਵਿਚ ਅਤਿਵਾਦ ਫੈਲਾਉਣ ਵਾਲੇ ਜੇਹਾਦੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਫਿਰ ਗਾਈਡਾਂ ਦੁਆਰਾ ਉਨ੍ਹਾਂ ਨੂੰ ਉਥੇ ਪਹੁੰਚਾ ਦਿੱਤਾ ਜਾਂਦਾ ਹੈ। ਇਸ ਦੀ ਮੌਜੂਦਗੀ ਨੂੰ ਗੁਪਤ ਰੱਖਣ ਲਈ ਇਸ ਅੱਡੇ ਨੂੰ ਇੱਕ ਸਰਕਾਰੀ ਹਸਪਤਾਲ ਤੋਂ ਚਲਾਇਆ ਜਾ ਰਿਹਾ ਸੀ, ਜਿਸ ਨੂੰ ਓਪਰੇਸ਼ਨ ਸਿੰਧੂਰ ਰਾਹੀਂ ਭਸਮ ਕਰ ਦਿੱਤਾ ਗਿਆ ਹੈ। ਇਥੋਂ ਡਰੋਨਾਂ ਦੁਆਰਾ ਕਸ਼ਮੀਰ ਵਿਚ ਸਰਗਰਮ ਅਤਿਵਾਦੀਆਂ ਨੂੰ ਹਥਿਆਰ, ਗੋਲੀ ਸਿੱਕਾ, ਨਸ਼ੀਲੇ ਪਦਾਰਥ ਆਦਿ ਪਹੁੰਚਾਏ ਜਾਂਦੇ ਸਨ। ਇਸ ਦਾ ਕੰਟਰੋਲ ਜੈਸ਼ ਦੇ ਸੀਨੀਅਰ ਮੈਂਬਰਾਂ ਮੁਹੰਮਦ ਅਦਨਾਨ ਅਲੀ, ਕਾਸ਼ਿਫ ਖਾਨ ਅਤੇ ਮੁਫਤੀ ਅਬਦੁਲ ਰਾਊਫ ਦੇ ਅਧੀਨ ਸੀ। ਪਤਾ ਨਹੀਂ ਉਹ ਓਪਰੇਸ਼ਨ ਸਿੰਧੂਰ ਵਿਚ ਮਾਰੇ ਗਏ ਹਨ ਕਿ ਨਹੀਂ?

ਮਹਿਮੂਨਾ ਜੋਆ ਟਿਕਾਣਾ, ਸਿਆਲਕੋਟ- ਜੋਆ ਟਿਕਾਣਾ ਹਿਜ਼ਬੁਲ ਮੁਜਾਹਦੀਨ ਦੇ ਅਧੀਨ ਹੈ ਤੇ ਭੁੱਟਾ ਕੋਟਲੀ ਪਿੰਡ ਦੇ ਸਰਕਾਰੀ ਹਸਪਤਾਲ 'ਤੋਂ ਚਲਾਇਆ ਜਾਂਦਾ ਹੈ। ਇਸ ਅੱਡੇ ਦੀ ਵਰਤੋਂ ਹਿਜ਼ਬੁਲ ਮੁਜਾਹਦੀਨ ਵੱਲੋਂ ਜੰਮੂ ਸੈਕਟਰ ਵਿਚ ਅਤਿਵਾਦੀ ਭੇਜਣ ਲਈ ਕੀਤੀ ਜਾਂਦੀ ਹੈ। ਹਿਜ਼ਬੁਲ ਮੁਜਾਹਦੀਨ ਦਾ ਮੁਖੀਆ ਸਈਅਦ ਸਲਾਹੁਦੀਨ ਇਥੇ ਅਕਸਰ ਹੀ ਵੇਖਿਆ ਜਾਂਦਾ ਤੇ ਇਸ ਅੱਡੇ ਦਾ ਕੰਟਰੋਲ ਮੁਹੰਮਦ ਇਰਫਾਨ ਖਾਨ ਉਰਫ ਇਰਫਾਨ ਟੁੰਡੇ ਕੋਲ ਹੈ। ਜੰਮੂ ਕਸ਼ਮੀਰ ਵਿਚ ਭੇਜਣ 'ਤੋਂ ਪਹਿਲਾਂ ਅਤਿਵਾਦੀਆਂ ਨੂੰ ਇਥੇ ਪਹਾੜੀ ਜੰਗ ਦੇ ਦਾਅ ਪੇਚ ਸਿਖਾਏ ਜਾਂਦੇ ਹਨ। ਟੁੰਡੇ ਦੇ ਖਿਲਾਫ ਭਾਰਤ ਵਿਚ ਦੋ ਦਰਜਨ ਦੇ ਕਰੀਬ ਕਤਲਾਂ ਅਤੇ ਅਤਿਵਾਦ ਸਬੰਧੀ ਕੇਸ ਦਰਜ ਹਨ। ਟਰੇਨਿੰਗ ਅਤੇ ਭਾਰਤ ਵਿਚ ਘੁਸ ਪੈਠ ਕਰਨ ਦੀ ਉਡੀਕ ਵਿਚ ਇਥੇ 35-40 ਅਤਿਵਾਦੀ ਹਮੇਸ਼ਾਂ ਮੌਜੂਦ ਰਹਿੰਦੇ ਹਨ।

**ਮਰਕਜ਼ ਅਹਿਲੇ ਹਦੀਸ ਬਾਰਨਾਲਾ, ਭਿੰਬਰ**- ਲਸ਼ਕਰੇ ਤੋਇਬਾ ਦਾ ਇਹ ਮਰਕਜ਼ ਕੋਟ ਜਮਾਲ ਰੋਡ 'ਤੇ ਬਾਰਨਾਲਾ ਸ਼ਹਿਰ ਦੇ ਬਿਲਕੁਲ ਨਜ਼ਦੀਕ ਹੈ ਤੇ ਮਕਬੂਜ਼ਾ ਕਸ਼ਮੀਰ ਵਿਚ ਸਥਿਤ ਹੈ। ਇਸ ਦੀ ਵਰਤੋਂ ਲਸ਼ਕਰ ਦੇ ਅਤਿਵਾਦੀਆਂ ਅਤੇ ਗੋਲਾ ਬਾਰੂਦ ਨੂੰ ਪੁੰਛ, ਰਜੌਰੀ ਅਤੇ ਰਿਆਸੀ ਸੈਕਟਰਾਂ ਵਿਚ ਭੇਜਣ ਲਈ ਕੀਤੀ ਜਾਂਦੀ ਹੈ। ਇਹ ਮਰਕਜ਼ ਇੱਕ ਪੜਾਉ ਵਰਗਾ ਹੈ ਜਿੱਥੇ ਅਤਿਵਾਦੀ ਭਾਰਤ ਵਿਚ ਦਾਖਲ ਹੋਣ ਤੋਂ ਪਹਿਲਾਂ ਉਡੀਕ ਕਰਦੇ ਹਨ। ਇਥੇ 200-250 ਅਤਿਵਾਦੀਆਂ ਦੇ ਠਹਿਰਨ ਅਤੇ ਖਾਣ-ਪੀਣ ਦੀ ਸਹੂਲਤ ਹੈ। ਲਸ਼ਕਰ ਦੇ ਅਤਿਵਾਦੀ ਕਾਸਿਮ ਗੁੱਜਰ, ਕਾਸਿਮ ਖੰਡਾ ਅਤੇ ਅਨਸ ਜਰਾਰ ਇਸ ਮਰਕਜ਼ ਦੇ ਇੰਚਾਰਜ ਹਨ ਤੇ ਇਥੇ ਹੀ ਰਹਿੰਦੇ ਹਨ। ਲਸ਼ਕਰ ਦਾ ਚੀਫ ਹਾਫਿਜ਼ ਮੁਹੰਮਦ ਸਾਈਦ ਅਕਸਰ ਇਥੇ ਆਉਂਦਾ ਰਹਿੰਦਾ ਹੈ।

**ਮਰਕਜ਼ ਅੱਬਾਸ, ਕੋਟਲੀ**- ਮਰਕਜ਼ ਅੱਬਾਸ ਕੋਟਲੀ ਦਾ ਪੂਰਾ ਨਾਮ ਮਰਕਜ਼ ਸੈਦਨਾ ਹਜ਼ਰਤ ਅੱਬਾਸ ਬਿਨ ਅਬਦੁਲ ਮੁਤਾਲਿਬ ਹੈ ਤੇ ਇਹ ਮਕਬੂਜ਼ਾ ਕਸ਼ਮੀਰ ਵਿਚ ਜੈਸ਼ੇ ਮੁਹੰਮਦ ਦਾ ਇੱਕ ਮਹੱਤਵਪੂਰਨ ਟਰੇਨਿੰਗ ਸੈਂਟਰ ਹੈ। ਇਸ ਦਾ ਇੰਚਾਰਜ ਹਾਫਿਜ਼ ਅਬਦੁਲ ਸ਼ਕੂਰ ਉਰਫ ਕਾਰੀ ਜ਼ਰਾਰ ਜੈਸ਼ੇ ਮੁਹੰਮਦ ਦੀ ਕੋਰ ਕਮੇਟੀ ਦਾ ਮੈਂਬਰ ਹੈ ਤੇ ਜੈਸ਼ ਦੇ ਮੁਖੀਆ ਮੁਫਤੀ ਅਬਦੁਲ ਰਾਊਫ ਅਸਗਰ (ਖਬਰਾਂ ਮੁਤਾਬਕ ਓਪਰੇਸ਼ਨ ਸਿੰਧੂਰ ਸਮੇਂ ਮਰ ਗਿਆ ਹੈ) ਦਾ ਬੇਹੱਦ ਨਜ਼ਦੀਕੀ ਹੈ। ਕਾਰੀ ਜ਼ਰਾਰ ਜੰਮੂ ਕਸ਼ਮੀਰ ਵਿਚ ਅਨੇਕਾਂ ਘਾਤਕ ਹਮਲਿਆਂ ਲਈ ਸਿੱਧਾ ਜ਼ਿੰਮੇਵਾਰ ਹੈ ਤੇ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ ਦੀ ਮੋਸਟ ਵਾਂਟੇਡ ਲਿਸਟ 'ਤੇ ਹੈ। ਇਸ ਅੱਡੇ ਵਿਚ 150-200 ਅਤਿਵਾਦੀਆਂ ਦੇ ਠਹਿਰਨ ਦਾ ਪ੍ਰਬੰਧ ਹੈ। ਜੈਸ਼ ਦੇ ਪੁੰਛ ਰਜੌਰੀ ਸੈਕਟਰ ਵਿਚ ਘੁਸਪੈਠ ਅਤੇ ਹਮਲੇ ਕਰਨ ਦੀਆਂ ਸਾਰੀਆਂ ਸਕੀਮਾਂ ਇਥੇ ਹੀ ਬਣਾਈਆਂ ਜਾਂਦੀਆਂ ਹਨ।

ਮਰਕਜ਼ ਰਾਹੀਲ ਸ਼ਹੀਦ, ਕੋਟਲੀ- ਇਹ ਮਰਕਜ਼ ਵੀ ਕੋਟਲੀ ਵਿਚ ਹੀ ਹੈ ਤੇ ਹਿਜ਼ਬੁਲ ਮੁਜਾਹਦੀਨ ਦਾ ਸਭ ਤੋਂ ਪੁਰਾਣਾ ਅਤਿਵਾਦੀ ਟਿਕਾਣਾ ਹੈ। ਇਸ ਟਿਕਾਣੇ ਤੇ 400 ਦੇ ਕਰੀਬ ਅਤਿਵਾਦੀ ਹਰ ਸਮੇਂ ਹਥਿਆਰ ਚਲਾਉਣ, ਗੁਰੀਲਾ ਹਮਲਾ ਕਰਨ ਅਤੇ ਹਮਲੇ 'ਤੋਂ ਬਾਅਦ ਬਚ ਨਿਕਲਣ ਦੀਆਂ ਤਰਕੀਬਾਂ ਸਿੱਖਦੇ ਹਨ। ਰਵਾਇਤੀ ਹਥਿਆਰ ਚਲਾਉਣ ਤੋਂ ਇਲਾਵਾ ਇਥੇ ਖਾਸ ਤੌਰ 'ਤੇ ਸਨਾਈਪਰ ਤਿਆਰ ਕੀਤੇ ਜਾਂਦੇ ਹਨ। ਸ਼ਵਾਈ ਨਾਲਾ ਕੈਂਪ, ਮੁਜ਼ੱਫਰਾਬਾਦ- ਸ਼ਵਾਈ ਨਾਲਾ ਕੈਂਪ ਜਿਸ ਨੂੰ ਬੈਤ ਉਲ ਮੁਜਾਹਦੀਨ ਵੀ ਕਿਹਾ ਜਾਂਦਾ ਹੈ, ਮਕਬੂਜ਼ਾ ਕਸ਼ਮੀਰ ਵਿਚ ਮੁਜ਼ੱਫਰਾਬਾਦ- ਨੀਲਮ ਰੋਡ 'ਤੇ ਚੇਲਾਬੰਦੀ ਪੁਲ ਦੇ ਨਜ਼ਦੀਕ ਸਥਿੱਤ ਹੈ ਤੇ ਲਸ਼ਕਰੇ ਤੋਇਬਾ ਦਾ ਮਹੱਤਵਪੂਰਨ ਟਿਕਾਣਾ ਹੈ। ਇਹ ਸੰਨ 2000 ਤੋਂ ਚੱਲ ਰਿਹਾ ਹੈ ਤੇ ਮੁੰਬਈ ਹਮਲੇ ਵਾਲੇ ਅਤਿਵਾਦੀਆਂ ਨੇ ਇਥੇ ਵੀ ਟਰੇਨਿੰਗ ਲਈ ਸੀ। ਇਸ ਟਿਕਾਣੇ ਲਈ ਟਰੇਨਰ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਮੁਹੱਈਆ ਕਰਵਾਉਂਦੀ ਹੈ। ਇਥੇ ਅਤਿਵਾਦੀਆਂ ਨੂੰ ਹਥਿਆਰਾਂ 'ਤੋਂ ਇਲਾਵਾ ਜੀ.ਪੀ.ਐਸ, ਸੈਟੇਲਾਈਟ ਫੋਨ, ਨਕਸ਼ਾ ਸਮਝਣਾ ਅਤੇ ਸੂਖਮ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕਰਨ ਦੀ ਟਰੇਨਿੰਗ ਖਾਸ ਤੌਰ 'ਤੇ ਦਿੱਤੀ ਜਾਂਦੀ ਹੈ।

ਮਰਕਜ਼ ਸਾਈਐਦਨਾ ਬਿਲਾਲ, ਮਕਬੂਜ਼ਾ ਕਸ਼ਮੀਰ - ਮਰਕਜ਼ ਬਿਲਾਲ ਜੈਸ਼ੇ ਮੁਹੰਮਦ ਦਾ ਅਹਿਮ ਟਿਕਾਣਾ ਹੈ ਤੇ ਮੁਜ਼ੱਫਰਾਬਾਦ ਦੇ ਲਾਲ ਕਿਲੇ ਦੇ ਬਿਲਕੁਲ ਨਜ਼ਦੀਕ ਹੈ। ਇਥੇ ਵੀ ਹਰ ਵੇਲੇ 250-300 ਅਤਿਵਾਦੀ ਮੌਜੂਦ ਰਹਿੰਦੇ ਹਨ। ਮਕਬੂਜ਼ਾ ਕਸ਼ਮੀਰ ਦੀ ਜੈਸ਼ੇ ਮੁਹੰਮਦ ਸ਼ਾਖਾ ਦਾ ਮੁਖੀ ਮੁਫਤੀ ਅਸਗਰ ਖਾਨ ਕਸ਼ਮੀਰੀ ਇਸ ਦਾ ਇੰਚਾਰਜ ਹੈ। ਅਬਦੁੱਲਾ ਜੇਹਾਦੀ ਉਰਫ ਅਬਦੁੱਲਾ ਕਸ਼ਮੀਰੀ ਅਤੇ ਆਸ਼ਿਕ ਨੈਂਗਰੂ ਵਰਗੇ ਵੱਡੇ ਅਤਿਵਾਦੀ ਵੀ ਇਥੋਂ ਹੀ ਆਪਣੀਆਂ ਕਾਰਵਾਈਆਂ ਚਲਾਉਂਦੇ ਹਨ।

# ਅਲੰਕ੍ਰਿਤਾ ਸਹਾਏ ਦੀ ਸੀਰੀਜ਼ 'ਪਤੀ ਪਤਨੀ ਔਰ...'



4 ਅਪ੍ਰੈਲ, 1994 ਨੂੰ ਦਿੱਲੀ ਦੇ ਇਕ ਮੱਧਵਰਗੀ ਪਰਿਵਾਰ ਵਿਚ ਪੈਦਾ ਹੋਈ ਮਾਡਲ ਅਦਾਕਾਰਾ ਅਲੰਕ੍ਰਿਤਾ ਸਹਾਏ ਨੇ ਦਿੱਲੀ ਵਿਚ ਆਪਣੀ ਸਕੂਲੀ ਸਿੱਖਿਆ ਪੂਰੀ ਕੀਤੀ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ।

ਅਲੰਕ੍ਰਿਤਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਤੋਂ ਕੀਤੀ। 2014 ਵਿੱਚ ਉਸ ਨੇ 'ਮਿਸ ਇੰਡੀਆ ਅਰਥ' ਦਾ ਖ਼ਿਤਾਬ ਜਿੱਤਿਆ, ਜੋ ਉਸ ਦੇ ਕਰੀਅਰ ਦਾ ਇਕ ਮਹੱਤਵਪੂਰਨ ਮੋੜ ਸਾਬਿਤ ਹੋਇਆ। ਇਸ ਤੋਂ ਉਸ ਨੂੰ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ 'ਤੇ ਪਛਾਣ ਮਿਲੀ।

ਇਸ ਤੋਂ ਬਾਅਦ ਉਸ ਨੇ ਮਾਡਲਿੰਗ ਤੋਂ ਲੈ ਕੇ ਅਭਿਨੈ ਤੱਕ ਦਾ ਸਫ਼ਰ ਤੈਅ ਕੀਤਾ। ਉਸ ਨੇ ਲਗਭਗ 300 ਬਰੈਂਡਸ ਨਾਲ ਕੰਮ ਕੀਤਾ, ਜਿਸ ਵਿਚ ਕਈ ਇਸ਼ਤਿਹਾਰ ਅਤੇ ਸੰਗੀਤਕ ਵੀਡੀਓ ਸ਼ਾਮਿਲ ਹਨ। ਸੰਗੀਤਕ ਵੀਡੀਓ 'ਜੁਗਨੀ' ਅਤੇ 'ਮਖਮਲੀ ਪਿਆਰ' ਵਿਚ ਉਸ ਦੀ ਖੂਬਸੂਰਤੀ ਅਤੇ ਸਕ੍ਰੀਨ ਪੇਸ਼ਕਸ਼ ਦੀ ਹਰ ਕਿਸੇ ਨੇ ਜੰਮ ਕੇ ਤਾਰੀਫ਼ ਕੀਤੀ। ਬਾਲੀਵੁੱਡ ਵਿਚ ਉਸ ਦੀ ਸ਼ੁਰੂਆਤ ਨੈੱਟਫਲਿਕਸ ਦੀ ਰੋਮਾਂਟਿਕ ਕਾਮੇਡੀ ਫ਼ਿਲਮ 'ਲਵ ਪਰ ਸੁਕੇਅਰ ਫੁਟ ਤੋਂ ਹੋਈ। ਇਸ ਫ਼ਿਲਮ ਵਿਚ ਉਸ ਦੇ ਨਾਲ ਵਿੱਕੀ ਕੌਸ਼ਲ ਅਤੇ ਅੰਗੀਰਾ ਧਰ ਮੁੱਖ ਭੂਮਿਕਾਵਾਂ ਵਿਚ ਸਨ।

ਅਰਜੁਨ ਕਪੂਰ ਅਤੇ ਪਰਿਣੀਤੀ ਚੋਪੜਾ ਦੀ ਫ਼ਿਲਮ 'ਨਮਸਤੇ ਇੰਗਲੈਂਡ' ਵਿਚ ਅਲੰਕ੍ਰਿਤਾ ਦੀ ਮੌਜੂਦਗੀ ਨੇ ਹਰ ਕਿਸੇ ਦਾ ਧਿਆਨ ਖਿੱਚਿਆ ਸੀ। ਉਹ ਫ਼ਿਲਮ 'ਇਨਕੰਪਲੀਟ ਮੈਨ', 'ਬੈਂਡ ਆਫ਼ ਮਹਾਰਾਜਾ' ਅਤੇ 'ਟਿਪਸੀ ਵਿਚ ਵੀ ਨਜ਼ਰ ਆਈ ਸੀ। ਥ੍ਰਿਲਰ, ਡਰਾਮਾ ਫ਼ਿਲਮ 'ਟਿਪਸੀ' ਵਿਚ ਉਸ ਨੇ ਇਕ ਬੇਹੱਦ ਆਕਰਸ਼ਕ ਕਿਰਦਾਰ ਨਿਭਾਇਆ ਸੀ।

ਅਲੰਕ੍ਰਿਤਾ ਨੇ ਆਪਣੇ ਕਰੀਅਰ ਵਿਚ ਕਈ ਫ਼ਿਲਮਾਂ ਅਤੇ ਸ਼ੋਆਂ ਵਿਚ ਕੰਮ ਕਰਦੇ ਹੋਏ ਆਪਣੀ ਖ਼ੂਬਸੂਰਤੀ ਅਤੇ ਹੁਨਰ ਦੇ ਦਮ 'ਤੇ ਮਨੋਰੰਜਨ ਉਦਯੋਗ ਵਿਚ ਆਪਣੀ ਪਛਾਣ ਬਣਾਈ। ਉਸ ਨੂੰ ਹਰ ਤਰ੍ਹਾਂ ਦਾ ਕੰਮ ਕਰਨਾ ਪਸੰਦ ਹੈ। ਉਹ ਐਕਸ਼ਨ ਬਹੁਤ ਚੰਗਾ ਕਰ ਲੈਂਦੀ ਹੈ। ਉਹ ਸਕ੍ਰੀਨ 1 'ਤੇ ਕੌਪ ਦੀ ਭੂਮਿਕਾ ਨਿਭਾਉਣਾ ਚਾਹੁੰਦੀ ਹੈ। ਅਲੰਕ੍ਰਿਤਾ ਨੇ ਹਾਲ ਹੀ ਵਿਚ ਇਕ ਰਾਜਨੀਤੀ ਡਰਾਮਾ ਵੈੱਬ ਸੀਰੀਜ਼ 'ਪਤੀ ਪਤਨੀ ਔਰ ਕਾਂਡ' ਦੀ ਸ਼ੂਟਿੰਗ ਖ਼ਤਮ ਕੀਤੀ ਹੈ। ਸ਼ਾਹਨਵਾਜ਼ ਵਲੋਂ ਨਿਰਦੇਸ਼ਿਤ ਕੀਤਾ ਗਿਆ ਇਹ ਡਿਜੀਟਲ ਪ੍ਰਾਜੈਕਟ ਉਸ ਦੇ ਕਰੀਅਰ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ।

# ਕਿਤਾਬਾਂ ਦੀ ਦੁਨੀਆ



## ਕਲਾ ਪਰਿਕਰਮਾ



### ਪ੍ਰੋ. ਨਵ ਸੰਗੀਤ ਸਿੰਘ

ਕਿਤਾਬਾਂ ਦਾ ਇਤਿਹਾਸ ਬੜਾ ਦਿਲਚਸਪ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਛਪੀਆਂ ਕਿਤਾਬਾਂ ਦੀ ਪ੍ਰਕਿਰਿਆ 1448 ਈ. ਤੋਂ ਸ਼ੁਰੂ ਹੋਈ ਸੀ, ਜਦੋਂ ਜੋਹਾਨਸ ਗੁਟੇਨਬਰਗ ਨੇ ਪ੍ਰਿੰਟਿੰਗ ਪ੍ਰੈੱਸ ਦੀ ਖੋਜ ਕੀਤੀ ਸੀ। ਪਰ ਬਾਅਦ ਵਿੱਚ ਇਹ ਗਲਤ ਸਾਬਤ ਹੋਇਆ। ਉਂਜ ਪੰਜ ਹਜ਼ਾਰ ਸਾਲ ਪਹਿਲਾਂ ਵੀ ਕਿਤਾਬਾਂ ਸਨ, ਪਰ ਅੱਜ ਵਾਂਗ ਨਹੀਂ ਸਨ। ਉਹ ਪੁਰਾਣੀਆਂ ਕਿਤਾਬਾਂ ਚਿੱਟੀ ਮਿੱਟੀ ਦੀਆਂ ਫੱਟੀਆਂ ਉੱਤੇ ਲਿਖੀਆਂ ਗਈਆਂ ਸਨ। ਇਨ੍ਹਾਂ ਮੁੱਢਲੀਆਂ ਪੁਸਤਕਾਂ ਦੇ ਅਵਸ਼ੇਸ਼ ਸਾਰਗਾਨ, ਬੇਬਲ ਆਦਿ ਥਾਵਾਂ ਤੋਂ ਮਿਲੇ ਹਨ।

ਚੀਨ ਦਾ ਪਹਿਲਾ ਯਾਤਰੀ ਫਾਹਿਯਾਨ ਸੰਨ 399 ਤੋਂ 414 ਈ. ਦੇ ਵਿਚਕਾਰ ਭਾਰਤ ਆਇਆ ਸੀ। ਆਪਣੇ ਸਫ਼ਰਨਾਮੇ ਵਿੱਚ ਉਸਨੇ ਸਿੱਖਿਆ ਕੇਂਦਰਾਂ ਵਿੱਚ ਲਾਇਬ੍ਰੇਰੀਆਂ ਦੀ ਹੋਂਦ ਨੂੰ ਉਜਾਗਰ ਕੀਤਾ ਹੈ। ਇਕ ਹੋਰ ਚੀਨੀ ਯਾਤਰੀ ਹਿਊਨਸਾਂਗ ਨੇ ਸੰਨ 629 ਤੋਂ 645 ਈ. ਵਿਚ ਮੱਧ ਏਸ਼ੀਆ ਅਤੇ ਭਾਰਤ ਦਾ ਵਿਦਿਅਕ ਦੌਰਾ ਕੀਤਾ ਸੀ। ਉਸ ਨੇ ਰੇਸ਼ਮੀ ਕੱਪੜੇ ਦੀਆਂ ਪੱਟੀਆਂ, ਭੋਜ ਪੱਤਰ, ਚਮੜੇ ਅਤੇ ਲੱਕੜ ਦੇ ਚੌਰਸ ਟੁਕੜਿਆਂ 'ਤੇ ਹੱਥਾਂ ਨਾਲ ਲਿਖੀਆਂ ਕਿਤਾਬਾਂ ਦਾ ਜ਼ਿਕਰ ਕੀਤਾ ਹੈ।

ਜਦੋਂ ਕਾਗਜ਼ ਹੋਂਦ ਵਿੱਚ ਆਇਆ ਤਾਂ ਇਸ ਦੀ ਵਰਤੋਂ ਕਿਤਾਬਾਂ ਲਿਖਣ ਲਈ ਕੀਤੀ ਜਾਣ ਲੱਗੀ। ਗੁਟੇਨਬਰਗ ਨੇ 1448 ਈ. ਵਿੱਚ ਆਪਣੀ ਪ੍ਰਿੰਟਿੰਗ ਮਸ਼ੀਨ ਤੋਂ ਪਹਿਲੀ ਕਿਤਾਬ ਬਾਈਬਲ ਛਾਪੀ। ਲੰਬੇ ਸਮੇਂ ਤੱਕ ਇਸ ਬਾਈਬਲ ਨੂੰ ਪਹਿਲੀ ਛਪੀ ਕਿਤਾਬ ਮੰਨਿਆ ਜਾਂਦਾ ਸੀ। ਪਰ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਇਹ ਮਾਣ ਤਿੱਬਤ ਦੇ ਇਕ ਮੱਠ ਵਿਚ ਮਿਲੀ 'ਹੀਰਕ ਸੂਤਰ' ਨੂੰ ਪ੍ਰਾਪਤ ਹੋ ਗਿਆ। ਇਹ ਬੁੱਧ ਧਰਮ ਦਾ ਇੱਕ ਗ੍ਰੰਥ ਹੈ, ਜਿਸ ਦਾ ਪਾਲੀ ਭਾਸ਼ਾ ਤੋਂ ਚੀਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਹੈ। ਅਸਲ ਵਿੱਚ ਜੋਹਾਨਸ ਗੁਟੇਨਬਰਗ ਤੋਂ ਬਹੁਤ ਪਹਿਲਾਂ, ਬੋਧੀ ਭਿਕਸ਼ੂਆਂ ਨੇ ਛਪਾਈ ਦੀ ਇੱਕ ਵਿਧੀ ਖੋਜ ਲਈ ਸੀ। ਇਸ ਵਿਧੀ ਵਿੱਚ ਛਾਪੀ ਜਾਣ ਵਾਲੀ ਸਮੱਗਰੀ ਨੂੰ ਲੱਕੜ ਦੇ ਵਰਗਾਕਾਰ ਟੁਕੜਿਆਂ 'ਤੇ ਉਲਟੇ ਰੂਪ ਵਿੱਚ ਲਿਖਿਆ ਜਾਂਦਾ ਸੀ। ਫਿਰ ਸਿਆਹੀ ਵਾਲੇ ਹਿੱਸੇ ਨੂੰ ਛੱਡ ਕੇ ਲੱਕੜ ਦੀ ਬਾਕੀ ਸਤਹ ਨੂੰ ਖੋਦ ਕੇ ਨੀਵਾਂ ਕਰ ਦਿੱਤਾ ਜਾਂਦਾ ਸੀ। ਇੱਕ ਕਿਤਾਬ ਲਈ ਅਜਿਹੇ ਕਈ ਠੱਪੇ ਬਣਾਉਣੇ ਪੈਂਦੇ ਸਨ। ਇਹ ਬਹੁਤ ਮਿਹਨਤ ਵਾਲਾ ਕੰਮ ਸੀ, ਪਰ ਜਦੋਂ ਠੱਪੇ ਤਿਆਰ ਹੋ ਗਏ ਤਾਂ ਕਿਤਾਬਾਂ ਦੀਆਂ 100-50 ਕਾਪੀਆਂ ਛਾਪਣੀਆਂ ਆਸਾਨ ਹੋ ਜਾਂਦੀਆਂ ਸਨ। ਕਰੀਬ ਬਾਰਾਂ ਸੌ ਸਾਲ ਪਹਿਲਾਂ ਪੁਸਤਕਾਂ ਦੀ ਦੁਨੀਆਂ ਲਈ ਇਹ ਬਹੁਤ ਵੱਡੀ ਪ੍ਰਾਪਤੀ ਸੀ। ਪੁਸਤਕਾਂ ਦੀ ਲੰਮੀ ਪਰੰਪਰਾ ਹੈ। ਇਸ ਨੂੰ ਗਿਆਨ ਦਾ ਭੰਡਾਰ ਕਿਹਾ ਜਾਂਦਾ ਹੈ। ਕਿਤਾਬਾਂ ਇਸ ਦੁਨੀਆਂ ਨੂੰ ਬਦਲਣ ਦਾ ਜ਼ਰੀਆ ਬਣੀਆਂ ਹੋਈਆਂ ਹਨ। ਮਹਾਭਾਰਤ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਦੁਆਰਾ ਪ੍ਰਚਾਰਿਆ ਗਿਆ ਗੀਤਾ ਦਾ ਉਪਦੇਸ਼ ਅੱਜ ਇੱਕ ਪੁਸਤਕ ਦੇ ਰੂਪ ਵਿੱਚ ਸਾਂਭਿਆ ਹੋਇਆ ਹੈ। ਬਾਈਬਲ, ਕੁਰਾਨ, ਰਾਮਾਇਣ, ਵੇਦ ਪਵਿੱਤਰ ਗ੍ਰੰਥ ਹਨ। ਪਰ ਸਰੂਪ ਇੱਕ ਕਿਤਾਬ ਦਾ ਹੈ। ਪੁਸਤਕਾਂ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਹਨ। ਅੰਗਰੇਜ਼ ਇਤਿਹਾਸਕਾਰ ਅਤੇ ਦਾਰਸ਼ਨਿਕ ਥਾਮਸ ਕਾਰਲਾਈਲ ਨੇ ਕਿਤਾਬਾਂ ਬਾਰੇ ਕਿਹਾ ਹੈ - "ਮਨੁੱਖ ਜਾਤੀ ਨੇ ਜੋ ਵੀ ਕੀਤਾ, ਸੋਚਿਆ, ਪ੍ਰਾਪਤ ਕੀਤਾ ਜਾਂ ਹੋਇਆ, ਇਹ ਸਭ ਕਿਤਾਬਾਂ ਦੇ ਜਾਦੂਈ ਪੰਨਿਆਂ ਵਿੱਚ ਸੁਰੱਖਿਅਤ ਹੈ।" ਭਾਵ ਕਿਤਾਬਾਂ ਮਨੁੱਖਤਾ ਦਾ ਦਸਤਾਵੇਜ਼ ਹਨ। ਕਿਤਾਬਾਂ ਮਨੁੱਖ ਨੂੰ ਜੀਵਨ ਦਾ ਰਾਹ ਵਿਖਾਉਂਦੀਆਂ ਹਨ, ਜਿਉਣ ਦੇ ਨਵੇਂ-ਨਵੇਂ ਰਾਹ ਸੁਝਾਉਂਦੀਆਂ ਹਨ। ਲੋਕਮਾਨਯ ਬਾਲ ਗੰਗਾਧਰ ਤਿਲਕ ਪੁਸਤਕਾਂ ਦੇ ਬਹੁਤ ਸ਼ਰਧਾਲੂ ਸਨ। ਉਨ੍ਹਾਂ ਦਾ ਕਥਨ ਹੈ- "ਮੈਂ ਚੰਗੀਆਂ ਕਿਤਾਬਾਂ ਦਾ ਨਰਕ ਵਿਚ ਵੀ ਸਵਾਗਤ ਕਰਾਂਗਾ, ਕਿਉਂਕਿ ਇਸ ਵਿਚ ਉਹ ਸ਼ਕਤੀ ਹੈ ਕਿ ਇਹ ਜਿੱਥੇ ਵੀ ਰਹਿਣਗੀਆਂ, ਉੱਥੇ ਹੀ ਸਵਰਗ ਬਣ ਜਾਵੇਗਾ।" ਇਸਦਾ ਭਾਵ ਹੈ ਕਿ ਕਿਤਾਬਾਂ ਸਾਡੇ ਜੀਵਨ ਵਿੱਚ ਸੱਚੇ ਮਾਰਗ-ਦਰਸ਼ਕ ਅਤੇ ਪ੍ਰੇਰਨਾ ਸਰੋਤ ਦੀ ਭੂਮਿਕਾ ਨਿਭਾਉਂਦੀਆਂ ਹਨ। ਪੰਡਿਤ ਜਵਾਹਰ ਲਾਲ ਨਹਿਰੂ ਕਿਹਾ ਕਰਦੇ ਸਨ - "ਕਿਤਾਬਾਂ ਤੋਂ ਬਿਨਾਂ ਅਸੀਂ ਦੁਨੀਆਂ ਦੀ ਕਲਪਨਾ ਵੀ ਨਹੀਂ ਕਰ ਸਕਦੇ।" ਅਸਲ ਵਿਚ ਸ਼ਖਸੀਅਤ ਦੇ ਸਮੁੱਚੇ ਰੂਪਾਂਤਰਣ ਵਿਚ ਪੁਸਤਕਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕਿਸੇ ਵਿਦਵਾਨ ਨੇ ਪੁਸਤਕਾਂ ਨੂੰ ਸਭਿਅਤਾ ਦੀਆਂ ਅੱਖਾਂ ਕਿਹਾ ਹੈ।

ਕਿਤਾਬਾਂ ਨਾਲ ਦੋਸਤੀ ਕਰਨ ਦਾ ਸਭ ਤੋਂ ਵਧੀਆ ਸਮਾਂ ਬਚਪਨ ਦਾ ਹੁੰਦਾ ਹੈ। ਇਸ ਉਮਰ ਵਿੱਚ ਇੱਕ ਵਾਰ ਦੋਸਤੀ ਹੋ ਜਾਵੇ ਤਾਂ ਜ਼ਿੰਦਗੀ-ਭਰ ਲਈ ਪੱਕੀ ਹੁੰਦੀ ਹੈ। ਅਕਾਦਮੀਸ਼ੀਅਨ ਡੀ.ਐਸ. ਕੋਠਾਰੀ ਤਾਂ ਬੱਚਿਆਂ ਨੂੰ ਉਮਰ ਅਨੁਸਾਰ ਕਿਤਾਬਾਂ ਮੁਹੱਈਆ ਕਰਵਾਉਣ ਦੇ ਵੱਡੇ ਸਮਰਥਕ ਸਨ। ਉਨ੍ਹਾਂ ਦੇ ਸ਼ਬਦਾਂ ਵਿੱਚ- "ਬਾਲ ਸਾਹਿਤ ਪੜ੍ਹਨ ਨਾਲ ਬੱਚੇ ਦਾ ਬੌਧਿਕ ਦਾਇਰਾ ਵਿਸ਼ਾਲ ਹੁੰਦਾ ਹੈ ਅਤੇ ਉਹ ਪ੍ਰਤੱਖ ਵਾਤਾਵਰਣ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਜਾਂਦਾ ਹੈ। ਇਹ ਬੱਚਿਆਂ ਵਿੱਚ ਕੁਦਰਤ, ਵਾਤਾਵਰਣ ਅਤੇ ਵਾਤਾਵਰਣ ਦੇ ਜੀਵਿਤ ਅਤੇ ਨਿਰਜੀਵ ਤੱਤਾਂ ਪ੍ਰਤੀ ਉਤਸੁਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦਾ ਹੈ। ਸਾਹਿਤ ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਜੁੜਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।"

ਭਾਵੇਂ ਅੱਜ ਕਿਤਾਬਾਂ ਦੀ ਦੁਨੀਆਂ ਉਜੜੀ ਜਿਹੀ ਜਾਪਦੀ ਹੈ ਅਤੇ ਇਲੈਕਟ੍ਰਾਨਿਕ ਮਾਧਿਅਮ ਅੱਗੇ ਵਧ ਗਿਆ ਹੈ। ਪਰ ਇਹ ਆਮ ਗੱਲ ਹੈ। ਰਵਾਇਤੀ ਪੁਸਤਕਾਂ ਦੇਸ਼ ਦੀ ਪਛਾਣ, ਸੱਭਿਅਤਾ, ਸੱਭਿਆਚਾਰ ਅਤੇ ਲੋਕ-ਜੀਵਨ ਨੂੰ ਸੰਭਾਲਦੀਆਂ ਹਨ। ਹਜ਼ਾਰਾਂ ਸਾਲਾਂ ਤੋਂ ਕਿਤਾਬਾਂ ਸਾਡੇ ਵਿਸ਼ਵਾਸ ਦੇ ਕੇਂਦਰ ਵਿੱਚ ਸਥਾਪਿਤ ਹਨ ਅਤੇ ਗਿਆਨ ਦੀ ਰੌਸ਼ਨੀ ਫੈਲਾਉਂਦੀਆਂ ਹਨ। ਲੋਕਾਂ ਦੇ ਮਨਾਂ ਵਿੱਚ ਕਿਤਾਬ ਜਿਉਂਦੀ-ਜਾਗਦੀ ਸਰਸਵਤੀ ਦਾ ਸਰੂਪ ਹੈ ਅਤੇ ਲੈਪਟਾਪ, ਮੋਬਾਈਲ, ਟੈਬਲੇਟ - ਇਹ ਸਭ ਸੂਚਨਾ ਦਾ ਮਾਧਿਅਮ ਹਨ। ਲੱਖਾਂ ਰੁਪਏ ਦੇ ਇਨ੍ਹਾਂ ਇਲੈਕਟ੍ਰਾਨਿਕ ਯੰਤਰਾਂ ਵਿੱਚੋਂ ਜੇਕਰ ਕੋਈ ਸਾਡੇ ਪੈਰਾਂ ਹੇਠ ਆ ਜਾਵੇ ਤਾਂ ਅਸੀਂ ਇਸ ਦੇ ਟੁੱਟਣ ਦੀ ਚਿੰਤਾ ਤੋਂ ਮੁਕਤ ਹੋ ਜਾਵਾਂਗੇ, ਨਿਰਾਸ਼ਾ ਵਰਗੀ ਕੋਈ ਚੀਜ਼ ਨਹੀਂ ਹੋਵੇਗੀ। ਪਰ ਜਦੋਂ ਇਹ ਸਭ ਕੁਝ ਕਟੀ-ਫਟੀ ਕਿਤਾਬ ਨਾਲ ਵਾਪਰਦਾ ਹੈ, ਤਾਂ ਅਸੀਂ ਤੁਰੰਤ ਮੁਆਫੀ ਮੰਗਣ ਦੀ ਸਥਿਤੀ ਵਿੱਚ ਆ ਜਾਂਦੇ ਹਾਂ। ਜ਼ਿਆਦਾ ਸੰਭਾਵਨਾ ਇਹ ਹੁੰਦੀ ਹੈ ਕਿ ਅਜਿਹੀ ਸਥਿਤੀ ਵਿੱਚ ਅਸੀਂ ਕਿਤਾਬ ਨੂੰ ਚੁੱਕ ਕੇ ਆਪਣੇ ਮੱਥੇ ਨਾਲ ਲਾਵਾਂਗੇ। ਭਾਵ, ਪੁਸਤਕ ਦੀਆਂ ਜੜ੍ਹਾਂ ਭਾਵਨਾਤਮਕ ਪੱਧਰ 'ਤੇ ਜਨਤਕ ਜੀਵਨ ਵਿਚ ਬਹੁਤ ਡੂੰਘੀਆਂ ਹਨ।

ਅਸਲ ਵਿੱਚ ਇਹੋ ਪੁਸਤਕ ਦੀ ਵੱਡੀ ਤਾਕਤ ਹੈ, ਜੋ ਇਸਨੂੰ ਤਬਾਹ ਨਹੀਂ ਹੋਣ ਦੇਵੇਗੀ। ਇਹ ਸਮਾਜਿਕ ਜੀਵਨ ਅਤੇ ਸਿੱਖਿਆ ਕੇਂਦਰਾਂ ਵਿੱਚ ਹਮੇਸ਼ਾ ਰਹੇਗੀ, ਇਹ ਕਦੇ ਸਿਮ੍ਰਤੀ (ਯਾਦ) ਨਹੀਂ ਬਣੇਗੀ।

**-1, ਲਤਾ ਗਰੀਨ ਐਨਕਲੇਵ,**
**ਪਟਿਆਲਾ-147002.**

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-692



*ਬੰਦੇ ਨੇ ਚੁੱਕੀ ਸਲੀਬ ਪਿੱਠ ਉੱਤੇ', ਪਾਰਕ ਵਿਚ ਸੀ ਬੁੱਤ ਲਾਇਆ,*
*ਦਿਲ 'ਚ ਆਈ ਦਇਆ ਬੱਚੇ ਦੇ, 'ਮਦਦ ਕਰ'' ਦਾ ਚੇਤਾ ਆਇਆ।*
*ਛੇਤੀ ਭੱਜ ਕੇ ਕੋਲ ਪਹੁੰਚ ਗਿਆ, ਜਾ ਕੇ ਸਲੀਬ ਨੂੰ ਹੱਥ ਪਾਇਆ,*
*ਪਰ ਮਸੂਮੀਅਤ ਨਾ ਜਾਣੇ ਬੁੱਤ ਹੈ, ਤੇ ਭਾਰ ਨ ਗਿਆ ਵੰਡਾਇਆ।*

## ਕੈਪਸ਼ਨ ਮੁਕਾਬਲਾ-690



ਤੱਕਿਆ ਬੱਚੇ ਅੰਬ ਤੋੜਦੇ,
ਬਚਪਨ ਚੇਤੇ ਆਇਆ,
ਚੋਰੀ ਚੋਰੀ ਤੋੜ ਖਾਣ ਦਾ,
ਹੁੰਦੈ ਸਵਾਦ ਸਵਾਇਆ।
ਜੇਬੋਂ ਕੱਢ ਡਲੀ ਲੂਣ ਦੀ,
ਫਾੜੀ 'ਤੇ ਜਦੋਂ ਘਸਾਣੀ,
ਸਹੁੰ ਰੱਬ ਦੀ ਭੁੱਲ ਜਾਣੀ,
ਸ਼ੜੀ-ਸ਼ਾਮਤ ਜੋ ਆਣੀ।
***-ਸੇਵਾ ਸਿੰਘ ਨੂਰਪੁਰੀ***

---

ਹਰ ਟਹਿਣੀ 'ਤੇ ਸੰਧੂਰੀ ਲਾ ਤੇ
ਪੱਕੀ ਕੰਧ ਦੇ ਲਿਓੜ ਵੀ ਲਾਹਤੇ।
ਇੱਲਤੀ ਪੌੜੀ ਤੋਂ ਉੱਪਰ ਚੜ੍ਹਾਤੇ
ਉਨ੍ਹਾਂ ਤੋੜ ਕੇ ਢੇਰ ਵੀ ਲਾ ਤੇ
ਸਦਕੇ ਜਾਈਏ ਕਲਾਕਾਰੀ ਦੇ
ਜਿਹਨੇ ਕਲਾ ਦੇ ਸਿਖਰ ਕਰਾਤੇ
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---

ਕਿੱਥੇ ਤੁਰ ਗਏ ਬਾਗ਼ ਅੰਬਾਂ ਵਾਲੇ।
ਪਿੰਡਾਂ ਵਿਚ ਜੋ ਜਾਂਦੇ ਸਨ ਪਾਲੇ।
ਪੀਂਘਾਂ ਪੈਂਦੀਆਂ ਟਾਹਲਿਆਂ ਉੱਤੇ।
ਮੰਜੇ ਡਾਹ ਲੈਂਦੇ, ਰਖਵਾਲੇ ਉੱਥੇ।
ਸੰਧੂਰੀ ਦਸਹਿਰੀ, ਹੋਰ ਵੀ ਲੱਗਦੇ।
ਲੱਗਦਾ ਜਿਉਂ ਹੋਣ, ਸਾਂਝੇ ਸੱਭਦੇ।
ਡਿੱਗਾ ਅੰਬ ਕੋਈ ਬਾਲ ਚੁੱਕ ਲੈਂਦਾ।
ਰਖਵਾਲਾ ਨਾ ਕੁਝ, ਉਸਨੂੰ ਕਹਿੰਦਾ।
ਅਪਣੱਤ ਭਿਆਲੀ, ਹੁੰਦੀ ਸਭ ਥਾਈਂ।
ਓਪਰਾ ਨਾ ਪਰਾਇਆ, ਸਭ ਗਿਰਾਈਂ।
ਬਾਗ਼ ਪਿੰਡ ਖਾ ਗਿਆ ਸ਼ਹਿਰੀਕਰਨ।
ਚਿੜੀਆਂ ਕਿੱਥੇ ਜਾ ਕੋਇਲਾਂ ਚਹਿਕਣ।

ਤਪ ਗਈ ਧਰਤੀ ਤਪਿਆ ਅਸਮਾਨ।
ਤ੍ਰਿਸ਼ਨਾਲੂ, ਸੰਤਾਪ ਗ੍ਰਸਿਆ ਇਨਸਾਨ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

ਕੱਚਿਆਂ ਨੇ ਅੱਧ ਪੱਕਿਆਂ ਨੂੰ
ਹੱਥ ਪਾ ਲਿਆ
ਹੱਥ ਨਹੀਂ ਸੀ ਪੈਂਦਾ
ਤਾਂ ਵੀ ਜੁਗਾੜ ਲਾ ਲਿਆ।
ਜਿੱਥੇ ਚਾਹ ਉਥੇ ਰਾਹ
ਸਿਆਣੇ ਆਖ ਗਏ।
ਸਲਾਮ ਤੁਹਾਡੀ ਕੋਸ਼ਿਸ਼ ਨੂੰ
ਤਾਹੀਓਂ ਫਲ ਖਾ ਲਿਆ।
***-ਲੋਕ ਨਾਥ ਸ਼ਰਮਾ***
***ਫੋਨ: 94171-76 877***

---

ਸ਼ਰਾਰਤਾਂ ਨੂੰ ਦੇਖ
ਬਚਪਨ ਆਉਂਦਾ ਯਾਦ
ਬਾੜੀ ਵਿਚੋਂ ਚੋਰੀ ਛਿਪੇ ਫ਼ਲ ਤੋੜਦੇ।
ਗੰਨਿਆਂ ਦੇ ਖੇਤਾਂ 'ਚ ਲੁਕ ਕੇ
ਖਾਣਾ ਖਾ ਲੈਂਦੇ ਸਵਾਦ
ਖਰਾਬ ਨਹੀਂ ਸੀ ਕਰਦੇ
ਆਪਣੇ ਜੋਗੇ ਹੀ ਤੋੜਦੇ।
ਬਾੜੀ ਦੇ ਮਾਲਕ ਵੀ ਸ਼ਰੀਕ ਹੀ ਹੁੰਦੇ
ਚੋਰੀ ਫੜੀ ਜਾਣ ਦੇ
ਬਾਹਾਂ ਸੀ ਮਰੋੜਦੇ।
ਬੱਚਿਆਂ ਬਿਨਾਂ
ਨਾ ਮਹਿਫ਼ਲਾਂ ਪੋਂਹਦੀਆਂ ਨੇ
ਉਨ੍ਹਾਂ ਨਾਲ ਹੀ ਜ਼ਿੰਦਗੀਆਂ ਸੋਂਹਦੀਆਂ ਨੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਨਜ਼ਰ ਪਈ ਜਦ ਟਾਹਣੀਆਂ ਵੱਲ
ਰਸ ਨਾਲ ਭਰੇ ਟਪਕੇ ਦੇ ਅੰਬ
ਮੂੰਹ 'ਚ ਪਾਣੀ ਤਾਂ ਕੀ
ਅੱਚੋਤਾਈ ਜਿਹੀ ਲੱਗ ਗਈ
ਕਿੰਝ ਝੱਟ ਤੋੜ ਬੋਝੇ ਪਾ ਲਈਏ
ਜੁਗਤ ਪੌੜੀ ਜਾਂ ਜਬਲ ਜਲੰਗ ਕਮਰ ਕੱਸਾ
ਦੂਹਾ ਦੂਹ, ਬੱਚੇ ਟੁੱਟ ਕੇ ਪੈ ਗਏ।
ਕੱਚਾ ਪੱਕਾ ਜੋ ਹੱਥ ਆਇਆ
ਤੋੜ ਤੋੜ ਢੇਰ ਲਗਾਇਆ
ਸਾਬਤ ਕਰ ਦਿੱਤਾ ਆਪਸੀ ਸਹਿਹੋਂਦ।
***-ਦਰਸ਼ਨ ਪਾਲ ਦੋਸਾਂਝ***

# ਬਸਤਰ: ਸਾਡੇ ਲਹੂ ਨਾਲ ਲਿੱਬੜੇ ਹੱਥ

***ਮੀਨਾ ਕੰਡਾਸਾਮੀ ਨਾਰੀਵਾਦੀ ਕਵਿੱਤਰੀ ਅਤੇ ਲੇਖਿਕਾ ਹੈ। ਉਸ ਦੀ ਤਾਜ਼ਾ ਪ੍ਰਕਾਸ਼ਿਤ ਕਿਤਾਬ 'Tomorrow Someone Will Arrest' ਹੈ, ਜੋ ਪਿਛਲੇ ਦਹਾਕੇ ਦੌਰਾਨ ਲਿਖੀਆਂ ਗਈਆਂ ਰਾਜਨੀਤਕ ਕਵਿਤਾਵਾਂ ਦਾ ਸੰਗ੍ਰਹਿ ਹੈ। ਕੇਂਦਰੀ ਭਾਰਤ ਦੇ ਬਸਤਰ ਅਤੇ ਹੋਰ ਇਲਾਕਿਆਂ ਵਿਚ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਭਿਆਨਕ ਕਤਲੇਆਮ ਦੀ ਜ਼ਮੀਨੀ ਹਕੀਕਤ ਅਤੇ ਇਸ ਪਿੱਛੇ ਭਾਰਤ ਦੀ ਭਗਵਾ ਹਕੂਮਤ ਦੇ ਅਸਲ ਮਨਸ਼ੇ ਨੂੰ ਸਮਝਣ ਲਈ ਭਾਰਤ ਦੇ ਪ੍ਰਸਿੱਧ ਰਸਾਲੇ ਫਰੰਟਲਾਈਨ ਵਿਚ ਛਪਿਆ ਇਹ ਵਿਸਤਾਰਤ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਜਿਸਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। – ਸੰਪਾਦਕ***

**ਮੀਨਾ ਕੰਡਾਸਾਮੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਬਸਤਰ ਵਿਚ ਕੌਮੀ ਜ਼ਮੀਰ (ਅੰਤਰ-ਆਤਮਾ) ਤੋਂ ਅਟੱਕ ਇਕ ਤਾਂਡਵ ਨਾਚ ਚੱਲ ਰਿਹਾ ਹੈ। ਮਿੱਥੇ ਸਮੇਂ ਵਿਚ ਨਕਸਲਵਾਦ ਦਾ ਖ਼ਾਤਮਾ ਕਰਨ ਦਾ ਇਹ ਮਿਸ਼ਨ ਆਦਿਵਾਸੀਆਂ ਵਿਰੁੱਧ ਮੁਕੰਮਲ ਯੁੱਧ ਨੂੰ ਦਿੱਤਾ ਗਿਆ ਲੁਭਾਉਣਾ ਨਾਂ ਹੈ।

ਕੇਂਦਰ ਸਰਕਾਰ ਦੇ 'ਓਪਰੇਸ਼ਨ ਕਗਾਰ' ਨੇ ਛੱਤੀਸਗੜ੍ਹ ਵਿਚ ਬੇਮਿਸਾਲ ਖ਼ੂਨਖ਼ਰਾਬਾ ਵਿੱਢਿਆ ਹੋਇਆ ਹੈ, ਜੋ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਕਸਲਵਾਦ ਨੂੰ ਖ਼ਤਮ ਕਰਨ ਅਤੇ ਆਪਣਾ ਰਾਜਨੀਤਕ ਨਾਂ ਚਮਕਾਉਣ ਦਾ ਪਸੰਦੀਦਾ ਪ੍ਰੋਜੈਕਟ ਹੈ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਹੀ ਸੁਰੱਖਿਆ ਬਲਾਂ ਨੇ ਰਾਜ ਵਿਚ 140 ਕਥਿਤ ਮਾਓਵਾਦੀਆਂ ਨੂੰ ਮਾਰ ਦਿੱਤਾ ਹੈ (ਸਾਊਥ ਏਸ਼ੀਆ ਟੈਰਰਿਜ਼ਮ ਪੋਰਟਲ ਦੀ ਵੈੱਬਸਾਈਟ ਅਨੁਸਾਰ), ਜੋ ਕਿ 2024 ਵਿਚ ਮਾਰੇ ਗਏ ਮਾਓਵਾਦੀਆਂ ਦੀ ਕੁਲ ਗਿਣਤੀ 235 ਮੌਤਾਂ ਦੇ ਅੱਧ ਤੋਂ ਵੱਧ ਹੈ। 2023 ਦੇ ਮੁਕਾਬਲੇ, ਜਦੋਂ ਰਾਜ ਵਿਚ ਸਿਰਫ਼ 23 ਕਥਿਤ ਮਾਓਵਾਦੀ ਮਾਰੇ ਗਏ ਸਨ, ਇਹ ਵਾਧਾ ਚੌਂਕਾ ਦੇਣ ਵਾਲਾ ਹੈ। ਮੌਤਾਂ ਵਿਚ ਇਹ ਵਾਧਾ ਸਿੱਧੇ ਤੌਰ 'ਤੇ ਇਨਾਮੀ ਯੋਜਨਾ ਨਾਲ ਜੁੜਿਆ ਹੈ, ਜੋ ਇਨਸਾਨੀ ਸਿਰਾਂ ਦੇ ਮੁੱਲ ਰੱਖਦੀ ਹੈ। ਪ੍ਰਤੀ ਮ੍ਰਿਤਕ ਨਕਸਲੀ ਬਦਲੇ 25 ਲੱਖ ਰੁਪਏ ਤੱਕ ਦਿੱਤੇ ਜਾ ਰਹੇ ਹਨ।

'ਓਪਰੇਸ਼ਨ ਕਗਾਰ' (ਜਿਸਦਾ ਮੋਟਾ ਜਿਹਾ ਭਾਵ ਹੈ 'ਆਖ਼ਰੀ ਹੱਲਾ') ਦੀ ਨੀਤੀ ਚਾਰ-ਪੜਾਵੀ ਹੈ: ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ 'ਫਾਰਵਰਡ ਓਪਰੇਟਿੰਗ ਬੇਸ' (ਐਫ. ਓ. ਬੀ.) ਸਥਾਪਤ ਕਰਨਾ; ਖ਼ੁਫ਼ੀਆ ਜਾਣਕਾਰੀ ਜੁਟਾਉਣ ਲਈ ਡਰੋਨਾਂ ਅਤੇ ਸੈਟੇਲਾਈਟ ਰਾਹੀਂ ਤਸਵੀਰਾਂ ਲੈਣ ਦੀ ਤਕਨੀਕ ਵਰਤਣਾ; ਮੁੜ ਕਬਜ਼ੇ 'ਚ ਲਏ ਖੇਤਰਾਂ ਵਿਚ 612 ਤੋਂ ਵੱਧ 'ਕਿਲ੍ਹਾਬੰਦ ਪੁਲਿਸ ਥਾਣੇ' ਸਥਾਪਤ ਕਰਨਾ; 'ਆਤਮ-ਸਮਰਪਣ ਦੀ ਉਦਾਰ ਨੀਤੀ' ਲਾਗੂ ਕਰਨਾ, ਰਿਪੋਰਟਾਂ ਅਨੁਸਾਰ ਜਿਸ ਤਹਿਤ ਪਿਛਲੇ ਦਹਾਕੇ 'ਚ 7,500 ਮਾਓਵਾਦੀਆਂ ਨੇ ਆਤਮ-ਸਮਰਪਣ ਕੀਤਾ ਹੈ।

ਪਰ, ਇਸ ਸਫਾਈ ਨਾਲ ਪੇਸ਼ ਕੀਤੇ ਬਿਰਤਾਂਤ (ਜਿਸ ਦਾ ਜਾਪ ਗੋਦੀ ਪੱਤਰਕਾਰ ਆਗਿਆਕਾਰੀ ਹੋ ਕੇ ਕਰਦੇ ਹਨ ਜਿਨ੍ਹਾਂ ਨੂੰ ਫ਼ੌਜ ਦੇ ਹੈਲੀਕਾਪਟਰਾਂ 'ਚ ਬਿਠਾ ਕੇ ਉਸ ਖੇਤਰ ਵਿਚ ਲਿਜਾਇਆ ਜਾਂਦਾ ਹੈ ਅਤੇ ਚੋਣਵੇਂ ਸਬੂਤ ਉਨ੍ਹਾਂ ਅੱਗੇ ਪਰੋਸ ਦਿੱਤੇ ਜਾਂਦੇ ਹਨ) ਦੇ ਪਿੱਛੇ ਜੋ ਛੁਪਿਆ ਹੋਇਆ ਹੈ ਉਹ ਹੈ ਮਨੁੱਖੀ ਕੀਮਤ।

ਸੀ ਪੀ ਆਈ (ਮਾਓਵਾਦੀ) ਦਾ ਫ਼ੌਜੀ ਵਿੰਗ 'ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ', ਜੋ ਕਿ ਪਾਬੰਦੀਸ਼ੁਦਾ ਜਥੇਬੰਦੀ ਹੈ, ਆਪਣੇ ਮੈਂਬਰਾਂ ਦੀ ਗਿਣਤੀ, ਛਾਪਾਮਾਰ ਦਸਤਿਆਂ, ਜਾਂ ਹਥਿਆਰਬੰਦ ਤਾਕਤ ਦੇ ਵੇਰਵੇ ਨਸ਼ਰ ਨਹੀਂ ਕਰਦੀ, ਕਿਉਂਕਿ ਗੁਰੀਲਾ ਯੁੱਧ ਗੁਪਤ ਤਾਣੇ-ਬਾਣੇ 'ਤੇ ਆਧਾਰਤ ਹੁੰਦਾ ਹੈ। ਸਪਸ਼ਟ ਜਾਂ ਪ੍ਰਮਾਣਿਕ ਅਧਾਰ-ਅੰਕੜਿਆਂ ਦੀ ਗੈਰ-ਮੌਜੂਦਗੀ 'ਚ, ਇਹ ਕੌਣ ਤੈਅ ਕਰਦਾ ਹੈ ਕਿ ਬਸਤਰ ਵਿਚ ਅਸਲ ਵਿਚ ਕਿੰਨੇ ਮਾਓਵਾਦੀ ਬਾਕੀ ਹਨ, ਜਦੋਂ ਰਾਜ ਰੋਜ਼ਮਰਾ ਦੀਆਂ ਹੱਤਿਆਵਾਂ ਦੀ ਗਿਣਤੀ ਨੂੰ ਨਿਆਂ ਦਾ ਪੈਮਾਨਾ ਬਣਾ ਕੇ ਪੇਸ਼ ਕਰ ਰਿਹਾ ਹੈ, ਉਹ ਵੀ ਉਦੋਂ ਜਦੋਂ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਜਾਂਦਾ ਹੋਵੇ?

ਲਗਾਤਾਰ ਵਧਦੀ ਲਾਸ਼ਾਂ ਦੀ ਗਿਣਤੀ ਦੋਹਰਾ ਮਕਸਦ ਪੂਰਾ ਕਰਦੀ ਹੈ: ਇਹ ਖ਼ਤਰੇ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ ਅਤੇ ਖ਼ਾਤਮੇ ਨੂੰ ਸਫਲਤਾ ਦਾ ਪੈਮਾਨਾ ਬਣਾਉਂਦੀ ਹੈ- ਇਕ ਝੂਠ ਨੂੰ ਸਹੀ ਸਿੱਧ ਕਰਨ ਲਈ ਦੂਜਾ ਝੂਠਾ ਤਰਕ। ਰਾਜ ਸੰਕਟ ਅਤੇ ਹੱਲ ਦੋਵੇਂ ਘੜਦਾ ਹੈ, ਫ਼ੌਜੀਕਰਨ ਨੂੰ ਵਧਾ ਕੇ ਹਿੰਸਾ ਨੂੰ ਜਾਇਜ਼ ਠਹਿਰਾਉਂਦਾ ਅਤੇ ਤੇਜ਼ ਕਰਦਾ ਹੈ। 'ਨਕਸਲੀ' ਇੱਕ ਸਹੂਲਤ ਲਈ ਵਰਤਿਆ ਜਾਣ ਵਾਲਾ ਭੂਤ ਬਣ ਗਿਆ ਹੈ, ਇੱਕ ਐਸਾ ਪਰਛਾਵਾਂ ਜਿਸਦੇ ਪੈਮਾਨੇ ਨੂੰ ਮੌਕੇ ਦੀਆਂ ਰਾਜਨੀਤਕ ਲੋੜਾਂ ਅਨੁਸਾਰ ਫੁਲਾਇਆ ਜਾਂ ਸੁੰਗੇੜਿਆ ਜਾ ਸਕਦਾ ਹੈ, ਜਿਸ ਨਾਲ ਆਦਿਵਾਸੀ ਸਰੀਰਾਂ ਵਿਰੁੱਧ ਅਨੰਤ ਯੁੱਧ ਜਾਰੀ ਰੱਖਣਾ ਸੰਭਵ ਬਣਾਇਆ ਜਾ ਰਿਹਾ ਹੈ, ਜਦੋਂ ਕਿ ਕਾਰਪੋਰੇਟ ਖ਼ੁਦਾਈ ਮਸ਼ੀਨਾਂ ਉਨ੍ਹਾਂ ਦੀਆਂ ਜ਼ਮੀਨਾਂ ਦੀ ਹਿੱਕ ਚੀਰ ਰਹੀਆਂ ਹਨ।

ਜ਼ੁਲਮਾਂ ਦੇ ਪੀੜਤ ਲੋਕ, ਜਿਨ੍ਹਾਂ ਨੂੰ ਟੀਵੀ ਚੈਨਲਾਂ ਦੇ ਪ੍ਰਾਈਮ ਟਾਈਮ ਗੁੱਸੇ ਦੇ ਲਾਇਕ ਵੀ ਨਹੀਂ ਸਮਝਿਆ ਜਾਂਦਾ, ਉਨ੍ਹਾਂ ਸਚਾਈਆਂ ਨੂੰ ਉਜਾਗਰ ਕਰਦੇ ਹਨ ਜੋ ਕਦੇ ਵੀ ਟੈਲੀਵਿਜ਼ਨ ਸਕ੍ਰੀਨਾਂ ਤੱਕ ਨਹੀਂ ਪਹੁੰਚਦੀਆਂ। ਗੋਲੀਬਾਰੀ ਦੀਆਂ ਘਟਨਾਵਾਂ ਵਿਚ ਬੱਚੇ ਵੀ ਮਾਰੇ ਜਾ ਰਹੇ ਹਨ। 'ਔਰਤਾਂ ਨੂੰ





ਤਸੀਹੇ ਦਿੱਤੇ ਜਾਂਦੇ ਹਨ, ਕੁੱਟ-ਮਾਰ ਕੀਤੀ ਜਾਂਦੀ ਹੈ, ਬਲਾਤਕਾਰ ਕੀਤਾ ਜਾਂਦਾ ਹੈ ਅਤੇ ਫਿਰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ,' ਇਹ ਆਦਿਵਾਸੀ ਅਧਿਕਾਰ ਕਾਰਕੁਨ ਸੋਨੀ ਸੋਰੀ ਇੱਕ ਇੰਟਰਵਿਊ ਵਿਚ ਦੱਸਦੀ ਹੈ, ਜੋ ਫ਼ੌਜ ਵੱਲੋਂ ਪੇਸ਼ ਕੀਤੇ ਜਾਂਦੇ ਅੰਕੜਿਆਂ ਦੇ ਪਿੱਛੇ ਦੀ ਦਿਲ-ਦਹਿਲਾਊ ਹਕੀਕਤ ਨੂੰ ਬੇਨਕਾਬ ਕਰਦਾ ਹੈ। ਜਿਨ੍ਹਾਂ ਨੂੰ 'ਮੁਕਾਬਲੇ' ਵਿਚ ਮਾਰੇ ਗਏ ਦੱਸਿਆ ਜਾਂਦਾ ਹੈ ਉਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਸਿਰਫ਼ ਆਦਿਵਾਸੀ ਪੇਂਡੂਆਂ ਦੀ ਹੁੰਦੀ ਹੈ, ਨਾ ਕਿ ਮਾਓਵਾਦੀ ਜਿਵੇਂ ਉਨ੍ਹਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਇਹ ਜ਼ੁਲਮ ਦਰਜ ਕੀਤੇ ਜਾਂਦੇ ਹਨ, ਸਬੂਤ ਵੀ ਬਥੇਰੇ ਹਨ, ਪਰ ਫਿਰ ਵੀ ਇਹ ਜ਼ੁਲਮ ਸਾਡੀ ਕੌਮੀ ਜ਼ਮੀਰ ਦੀ ਛਾਂ ਥੱਲੇ ਬੇਰੋਕ-ਟੋਕ ਜਾਰੀ ਹਨ।

ਜੇਕਰ ਇਸੇ ਤਰ੍ਹਾਂ ਦੇ ਸੰਗਠਿਤ ਬਲਾਤਕਾਰ ਅਤੇ ਕਤਲ ਤਾਮਿਲਨਾਡੂ ਜਾਂ ਨਵੀਂ ਦਿੱਲੀ ਦੀਆਂ ਸੜਕਾਂ ਉੱਪਰ ਹੋ ਰਹੇ ਹੁੰਦੇ ਤਾਂ ਅਸੀਂ ਨੈਤਿਕ ਗੁੱਸੇ 'ਚ ਚੀਕ ਰਹੇ ਹੋਣਾ ਸੀ। ਸੜਕਾਂ ਉੱਪਰ ਪ੍ਰਦਰਸ਼ਨਕਾਰੀਆਂ ਦੀ ਭੀੜ ਹੋਣੀ ਸੀ, ਅਤੇ ਸੋਸ਼ਲ ਮੀਡੀਆ ਉੱਪਰ ਗੁੱਸੇ ਦੇ ਹੈਸ਼ਟੈਗ ਛਾ ਜਾਣੇ ਸਨ। ਪਰ ਕਿਉਂਕਿ ਇਹ ਸਭ ਬਸਤਰ ਵਿਚ ਹੋ ਰਿਹਾ ਹੈ, ਕਿਉਂਕਿ ਮਜ਼ਲੂਮ ਆਦਿਵਾਸੀ ਹਨ, ਕਿਉਂਕਿ ਬੋਲਣ 'ਤੇ 'ਸ਼ਹਿਰੀ ਨਕਸਲੀ' ਕਰਾਰ ਦਿੱਤੇ ਜਾਣ ਦਾ ਖ਼ਤਰਾ ਹੈ, ਅਸੀਂ ਆਪਣੀ ਅਰਾਮਦਾਇਕ ਖ਼ਾਮੋਸ਼ੀ ਬਣਾਈ ਰੱਖਦੇ ਹਾਂ। ਸਾਡੀ ਉਦਾਸੀਨਤਾ ਮਿਲੀਭੁਗਤ ਬਣ ਜਾਂਦੀ ਹੈ। ਇਹ 'ਸ਼ਹਿਰੀ ਨਕਸਲੀ' ਦਾ ਠੱਪਾ ਸ਼ਹਿਰੀ ਅਸਹਿਮਤੀ ਦੀ ਸੰਘੀ ਘੁੱਟਦਾ ਹੈ, ਉਹ ਪੇਂਡੂ ਟਾਕਰੇ ਨੂੰ ਅਪਰਾਧੀ ਕਰਾਰ ਦੇਣ ਦੀ ਯੁੱਧਨੀਤੀ ਦਾ ਵੀ ਹਿੱਸਾ ਹੈ। ਇਸ ਠੱਪੇ ਦੇ ਜੰਗਲ ਤੋਂ ਸ਼ਹਿਰ ਤੱਕ ਫੈਲਣ ਦਾ ਡਰ ਸੰਭਾਵਿਤ ਸੰਗੀਆਂ ਨੂੰ ਅਪਾਹਜ ਬਣਾਈ ਰੱਖਦਾ ਹੈ, ਤਾਂ ਕਿ ਹਿੰਸਾ ਬੇਰੋਕ-ਟੋਕ ਜਾਰੀ ਰਹੇ।

ਬਹੁ-ਚਰਚਿਤ 'ਆਤਮ-ਸਮਰਪਣ ਨੀਤੀ' ਆਦਿਵਾਸੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਹਥਿਆਰ ਦੀ ਤਰ੍ਹਾਂ ਵਰਤਦੀ ਹੈ, ਜਿਸ ਵਿਚ ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.) ਯੂਨਿਟਾਂ ਦਾ 20% ਹਿੱਸਾ ਆਤਮ-ਸਮਰਪਣ ਕੀਤੇ ਨਕਸਲੀਆਂ ਦਾ ਹੈ। (ਡੀ.ਆਰ.ਜੀ. ਪੁਲਿਸ ਦੀ ਵਿਸ਼ੇਸ਼ ਇਕਾਈ ਹੈ ਜੋ 2008 'ਚ ਛੱਤੀਸਗੜ੍ਹ ਵਿਚ ਖੱਬੇਪੱਖੀ ਅੱਤਵਾਦ ਨਾਲ ਨਜਿੱਠਣ ਲਈ ਬਣਾਈ ਗਈ ਸੀ।) ਇਹ ਕੋਈ ਸੰਯੋਗ ਨਹੀਂ ਬਲਕਿ ਯੁੱਧਨੀਤਕ ਕਾਰਵਾਈ ਹੈ— ਭਾਈਚਾਰਕ ਇਕਜੁੱਟਤਾ ਨੂੰ ਜਾਣ ਬੁੱਝ ਕੇ ਤੋੜਨ ਦੀ ਕਾਰਵਾਈ। ਜ਼ਮੀਨਾਂ 'ਤੇ ਕਬਜ਼ਾ ਕਰਨ, ਕੁਦਰਤੀ ਵਸੀਲਿਆਂ ਦੀ ਲੁੱਟਮਾਰ ਕਰਨ, ਇਲਾਕੇ ਨੂੰ ਵਸੋਂ-ਰਹਿਤ ਬਣਾਉਣ, ਪੂਰੇ ਭਾਈਚਾਰੇ ਨੂੰ ਖ਼ਤਮ ਕਰਨ ਲਈ ਸਰਮਾਏਦਾਰੀ ਰਾਜ ਮਸ਼ੀਨਰੀ ਨੂੰ ਗਲੋਂ ਫੜ ਕੇ ਆਪਣੇ ਹੁਕਮ ਅਨੁਸਾਰ ਚਲਾਉਂਦੀ ਹੈ। ਵਿਨਾਸ਼ ਦੀ ਇਸ ਮੁਹਿੰਮ ਵਿਚ, ਸਰਮਾਏਦਾਰੀ ਹਿੰਸਾ ਦਾ ਕੰਮ ਰਾਜ ਨੂੰ ਸੌਂਪਦੀ ਹੈ ਤਾਂ ਰਾਜ ਲਈ ਕਤਲੇਆਮ ਦਾ ਕੰਮ ਅੱਗੇ ਹੋਰ ਕਿਸੇ ਨੂੰ ਸੌਂਪਣਾ ਜ਼ਰੂਰੀ ਬਣ ਜਾਂਦਾ ਹੈ।

ਕੰਮ-ਵੰਡ ਦੀ ਇਹ ਪ੍ਰਕਿਰਿਆ ਬੇਕਿਰਕ ਰੂਪ 'ਚ ਸਰਲ ਹੈ: ਰਾਜ ਦੀ ਨੀਤੀ ਆਦਿਵਾਸੀ ਭਾਈਚਾਰਿਆਂ ਨੂੰ ਜੋੜਨ ਵਾਲੇ ਭਾਈਚਾਰਕ ਸੰਬੰਧਾਂ ਨੂੰ ਤੋੜਦੀ ਹੈ ਅਤੇ ਉਨ੍ਹਾਂ ਦੀ ਜਗ੍ਹਾ ਰਾਤੋ-ਰਾਤ ਇੱਕ ਅਜਿਹਾ ਭੂਗੋਲਿਕ ਇਲਾਕਾ ਬਣਾਉਂਦੀ ਹੈ ਜਿੱਥੇ ਉਨ੍ਹਾਂ ਨੂੰ ਇੱਕ ਦੂਜੇ ਨੂੰ ਮਾਰਨ ਲਈ ਸਿਖਲਾਈ ਅਤੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ।

ਇਹ ਸਲਵਾ ਜੁਡਮ ਦੇ ਪ੍ਰੇਤ ਨੂੰ ਮੁੜ ਜਿਉਂਦਾ ਕਰਦਾ ਹੈ- ਰਾਜ ਦੀ ਸਰਪ੍ਰਸਤੀ ਵਾਲੀ ਉਹ ਸੋਇਮ ਸੇਵਕ ਫੌਜ ਜਿਸਨੇ 2005 ਤੋਂ ਲੈ ਕੇ ਬਸਤਰ ਵਿਚ ਦਹਿਸ਼ਤ ਫੈਲਾਈ, ਜਦੋਂ ਤੱਕ ਸੁਪਰੀਮ ਕੋਰਟ ਨੇ 2011 ਵਿਚ ਇਸਨੂੰ ਗੈਰ-ਸੰਵਿਧਾਨਕ ਕਰਾਰ ਨਹੀਂ ਦਿੱਤਾ, ਪਰ ਜੋ ਹੁਣ ਨੌਕਰਸ਼ਾਹ ਭੇਸ ਵਿਚ ਦੁਬਾਰਾ ਸਾਹਮਣੇ ਆਈ ਹੈ। ਨੌਕਰੀਆਂ ਦੀ ਅਣਹੋਂਦ, ਜਾਂ ਅਕਸਰ ਮਾਮੂਲੀ ਅਪਰਾਧਾਂ ਦੀ ਮੁਕੱਦਮੇਬਾਜ਼ੀ ਤੋਂ ਜਾਂ ਤੰਗ-ਪ੍ਰੇਸ਼ਾਨ ਕੀਤੇ ਜਾਣ 'ਤੋਂ ਬਚਣ ਖ਼ਾਤਰ, ਜਾਂ ਜੁਡਮ ਮੈਂਬਰ ਹੁੰਦਿਆਂ ਕੀਤੇ ਗਏ ਅਪਰਾਧਾਂ ਦੀਆਂ ਬਦਲਾ-ਲਊ ਸਜ਼ਾਵਾਂ ਤੋਂ ਬਚਣ ਲਈ, ਆਦਿਵਾਸੀ ਪਿੰਡ ਵਾਸੀ 'ਆਤਮ-ਸਮਰਪਣ' ਕਰਦੇ ਹਨ।

ਫਿਰ ਵੀ, 2021 ਦੀਆਂ ਮੀਡੀਆ ਰਿਪੋਰਟਾਂ ਅਨੁਸਾਰ, ਛੱਤੀਸਗੜ੍ਹ ਵਿਚ 'ਆਤਮ-ਸਮਰਪਣ' ਕੀਤੇ ਨਕਸਲੀਆਂ ਵਿਚੋਂ ਸਿਰਫ਼ 3% ਨੂੰ ਹੀ ਰਾਜ ਦੀ ਆਪਣੀ ਸਕ੍ਰੀਨਿੰਗ ਕਮੇਟੀ ਦੁਆਰਾ ਪੁਨਰਵਾਸ ਲਾਭਾਂ ਲਈ ਯੋਗ ਮੰਨਿਆ ਗਿਆ। ਮਨੁੱਖੀ ਅਧਿਕਾਰ ਕਾਰਕੁਨ ਸਵਾਲ ਉਠਾਉਂਦੇ ਹਨ ਕਿ ਕੀ ਇਹ ਆਤਮ-ਸਮਰਪਣ ਸਿਰਫ਼ ਨਕਲੀ ਸਨ: ਅਜਿਹੇ ਪੇਂਡੂ ਜਿਨ੍ਹਾਂ ਨੂੰ ਇੱਧਰੋਂ-ਉੱਧਰੋਂ ਗਿਰਫਤਾਰ ਕੀਤਾ ਗਿਆ ਅਤੇ ਫਿਰ ਜੇਲ੍ਹ ਜਾਂ 'ਆਤਮ-ਸਮਰਪਣ' 'ਚੋਂ ਇਕ ਨੂੰ ਚੁਣਨ ਲਈ ਮਜਬੂਰ ਕੀਤਾ ਗਿਆ?

ਆਤਮ-ਸਮਰਪਣ ਕਰਨ ਵਾਲਾ ਨਕਸਲੀ ਇਸ ਹਿੰਸਾ ਦੇ ਚੱਕਰ 'ਤੋਂ ਬਚ ਨਹੀਂ ਸਕਦਾ: ਪਹਿਲਾਂ ਉਹ ਰਾਜ ਦਾ ਬਾਗ਼ੀ ਸੀ, ਹੁਣ ਇਸ ਦੇ ਲਈ ਭਾੜੇ ਦਾ ਸਿਪਾਹੀ, ਉਹ ਖ਼ੂਨਖ਼ਰਾਬੇ ਦੇ ਇਸ ਲਗਾਤਾਰ ਚੱਲਦੇ ਰਹਿਣ ਵਾਲੇ ਤਾੜੇ ਵਿਚ ਫਸਿਆ ਹੋਇਆ ਹੈ।

ਇਹ ਕੁਚੱਕਰ ਉਸੇ ਖਣਿਜ-ਭਰਪੂਰ ਖੇਤਰ ਵਿਚ ਵਾਪਰ ਰਿਹਾ ਹੈ ਜਿਸਦੀ ਖਣਨ ਸਮਰੱਥਾ ਦੇਖ ਕੇ ਕਾਰਪੋਰੇਸ਼ਨਾਂ ਦੇ ਮੂੰਹ 'ਚੋਂ ਰਾਲਾਂ ਡਿਗ ਰਹੀਆਂ ਹਨ। ਇਹ ਸੰਯੋਗ ਨਹੀਂ ਹੈ ਕਿ ਓਪਰੇਸ਼ਨ ਕਗਾਰ ਦੀ ਤੀਬਰਤਾ ਉਨ੍ਹਾਂ ਭੂ-ਵਿਗਿਆਨਕ ਸਰਵੇਖਣਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਜਿਨ੍ਹਾਂ ਵਿਚ ਖਣਿਜ ਭੰਡਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਜਦੋਂ ਛੱਤੀਸਗੜ੍ਹ ਸਰਕਾਰ 'ਮਾਓਵਾਦ-ਮੁਕਤ' ਪੰਚਾਇਤਾਂ ਵਿਚ 'ਥੋਕ ਆਤਮ-ਸਮਰਪਣ' ਬਦਲੇ ਲਾਲਚ ਦੇ ਰਹੀ ਹੈ, ਜਿਸ ਵਿਚ 1 ਕਰੋੜ ਰੁਪਏ ਦੇ ਨਿਰਮਾਣ ਠੇਕੇ ਵੀ ਸ਼ਾਮਲ ਹਨ – ਤਾਂ ਇਸ ਅਧਿਕਾਰਕ ਬਿਰਤਾਂਤ ਦਾ ਵਿਰੋਧ ਕਰਨਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਇਹ ਬਗ਼ਾਵਤ-ਵਿਰੋਧੀ ਆਦਮਖ਼ੋਰ ਮੰਡੀ ਵਿਚ ਇਨਸਾਨਾਂ ਨੂੰ ਵਸਤੂਆਂ ਵਿਚ ਬਦਲਣ ਬਰਾਬਰ ਹੈ। ਦਰਅਸਲ, ਓਪਰੇਸ਼ਨ ਕਗਾਰ ਬਗ਼ਾਵਤ-ਵਿਰੋਧੀ ਮੁਹਿੰਮ ਨਹੀਂ ਹੈ, ਬਲਕਿ ਖਣਿਜਾਂ ਨਾਲ ਭਰਪੂਰ ਖੇਤਰਾਂ ਦੀ ਕਾਰਪੋਰੇਟ ਲੁੱਟਮਾਰ ਦਾ ਰਾਹ ਪੱਧਰਾ ਕਰਨ ਲਈ ਆਦਿਵਾਸੀ ਹੋਂਦ ਨੂੰ ਵਿਉਂਤਬੱਧ ਤਰੀਕੇ ਨਾਲ ਮਿਟਾਉਣ ਦਾ ਮਨਸੂਬਾ ਹੈ।

ਛੱਤੀਸਗੜ੍ਹ ਦੀ ਸਾਲਾਨਾ ਖਣਿਜ ਪੈਦਾਵਾਰ 25,000-30,000 ਕਰੋੜ ਰੁਪਏ ਹੈ। ਮੁਲਕ ਦੇ ਲੋਹੇ ਅਤੇ ਟਿਨ ਦੇ ਇਕ-ਤਿਹਾਈ ਭੰਡਾਰ ਇਸੇ ਰਾਜ ਵਿਚ ਹਨ ਅਤੇ ਮੁਲਕ ਦਾ ਲੱਗਭੱਗ ਚੌਥਾ ਹਿੱਸਾ ਸਟੀਲ ਅਤੇ ਸੀਮਿੰਟ ਵੀ ਇੱਥੇ ਬਣਦਾ ਹੈ। ਮੁਲਕ ਦੇ ਕੋਲੇ ਦੇ ਭੰਡਾਰਾਂ ਦਾ ਲੱਗਭੱਗ ਪੰਜਵਾਂ ਹਿੱਸਾ ਇਸੇ ਰਾਜ ਵਿਚ ਸਥਿਤ ਹੈ, ਜੋ ਮੁਲਕ ਦੀ ਖਣਿਜਾਂ ਤੋਂ ਕੁਲ ਕਮਾਈ ਦਾ 15% ਹੈ। ਫਿਰ ਵੀ, ਮਨੁੱਖੀ ਵਿਕਾਸ ਸੂਚਕ-ਅੰਕ ਵਿਚ ਇਹ ਰਾਜ 28 ਰਾਜਾਂ ਵਿਚੋਂ 26ਵੇਂ ਸਥਾਨ 'ਤੇ ਹੈ; ਇਸਦੇ ਸਿਰਫ਼ ਤੀਜਾ ਹਿੱਸਾ ਘਰਾਂ ਨੂੰ ਹੀ ਪੀਣ ਵਾਲਾ ਸਾਫ਼ ਪਾਣੀ ਉਪਲਬਧ ਹੈ, ਅਤੇ ਇਸਦੀ ਗਰੀਬੀ ਦਰ ਕੌਮੀ ਔਸਤ ਤੋਂ ਦੁੱਗਣੀ ਹੈ।

ਛੱਤੀਸਗੜ੍ਹ ਦੇ ਬੱਚੇ—ਜੋ ਇਸ ਕਾਰਪੋਰੇਟ ਲੁੱਟਮਾਰ ਵਿਚ 'ਗੈਰਉਪਯੋਗੀ' ਚੀਜ਼ ਹਨ— ਉਨ੍ਹਾਂ ਦੇ ਅਵਿਕਸਿਤ ਸਰੀਰ ਸ਼ੋਸ਼ਣ ਦੀ ਗਵਾਹੀ ਦਿੰਦੇ ਹਨ: ਹਰ ਤੀਜਾ ਬੱਚਾ ਪੜ੍ਹਾਈ ਛੱਡ ਚੁੱਕਾ ਹੈ, ਅਜਿਹੇ ਪ੍ਰਬੰਧ ਦੁਆਰਾ ਤਿਆਗਿਆ ਹੋਇਆ ਜਿਸਨੂੰ ਪੜ੍ਹੇ-ਲਿਖੇ ਆਦਿਵਾਸੀ ਨਹੀਂ ਚਾਹੀਦੇ; ਅਤੇ ਲੱਗਭੱਗ 40% ਬੱਚੇ ਅਵਿਕਸਿਤ ਅਤੇ ਕੁਪੋਸ਼ਣ ਮਾਰੇ ਸਰੀਰਾਂ ਦਾ ਬੋਝ ਢੋਅ ਰਹੇ ਹਨ, ਜਦੋਂ ਕਿ ਉਨ੍ਹਾਂ ਦੀ ਧਰਤੀ ਦੀ ਖਣਿਜ-ਦੌਲਤ ਰੇਲਗੱਡੀਆਂ ਭਰ-ਭਰ ਕੇ ਕਿਤੇ ਹੋਰ ਢੋਈ ਜਾ ਰਹੀ ਹੈ।

ਇਹ ਉੱਘੜਵਾਂ ਵਿਰੋਧਾਭਾਸ ਹੈ ਜਿਸਨੂੰ ਅਰਥਸ਼ਾਸਤਰੀ ਮਾਂਜੀ-ਸੰਵਾਰੀ ਭਾਸ਼ਾ 'ਚ ਵਸੀਲਿਆਂ ਦੇ ਸਰਾਪ ਵਜੋਂ ਪ੍ਰੀਭਾਸ਼ਤ ਕਰਦੇ ਹਨ: ਛੱਤੀਸਗੜ੍ਹ ਦੀ ਖਣਿਜ-ਦੌਲਤ ਧਾੜਵੀ ਕਾਰਪੋਰੇਸ਼ਨਾਂ ਲਈ ਭਾਰੀ ਮੁਨਾਫ਼ਿਆਂ ਅਤੇ ਜੋਟੀਦਾਰ ਰਾਜ ਲਈ ਕਮਾਈ ਦੀ ਖਾਣ ਹੈ। ਇਸ ਦੌਰਾਨ, ਇਸ ਧਰਤੀ ਦੇ ਮੂਲ-ਨਿਵਾਸੀ ਆਦਿਵਾਸੀਆਂ, ਜਿਨ੍ਹਾਂ ਦੀਆਂ ਜ਼ਮੀਨਾਂ ਹੇਠ ਇਨ੍ਹਾਂ ਮਾਲ-ਖ਼ਜ਼ਾਨਿਆਂ ਦੇ ਭੰਡਾਰ ਹਨ, ਨੂੰ ਸਿਲਸਿਲੇਵਾਰ ਤਰੀਕੇ ਨਾਲ ਭੁੱਖੇ ਮਾਰ ਕੇ ਨਿਤਾਣੇ ਬਣਾਇਆ ਅਤੇ ਡਰਾਕੇ ਚੁੱਪ ਕਰਾਇਆ ਜਾ ਰਿਹਾ ਹੈ।

ਪਰ ਖਣਿਜਾਂ ਦੀ ਇਸ ਲੁੱਟਮਾਰ ਲਈ ਸਭ ਤੋਂ ਖ਼ਤਰਨਾਕ ਵਿਰੋਧ ਹਥਿਆਰਬੰਦ ਬਾਗ਼ੀ ਦਾ ਨਹੀਂ, ਸਗੋਂ ਸੰਵਿਧਾਨਕ ਜਾਣਕਾਰੀ ਨਾਲ ਲੈਸ ਸ਼ਾਂਤੀਪੂਰਨ ਅੰਦੋਲਨਕਾਰੀ ਦਾ ਹੈ। ਆਦਿਵਾਸੀਆਂ ਦੇ ਜਨਤਕ ਅੰਦੋਲਨਾਂ– ਸ਼ਾਂਤੀਪੂਰਨ, ਜਮਹੂਰੀ, ਅਤੇ ਸਿਰਫ਼ ਸੰਵਿਧਾਨਕ ਅਧਿਕਾਰਾਂ ਦੀ ਮੰਗ ਕਰਨ ਵਾਲਿਆਂ – ਨੂੰ ਬੇਕਿਰਕੀ ਨਾਲ ਅਪਰਾਧੀ ਐਲਾਨ ਦਿੱਤਾ ਗਿਆ ਹੈ।

ਮੂਲਵਾਸੀ ਬਚਾਓ ਮੰਚ (ਐੱਮ.ਬੀ.ਐੱਮ.), ਜੋ ਗੈਰ-ਅਦਾਲਤੀ ਹੱਤਿਆਵਾਂ ਅਤੇ ਪੰਜਵੀਂ ਅਨੁਸੂਚੀ ਖੇਤਰਾਂ ਵਿਚ ਬਣਾਏ ਗੈਰ-ਕਾਨੂੰਨੀ ਕੈਂਪਾਂ ਦੇ ਖ਼ਿਲਾਫ਼ ਸੰਘਰਸ਼ ਕਰ ਰਿਹਾ ਹੈ, ਰਾਜ ਦਾ ਨਵਾਂ ਨਿਸ਼ਾਨਾ ਬਣ ਗਿਆ ਹੈ। ਸਿਲਗੇਰ ਕਤਲੇਆਮ ਦੇ ਵਿਰੋਧ ਤੋਂ ਲੈ ਕੇ ਪਿੰਡਾਂ ਉੱਪਰ ਬੰਬਾਰੀ ਦੀ ਨਿੰਦਾ ਕਰਨ ਅਤੇ ਮੁਟਵੇਂਡੀ ਵਿਚ 6 ਮਹੀਨੇ ਦੀ ਬੱਚੀ ਦੇ ਮਾਰੇ ਜਾਣ ਦਾ ਸੋਗ ਮਨਾਉਣ ਤੱਕ ਕੰਮ ਕਰਨ ਵਾਲੀ ਇਸ ਜਥੇਬੰਦੀ ਦਾ ਮੂਲ ਗੁਨਾਹ ਜੋ ਰਾਜ ਨੂੰ ਨਾਮਨਜ਼ੂਰ ਹੈ, ਉਹ ਹੈ ਖ਼ੁਦ ਦੀ ਹੋਂਦ ਮਿਟਾਉਣ ਦੀ ਸਰਕਾਰੀ ਯੋਜਨਾ ਦਾ ਹਿੱਸਾ ਬਣਨ ਤੋਂ ਇਨਕਾਰ। ਛੱਤੀਸਗੜ੍ਹ ਸਰਕਾਰ ਨੇ 30 ਸਤੰਬਰ 2024 ਨੂੰ ਇਸ ਉੱਪਰ ਪਾਬੰਦੀ ਲਗਾਉਣ ਦੇ ਆਪਣੇ ਨੋਟੀਫਿਕੇਸ਼ਨ ਵਿਚ ਸਾਫ਼ ਲਿਖਿਆ ਹੈ: ਉਹ 'ਵਿਕਾਸ ਕਾਰਜਾਂ ਦਾ ਵਿਰੋਧ ਕਰਦੇ ਹਨ' ਅਤੇ 'ਸੁਰੱਖਿਆ ਕੈਂਪਾਂ ਦਾ ਵਿਰੋਧ ਕਰਦੇ ਹਨ'।

ਇਸ ਨੌਕਰਸ਼ਾਹ ਭਾਸ਼ਾ ਦੇ ਥੱਲੇ ਵਧੇਰੇ ਡੂੰਘੀ ਸੱਚਾਈ ਦੱਬੀ ਹੋਈ ਹੈ: ਐਮ.ਬੀ.ਐਮ ਉੱਪਰ ਪਾਬੰਦੀ ਸੰਵਿਧਾਨਕ ਵਾਅਦਿਆਂ ਅਤੇ ਸਰਮਾਏਦਾਰਾ ਜ਼ਰੂਰਤਾਂ ਦਰਮਿਆਨ ਦਵੰਦਮਈ ਵਿਰੋਧਤਾਈ ਨੂੰ ਦਰਸਾਉਂਦੀ ਹੈ। ਜਿਸਦਾ ਮਤਲਬ ਇਹ ਹੈ: ਅਸੀਂ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਕਰਾਂਗੇ ਜੋ ਸਰਕਾਰ ਦੀ 'ਵਿਕਾਸ' ਦੀ ਪਰਿਭਾਸ਼ਾ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ। ਉਨ੍ਹਾਂ ਨੇ ਆਦਿਵਾਸੀ ਖੇਤਰਾਂ ਦੇ ਅੰਦਰੂਨੀ ਬਸਤੀਵਾਦ ਦਾ ਵਿਰੋਧ ਕਰਨ ਦੀ ਹਿੰਮਤ ਕਿਵੇਂ ਕੀਤੀ? ਉਨ੍ਹਾਂ ਨੇ ਸੰਵਿਧਾਨ ਦੁਆਰਾ ਪਹਿਲਾਂ ਹੀ ਗਾਰੰਟੀ ਦਿੱਤੀ ਚੀਜ਼ – ਜ਼ਮੀਨ ਐਕੁਵਾਇਰ ਕਰਨ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣ ਦਾ ਅਧਿਕਾਰ – ਮੰਗਣ ਦੀ ਹਿੰਮਤ ਕਿਵੇਂ ਕੀਤੀ?

ਮਈ 2022 'ਚ ਮੈਂ ਸਿਲਗੇਰ ਵਿਚ ਸੁਨੀਤਾ ਪੋਟਮ ਅਤੇ ਰਘੂ ਮਿੜਿਆਮੀ ਨੂੰ ਮਿਲੀ ਸੀ – ਆਦਿਵਾਸੀ ਅੰਦੋਲਨ ਦੀ ਅਗਵਾਈ ਕਰ ਰਹੇ 20ਵਿਆਂ ਦੀ ਉਮਰ ਦੇ ਹੋਣਹਾਰ ਨੌਜਵਾਨ। ਉਨ੍ਹਾਂ ਦੇ ਬੋਲਾਂ ਦੀ ਤਾਕਤ ਤੋਂ ਰਾਜ ਭੈਭੀਤ ਹੋ ਗਿਆ। ਦੋ ਸਾਲ ਬਾਅਦ, ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਨਕਸਲੀ ਦਾ ਠੱਪਾ ਲਗਾ ਦਿੱਤਾ ਗਿਆ ਹੈ।

ਸਰਕਾਰ ਦਾ 'ਸ਼ਾਂਤੀ ਚਾਹੁਣ' ਦਾ ਹੇਜ ਅਜਿਹੇ ਅੰਦੋਲਨਕਾਰੀ ਨੌਜਵਾਨਾਂ ਨਾਲ ਕੀਤੇ ਵਰਤਾਓ ਨਾਲ ਬੇਨਕਾਬ ਹੋ ਜਾਂਦਾ ਹੈ। ਜੇਕਰ ਸੱਚਮੁੱਚ ਉਦੇਸ਼ ਸ਼ਾਂਤੀ ਹੁੰਦਾ, ਨਾ ਕਿ ਜਬਰ ਅਤੇ ਮਾਲ-ਖ਼ਜ਼ਾਨਿਆਂ ਉੱਪਰ ਕਬਜ਼ੇ ਨਾਲ ਸੰਬੰਧਾਂ ਨੂੰ ਲੁਕੋਣ ਲਈ ਪਾਇਆ ਮਖੌਟਾ, ਤਾਂ ਉਨ੍ਹਾਂ ਨੂੰ ਅਪਰਾਧੀ ਕਿਉਂ ਠਹਿਰਾਇਆ ਜਾਂਦਾ ਅਤੇ ਸਤਾਇਆ ਕਿਉਂ ਜਾਂਦਾ ਜਿਨ੍ਹਾਂ ਦੇ ਹਥਿਆਰ ਸਿਰਫ਼ ਤਖ਼ਤੀਆਂ ਸਨ ਅਤੇ ਜਿਨ੍ਹਾਂ ਦੀ 'ਬਗ਼ਾਵਤ' ਬਸ ਜ਼ਮੀਨ 'ਤੇ ਬੈਠ ਕੇ ਵਿਰੋਧ ਕਰਨਾ ਸੀ?

ਇਹ ਵਿਰੋਧਤਾਈ ਰਾਜ ਦੇ ਅਸਲ ਖ਼ਾਸੇ ਨੂੰ ਨੰਗਾ ਕਰਦੀ ਹੈ। ਪੰਚਾਇਤਾਂ ਦਾ (ਅਨੁਸੂਚਿਤ ਖੇਤਰਾਂ ਵਿਚ ਵਿਸਤਾਰ) ਐਕਟ, 1996 ਅਤੇ ਵਣ ਅਧਿਕਾਰ ਐਕਟ, 2006 – ਜੋ ਇਤਿਹਾਸਕ ਸੰਘਰਸ਼ ਦੁਆਰਾ ਰਾਜ ਤੋਂ ਖੋਹੇ ਗਏ ਸਨ – ਪੰਜਵੀਂ ਅਨੁਸੂਚੀ ਖੇਤਰਾਂ ਵਿਚ ਗ੍ਰਾਮ ਸਭਾ ਦੀ ਸਹਿਮਤੀ ਨੂੰ ਸਪਸ਼ਟ ਤੌਰ 'ਤੇ ਲਾਜ਼ਮੀ ਬਣਾਉਂਦੇ ਹਨ, ਪਰ ਹੁਣ ਇਨ੍ਹਾਂ ਸੰਵਿਧਾਨਕ ਵਿਵਸਥਾਵਾਂ ਨੂੰ ਲਾਗੂ ਕਰਨਾ ਹੀ ਦੇਸ਼ਧ੍ਰੋਹ ਬਣਾ ਦਿੱਤਾ ਗਿਆ ਹੈ।

ਰਾਜ ਨੇ ਆਦਿਵਾਸੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦਾ ਹਰ ਕਾਨੂੰਨੀ ਰਸਤਾ ਸਿਲਸਿਲੇਵਾਰ ਤਰੀਕੇ ਨਾਲ ਬੰਦ ਕਰ ਦਿੱਤਾ ਹੈ ਅਤੇ ਇੱਕ ਝੂਠਾ ਵਿਕਲਪ-ਜੁੱਟ ਘੜ ਲਿਆ ਹੈ: ਜਾਂ ਤਾਂ ਚੁੱਪਚਾਪ ਲੁੱਟਮਾਰ ਸਵੀਕਾਰ ਕਰ ਲਓ ਜਾਂ ਮਾਓਵਾਦੀ ਦੇ ਰੂਪ 'ਚ ਅਪਰਾਧੀ ਕਰਾਰ ਦਿੱਤੇ ਜਾਣ ਲਈ ਤਿਆਰ ਰਹੋ। ਇਸ ਦੌਰਾਨ, ਉਹ ਜੰਗਲ ਜੋ ਹਜ਼ਾਰਾਂ ਸਾਲਾਂ ਤੋਂ ਆਦਿਵਾਸੀ ਹੋਂਦ ਦਾ ਪਾਲਣ-ਪੋਸ਼ਣ ਕਰ ਰਹੇ ਹਨ, ਉਨ੍ਹਾਂ ਨੂੰ ਵਿਕਾਸ ਦੇ ਨਾਂ 'ਤੇ ਉਜਾੜਿਆ ਅਤੇ ਲੁੱਟਿਆ ਜਾ ਰਿਹਾ ਹੈ। ਮੁਲਕ ਦੇ ਅੰਦਰ ਅਤੇ ਆਸ-ਪਾਸ ਦੀਆਂ ਬਗ਼ਾਵਤ-ਵਿਰੋਧੀ ਮੁਹਿੰਮਾਂ ਦਾ ਅਧਿਐਨ ਕਰਨ ਵਾਲੇ ਇੱਕ ਚੋਟੀ ਦੇ ਸੁਰੱਖਿਆ ਵਿਸ਼ਲੇਸ਼ਕ ਨੇ ਇਸ ਰਿਪੋਰਟਰ ਨੂੰ ਗੈਰਰਸਮੀ ਤੌਰ 'ਤੇ ਕਿਹਾ: 'ਜਿੱਤ ਦਾ ਐਲਾਨ ਕਰਨਾ ਖ਼ਤਰਨਾਕ ਹੁੰਦਾ ਹੈ – ਚਿਦੰਬਰਮ .ਸਾਬਕਾ ਗ੍ਰਹਿ ਮੰਤਰੀ॥ ਨੇ ਇਹ ਸਬਕ ਮੁਸ਼ਕਲ ਨਾਲ ਸਿੱਖਿਆ ਸੀ; ਇਹ ਅਮਿਤ ਸ਼ਾਹ ਵੀ ਸਿੱਖੇਗਾ। ਸਿਰਫ਼ ਕਤਲ ਕਰਨ ਨਾਲ ਮਾਓਵਾਦੀਆਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।'

31 ਮਾਰਚ 2026 ਤੱਕ ਮੁਲਕ ਨੂੰ 'ਨਕਸਲ-ਮੁਕਤ' ਬਣਾਉਣ ਦੀ ਅਮਿਤ ਸ਼ਾਹ ਦੀ ਮਨਮਾਨੀ ਸਮਾਂ-ਸੀਮਾ ਸਿਰਫ਼ ਗ਼ੈਰਵਿਹਾਰਕ ਨਹੀਂ ਹੈ, ਸਗੋਂ ਇਹ ਯੁੱਧਨੀਤੀ ਦੇ ਭੇਖ 'ਚ ਰਾਜਨੀਤਕ ਤਮਾਸ਼ਾ ਹੈ। ਇਹ ਹਵਾ 'ਚੋਂ ਚੁਣੀ ਗਈ ਤਾਰੀਕ ਹੈ, ਜਿਸਦਾ ਮਕਸਦ ਫ਼ੌਜੀ ਸਫਲਤਾ ਨਹੀਂ ਸਗੋਂ ਚੋਣ ਗੇੜਾਂ ਅਤੇ ਮੀਡੀਆ ਸੁਰਖ਼ੀਆਂ ਦਾ ਪ੍ਰਬੰਧਨ ਕਰਨਾ ਹੈ।

ਜਦੋਂ ਮਾਓਵਾਦੀਆਂ ਨੇ ਆਪਣੀ ਸਮੁੱਚੀ ਹੋਂਦ ਹੀ 'ਲਮਕਵੇਂ ਯੁੱਧ' ਦੇ ਸਿਧਾਂਤ ਉੱਪਰ ਬਣਾਈ ਹੋਈ ਹੈ, ਸਬਰ ਜੋ ਸਰਕਾਰਾਂ ਤੋਂ ਵੱਧ ਟਿਕਾਊ ਹੈ ਅਤੇ ਜੋ ਰਾਜ ਦੀਆਂ ਤਾਕਤਾਂ ਨੂੰ ਉਸੇ ਤਰ੍ਹਾਂ ਖ਼ੋਰ

**(ਬਾਕੀ ਅਗਲੇ ਸਫੇ 'ਤੇ)**

# ਭਾਰਤੀ ਫੈਡਰਲਿਜ਼ਮ ਦਾ ਵਿਗੜਦਾ ਸਰੂਪ ਤੇ ਰਾਜਨੀਤਕ ਹਲਚਲ

ਫੈਡਰਲਿਜ਼ਮ ਦਾ ਮੁੱਦਾ ਇਕ ਵਾਰ ਫਿਰ ਚਰਚਾ ਵਿਚ ਹੈ। ਪਰ ਸਾਡੇ ਸੰਵਿਧਾਨ ਵਿਚ ਫੈਡਰਲਿਜ਼ਮ ਦਾ ਜ਼ਿਕਰ ਨਹੀਂ ਅਤੇ ਇਸਨੂੰ ਕਿਤੇ ਵੀ ਸੰਵਿਧਾਨ ਵਿਚ ਪਰਿਭਾਸ਼ਤ ਨਹੀਂ ਕੀਤਾ ਗਿਆ, ਪਰ ਕਿਸੇ ਨਾ ਕਿਸੇ ਰੂਪ ਵਿਚ ਇਹ ਹਰ ਸਮੇਂ ਭਾਰਤੀ ਰਾਜਨੀਤੀ ਦਾ ਮਹੱਤਵਪੂਰਨ ਵਿਸ਼ਾ ਰਿਹਾ ਹੈ। ਹਾਂ, ਭਾਰਤ ਰਾਜਾਂ ਦੀ ਯੂਨੀਅਨ ਹੈ, ਇਸ ਜ਼ਿਕਰ ਨਾਲ ਹੀ ਭਾਰਤੀ ਸੰਵਿਧਾਨ ਸ਼ੁਰੂ ਹੁੰਦਾ ਹੈ। ਇਹ ਫਿਕਰਾ ਹੀ ਭਾਰਤੀ ਸੰਵਿਧਾਨ ਦੇ ਫੈਡਰਲ ਸਵਰੂਪ ਦੀ ਨਿਸ਼ਾਨਦੇਹੀ ਕਰਦਾ ਹੈ।

ਕਿਸੇ ਵੇਲੇ ਫੈਡਰਲਿਜ਼ਮ ਦੇ ਮੁੱਦੇ ਦਾ ਸਭ ਤੋਂ ਵੱਡਾ ਮੁਦੱਈ ਸ਼ਰੋਮਣੀ ਅਕਾਲੀ ਦਲ ਸੀ। ਹੁਣ ਫੈਡਰਲਿਜ਼ਮ ਦੇ ਗੰਭੀਰ ਮੁੱਦੇ 'ਤੇ ਚਰਚਾ ਦੱਖਣੀ ਰਾਜਾਂ ਤੋਂ ਸ਼ੁਰੂ ਹੋਈ ਹੈ ਤੇ ਇਸਦੀ ਵਾਗਡੋਰ ਤਾਮਿਲਨਾਡੂ ਦੇ ਮੁੱਖ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਮੰਤਰੀ ਐਮ. ਕੇ. ਸਟਾਲਿਨ ਦੇ ਕੋਲ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਲੋਕ ਸਭਾ ਹਲਕਿਆਂ ਦੀ ਮੁੜ ਹੱਦਬੰਦੀ ਦੇ ਨਾਲ-ਨਾਲ ਭਾਸ਼ਾ ਨੂੰ ਵੀ ਮੁੱਖ ਮੁੱਦਾ ਬਣਾਇਆ ਹੈ ਤੇ ਦੇਸ਼ ਦੀ ਕੇਂਦਰੀ ਕੌਮੀ ਵਿਦਿਅਕ ਨੀਤੀ ਦਾ ਵਿਰੋਧ ਕੀਤਾ ਹੈ। ਸਟਾਲਿਨ ਦਾ ਕਹਿਣਾ ਹੈ ਕਿ ਹਿੰਦੀ ਭਾਸ਼ਾ ਨੂੰ ਤਾਮਿਲਨਾਡੂ 'ਤੇ ਠੋਸਣ ਦੀ ਕੇਂਦਰ ਸਰਕਾਰ ਦੀ ਨੀਤੀ ਸਾਨੂੰ ਮਨਜ਼ੂਰ ਨਹੀਂ। ਉਹ ਇਸਦਾ ਡਟ ਕੇ ਵਿਰੋਧ ਕਰ ਰਿਹਾ ਹੈ। ਉਸਦਾ ਕਹਿਣਾ ਹੈ, ਕੀ ਇਹ ਫੈਡਰਲਿਜ਼ਮ ਦੇ ਨਾਲ-ਨਾਲ ਤਾਮਿਲਾਂ ਦੇ ਸੱਭਿਆਚਾਰ 'ਤੇ ਹਮਲਾ ਹੈ। ਉਸਨੇ ਕੌਮੀ ਵਿਦਿਆ ਨੀਤੀ ਦਾ ਵਿਰੋਧ ਕਰਦੇ ਹੋਏ ਤ੍ਰੈ-ਭਾਸ਼ੀ ਨੀਤੀ ਦਾ ਵਿਰੋਧ ਕੀਤਾ ਹੈ। ਉਹ ਆਪਣੇ ਰਾਜ ਵਿਚ ਸਿਰਫ ਅੰਗਰੇਜ਼ੀ ਤੇ ਤਾਮਿਲ ਭਾਸ਼ਾ ਹੀ ਲਾਗੂ ਰੱਖਣ ਦਾ ਵੱਡਾ ਮੁੱਦਈ ਹੈ। ਸਟਾਲਿਨ ਹਿੰਦੀ ਨੂੰ ਤਾਮਿਲਨਾਡੂ ਦੇ ਸਰਕਾਰੀ ਸਕੂਲਾਂ 'ਚ ਲਾਗੂ ਕਰਨ ਦੇ ਖ਼ਿਲਾਫ ਆਪਣਾ ਸਟੈਂਡ ਦੇਸ਼ ਸਾਹਮਣੇ ਰੱਖ ਚੁੱਕਾ ਹੈ। ਸ਼ਰੋਮਣੀ ਅਕਾਲੀ ਦਲ ਦਾ ਵੀ ਇਹੀ ਕਹਿਣਾ ਹੈ ਕਿ ਸੂਬਾ ਸਰਕਾਰਾਂ ਨੂੰ ਪੂਰਨ ਸੁਤੰਤਰਤਾ ਹੋਣੀ ਚਾਹੀਦੀ ਹੈ ਕਿ ਕਿਹੜੀ ਭਾਸ਼ਾ 'ਚ ਪੜ੍ਹਾਈ ਕਰਵਾਉਣੀ ਹੈ।

ਲੋਕ ਸਭਾ ਹਲਕਿਆਂ ਦੀ ਹੱਦ-ਬੰਦੀ ਦੇ ਮੁੱਦੇ 'ਤੇ ਸਟਾਲਿਨ ਦਾ ਕਹਿਣਾ ਹੈ ਕਿ ਜੇਕਰ ਇਹ ਤਾਜ਼ਾ ਜਨਸੰਖਿਆ ਦੇ ਅੰਕੜਿਆਂ ਦੇ ਅਧਾਰ 'ਤੇ ਕੀਤੀ ਗਈ ਤਾਂ ਇਸ ਦਾ ਲਾਭ ਉਤਰੀ ਭਾਰਤ ਤੇ ਖਾਸ ਕਰਕੇ ਮੱਧ ਭਾਰਤ ਦੇ ਉੱਤਰ ਪ੍ਰਦੇਸ਼ ਤੇ ਬਿਹਾਰ ਵਰਗੇ ਰਾਜਾਂ ਨੂੰ ਸਭ ਤੋਂ ਵੱਧ ਹੋਵੇਗਾ। ਦੱਖਣੀ ਰਾਜਾਂ ਦੀ ਇਸ ਕਰਕੇ ਰਾਜਨੀਤਕ ਵੁੱਕਤ ਘਟ ਜਾਵੇਗੀ। ਉਨ੍ਹਾਂ ਨੂੰ ਇਸ ਦਾ ਨੁਕਸਾਨ ਹੋਵੇਗਾ। ਇਸ ਮੁੱਦੇ 'ਤੇ ਉਸ ਨਾਲ ਦੱਖਣੀ ਭਾਰਤ ਦੇ ਹੋਰ ਰਾਜ ਜਿਵੇਂ ਕਿ ਕਰਨਾਟਕਾ, ਤੇਲੰਗਾਨਾ, ਕੇਰਲਾ ਵੀ ਸਹਿਮਤ ਹਨ। ਆਂਧਰਾ ਪ੍ਰਦੇਸ਼ ਦੀਆਂ ਕੁੱਝ ਰਾਜਨੀਤਕ ਪਾਰਟੀਆਂ ਵੀ ਇਸ ਮੁੱਦੇ 'ਤੇ ਸਟਾਲਿਨ ਦੀ ਗੱਲ ਨਾਲ ਸਹਿਮਤ ਹਨ। ਉੜੀਸਾ ਦਾ ਸਾਬਕਾ ਮੁਖ ਮੰਤਰੀ ਨਵੀਨ ਪਟਨਾਇਕ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸ਼ਰੋਮਣੀ ਅਕਾਲੀ ਦਲ (ਬਾਦਲ) ਨੇ ਵੀ ਸਟਾਲਿਨ ਦੇ ਸਟੈਂਡ ਦੀ ਪ੍ਰੋੜਤਾ ਕੀਤੀ ਹੈ ਤੇ ਹੱਦਬੰਦੀ ਦਾ ਵਿਰੋਧ ਕਰ ਰਹੇ ਹਨ। ਸਟਾਲਿਨ ਨੇ ਇਸ ਮੁੱਦੇ 'ਤੇ 22 ਮਾਰਚ, 2025 ਨੂੰ ਚੇਨੱਈ ਵਿਚ ਰਾਜਨੀਤਕ ਪਾਰਟੀਆਂ ਦੀ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਨੂੰ ਚੰਗਾ ਹੁੰਗਾਰਾ ਮਿਲਿਆ।

ਕਹਿਣ ਨੂੰ ਭਾਰਤ 'ਯੂਨੀਅਨ ਆਫ ਸਟੇਟਸ' ਹੈ। ਸੰਵਿਧਾਨ ਵੀ ਇਹੀ ਕਹਿੰਦਾ ਹੈ। India, that is Bharat, shall be a Union of States, ਮਤਲਬ ਭਾਰਤ ਇਕ ਰਾਜਾਂ ਦੀ ਯੂਨੀਅਨ ਹੈ। ਵਿਚਾਲੇ ਕੇਂਦਰ ਹੈ ਤੇ ਆਲੇ-ਦੁਆਲੇ ਸੂਬੇ। ਪਰ ਭਾਰਤੀ ਫੈਡਰਲਿਜ਼ਮ ਦਾ ਝੁਕਾਅ ਪੂਰੀ ਤਰ੍ਹਾਂ ਕੇਂਦਰ ਵੱਲ ਹੈ। ਹੌਲੀ-ਹੌਲੀ ਇਹ ਝੁਕਾਅ ਇਕ ਪਾਸੜ ਹੁੰਦਾ ਜਾ ਰਿਹੈ। ਭਾਵੇਂ ਸੰਵਿਧਾਨ ਘਾੜਿਆਂ ਨੇ ਹੀ ਪਾਸਕੂ ਕੇਂਦਰ ਵਾਲੇ ਪਾਸੇ ਰੱਖਿਆ ਸੀ, ਪਰ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਪਹਿਲਾਂ ਕਾਂਗਰਸ ਪਾਰਟੀ ਨੇ ਤੇ ਫਿਰ ਭਾਜਪਾ ਨੇ ਕੇਂਦਰੀਕਰਨ ਵਾਲੀ ਪਹੁੰਚ ਲਗਾਤਾਰ ਅਪਣਾਈ ਹੈ। ਕੇਂਦਰੀਕਰਨ ਦੀ ਪਕੜ ਮਜ਼ਬੂਤ ਕਰਨ ਲਈ ਬਹੁਤ ਸਾਰੀਆਂ ਸੋਧਾਂ ਸੰਵਿਧਾਨ ਵਿਚ ਕੀਤੀਆਂ ਗਈਆਂ। ਹੁਣ ਸੰਵਿਧਾਨ ਕੇਂਦਰ ਸਰਕਾਰ ਦੀ ਮੁਕੰਮਲ ਸਰਦਾਰੀ ਦਾ ਕਾਨੂੰਨੀ ਪਹਿਰੇਦਾਰ ਹੈ।

ਅਜ਼ਾਦੀ ਤੋਂ ਥੋੜ੍ਹੀ ਦੇਰ ਬਾਅਦ ਹੀ ਫੈਡਰਲਿਜ਼ਮ ਦੇ ਮੁੱਦੇ 'ਤੇ ਸੂਬਿਆਂ ਨੇ ਜੰਗ ਸ਼ੁਰੂ ਕਰ ਦਿਤੀ ਸੀ। ਸਭ ਤੋਂ ਪਹਿਲਾਂ ਭਾਸ਼ਾ ਦੇ ਅਧਾਰ 'ਤੇ ਰਾਜਾਂ ਦੇ ਪੁਨਰਗਠਨ ਕਰਨ ਦੀ ਮੰਗ ਨੇ ਜ਼ੋਰ ਫੜਿਆ। ਇਸ ਵਿਚ ਤਾਮਿਲਨਾਡੂ, ਜੋ ਉਸ ਸਮੇਂ ਮਦਰਾਸ ਸੀ, ਨੇ ਮੋਹਰੀ ਰੋਲ ਅਦਾ ਕੀਤਾ। ਕੇਂਦਰ ਸਰਕਾਰ ਨੂੰ 1956 ਵਿਚ States Reorganization Act ਬਣਾਉਣਾ ਪਿਆ। ਪੰਜਾਬ ਨਾਲ ਇਸ ਪੱਖੋਂ ਵੀ ਵਿਤਕਰਾ ਹੋਇਆ। ਇਸਨੂੰ ਭਾਸ਼ਾ ਦੇ ਅਧਾਰ 'ਤੇ ਸੂਬਾ ਬਣਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਸ ਕਰਕੇ ਪੰਜਾਬ ਨੂੰ ਭਾਸ਼ਾ ਦੇ ਅਧਾਰ 'ਤੇ ਸੂਬਾ ਬਣਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਲੰਬੀ ਲੜਾਈ ਲੜਨੀ ਪਈ। ਭਾਵੇਂ ਭਾਸ਼ਾ ਦੇ ਅਧਾਰ 'ਤੇ ਲੰਗੜਾ-ਲੂਲਾ ਪੰਜਾਬੀ ਸੂਬਾ ਬਣਾ ਦਿੱਤਾ ਗਿਆ ਪਰ ਇਸ ਦੀ ਮੁਕੰਮਲਤਾ ਲਈ ਪੰਜਾਬ ਅਜੇ ਵੀ ਲੜਾਈ ਲੜ ਰਿਹਾ ਹੈ। ਇਹ ਲੜਾਈ ਪੰਜਾਬ ਨੂੰ ਤਾਂ ਮਹਿੰਗੀ ਪਈ ਹੀ ਹੈ, ਇਸਦੀ ਵੱਡੀ ਕੀਮਤ ਦੇਸ਼ ਨੂੰ ਵੀ ਉਤਾਰਨੀ ਪਈ ਹੈ। ਜੋ ਪੰਜਾਬ 'ਚ ਪਿਛਲੀ ਸਦੀ ਦੇ ਆਖਰੀ ਦਹਾਕਿਆਂ ਵਿਚ ਖੂਨ ਵਹਿਆ ਉਸਦੇ ਬੀਜ ਕੇਂਦਰ ਸਰਕਾਰ ਨੇ ਪੰਜਾਬੀ ਸੂਬਾ ਬਣਾਉਂਦੇ ਸਮੇਂ ਬੀਜੇ ਸਨ। ਪੰਜਾਬ ਦਾ ਵੀ ਤੇ ਦੇਸ਼ ਦਾ ਵੀ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ।

ਪੰਡਿਤ ਜਵਾਹਰ ਲਾਲ ਨਹਿਰੂ ਦੀ ਮੌਤ ਤੋਂ ਬਾਅਦ 1964 'ਚ ਕਾਂਗਰਸ ਪਾਰਟੀ 'ਚ ਅੰਦਰੂਨੀ ਕਲੇਸ਼ ਛਿੜ ਗਿਆ ਤੇ ਕਾਂਗਰਸ ਪਾਰਟੀ 'ਚ ਟੁੱਟ-ਭੱਜ ਸ਼ੁਰੂ ਹੋ ਗਈ। ਪਾਰਟੀ ਕਮਜ਼ੋਰ ਹੋ ਗਈ। ਇਸ ਦੀ ਦੇਸ਼ ਦੀ ਰਾਜਸੱਤਾ 'ਤੇ ਪਕੜ ਢਿੱਲੀ ਪੈਣੀ ਸ਼ੁਰੂ ਹੋ ਗਈ ਤੇ ਸੂਬਿਆਂ ਵਿਚ ਖੇਤਰੀ ਪਾਰਟੀਆਂ ਦਾ ਉਭਾਰ ਸ਼ੁਰੂ ਹੋ ਗਿਆ। ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ ਜ਼ੋਰ ਫੜਨ ਲੱਗ ਗਈ। ਤਾਮਿਲਨਾਡੂ ਸਰਕਾਰ ਨੇ 1969 ਵਿਚ ਰਾਜਮੰਨਾਰ ਕਮੇਟੀ ਰਾਜਾਂ ਅਤੇ ਕੇਂਦਰ ਦੇ ਸੰਬੰਧਾਂ ਦਾ ਜਾਇਜ਼ਾ ਲੈਣ ਲਈ ਬਣਾਈ। ਇਸ ਤੋਂ ਚਾਰ ਸਾਲ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਲਈ 1973 ਵਿਚ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰ ਦਿੱਤਾ। ਦੁਬਾਰਾ ਫਿਰ 1978 ਵਿਚ ਲੁਧਿਆਣੇ 'ਚ ਹੋਈ ਅਕਾਲੀ ਕਾਨਫਰੰਸ ਵਿਚ ਇਸ ਮਤੇ ਨੂੰ ਕੁਝ ਸੋਧ ਕੇ ਪਾਸ ਕਰ ਦਿੱਤਾ ਤੇ ਇਸ ਨੂੰ ਲਾਗੂ ਕਰਵਾਉਣ ਲਈ ਬਾਕਾਇਦਾ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਵੀ ਕਰ ਦਿੱਤਾ।

ਜੂਨ 25, 1975 ਨੂੰ ਦੇਸ਼ ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾ ਦਿਤੀ। ਲੋਕਾਂ ਦੇ ਸਾਰੇ ਸੰਵਿਧਾਨਕ ਤੇ ਜਮਹੂਰੀ ਹੱਕ ਖੋਹ ਲਏ ਗਏ ਸਨ ਤੇ ਐਮਰਜੈਂਸੀ ਦਾ ਵਿਰੋਧ ਕਰਨ ਵਾਲੇ ਅਗਾਂਹਵਧੂ ਵਿਦਿਆਰਥੀ ਤੇ ਦੂਸਰੇ ਆਗੂ ਤੇ ਵਿਰੋਧੀ ਪਾਰਟੀਆਂ ਦੇ ਆਗੂ ਜੇਲ੍ਹਾਂ 'ਚ ਡੱਕ ਦਿੱਤੇ ਗਏ ਸਨ। ਬਹੁਤ ਸਾਰੇ ਅਕਾਲੀ ਆਗੂ ਵੀ ਜੇਲ੍ਹ ਗਏ। ਐਮਰਜੈਂਸੀ ਦੌਰਾਨ ਤੇ ਬਾਅਦ ਵਿਚ ਮਨੁੱਖੀ ਤੇ ਜਮਹੂਰੀ ਅਧਿਕਾਰ ਦੇਸ਼ ਵਿਚ ਇਕ ਵੱਡਾ ਮੁੱਦਾ ਬਣ ਗਏ। ਖੇਤਰੀ ਪਾਰਟੀਆਂ ਨੇ ਫੈਡਰਲਿਜ਼ਮ ਨੂੰ ਵੱਡੇ ਮੁੱਦੇ ਵਜੋਂ ਉਭਾਰਿਆ। ਸ੍ਰੋਮਣੀ ਅਕਾਲੀ ਦਲ ਨੇ ਐਮਰਜੈਂਸੀ ਵਿਰੁੱਧ ਮੋਰਚਾ ਲਾਇਆ ਤੇ ਜੇਲ੍ਹਾਂ ਭਰੀਆਂ। ਮਾਰਚ 1977 ਵਿਚ ਐਮਰਜੈਂਸੀ ਉਠਾ ਲਈ ਗਈ। ਸਾਰੇ ਅਕਾਲੀ ਲੀਡਰ ਤੇ ਦੂਸਰੇ ਵਿਰੋਧੀ ਪਾਰਟੀਆਂ ਦੇ ਰਾਸ਼ਟਰੀ ਆਗੂ ਰਿਹਾਅ ਹੋ ਗਏ। ਕਾਂਗਰਸ ਪਾਰਟੀ ਚੋਣਾਂ ਬੁਰੀ ਤਰ੍ਹਾਂ ਹਾਰ ਗਈ ਤੇ ਦੇਸ਼ ਵਿਚ ਪਹਿਲੀ ਵਾਰ ਕੇਂਦਰ ਤੇ ਰਾਜਾਂ ਵਿਚ ਖੇਤਰੀ ਪਾਰਟੀਆਂ ਦਾ ਦਬ-ਦਬਾ ਕਾਇਮ ਹੋ ਗਿਆ। ਪੰਜਾਬ 'ਚ ਅਕਾਲੀ ਸਰਕਾਰ ਬਣ ਗਈ। ਕੇਂਦਰ 'ਚ ਰਲੀ-ਮਿਲੀ ਸਰਕਾਰ ਮੁਰਾਰ ਜੀ ਡੇਸਾਈ ਦੀ ਅਗਵਾਈ 'ਚ ਬਣੀ, ਪਰ ਇਸ ਸਰਕਾਰ ਦਾ ਸਵਾ ਦੋ ਸਾਲ ਬਾਅਦ ਹੀ ਭੋਗ ਪੈ ਗਿਆ।

ਇੰਦਰਾ ਗਾਂਧੀ ਮੁੜ ਸੱਤਾ 'ਚ ਆ ਗਈ ਤੇ ਉਸਨੇ ਆਉਂਦੇ ਸਾਰ ਹੀ ਵਿਰੋਧੀ ਪਾਰਟੀਆਂ ਦੀਆਂ ਜਾਇਜ਼ ਢੰਗ ਨਾਲ ਚੁਣੀਆਂ ਸੂਬਾ ਸਰਕਾਰਾਂ ਭੰਗ ਕਰ ਦਿਤੀਆਂ। ਇਸ ਨਾਲ ਕੇਂਦਰ ਤੇ ਅਕਾਲੀਆਂ ਵਿਚਕਾਰ ਟਕਰਾਓ ਹੋਰ ਤਿੱਖਾ ਹੋ ਗਿਆ। ਇੰਦਰਾ ਗਾਂਧੀ ਨੇ ਅਕਾਲੀਆਂ ਤੋਂ ਐਮਰਜੈਂਸੀ ਦਾ ਵਿਰੋਧ ਕਰਨ ਦਾ ਬਦਲਾ ਲੈਣ ਲਈ ਬੜੇ ਹੱਥਕੰਡੇ ਵਰਤੇ। ਉਸਨੇ ਪੰਜਾਬ ਨੂੰ ਕਈ ਪਾਸਿਓਂ ਨੁਕਸਾਨ ਪਹੁੰਚਾਇਆ ਤੇ ਪੰਜਾਬ ਨਾਲ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਵੱਡਾ ਧੱਕਾ ਕੀਤਾ। ਇਹ ਪਾਣੀ ਦਾ ਮੁੱਦਾ ਪੰਜਾਬ ਲਈ ਮਾਸ-ਖੋਰਾ ਫੋੜਾ ਬਣ ਗਿਆ ਹੈ।

ਇਸ ਟਕਰਾਓ ਦੇ ਨਤੀਜੇ 'ਚੋਂ ਅਕਾਲੀ ਧਰਮ ਮੋਰਚਾ ਨਿਕਲਿਆ। ਹਜ਼ਾਰਾਂ ਦੀ ਤਾਦਾਦ 'ਚ ਅਕਾਲੀ ਜੇਲ੍ਹਾਂ 'ਚ ਗਏ। ਇਥੋਂ ਤਕ ਕਿ



ਯੂਨੀਵਰਸਿਟੀਆਂ ਨੂੰ ਵੀ ਜੇਲ੍ਹਾਂ ਬਣਾਉਣਾ ਪਿਆ। ਉਸਤੋਂ ਬਾਅਦ ਦੇਸ਼ ਤੇ ਪੰਜਾਬ ਵਿਚ ਕੀ ਹੋਇਆ ਇਹ ਜੱਗ ਜਾਣਦਾ ਹੈ। ਸਾਕਾ ਨੀਲਾ ਤਾਰਾ ਹੋਇਆ। ਅਕਾਲ ਤਖ਼ਤ ਨੂੰ ਤੋਪਾਂ ਨਾਲ ਫੁੰਡ ਦਿੱਤਾ ਗਿਆ। ਲੰਬਾ ਸਮਾਂ ਪੰਜਾਬ ਉਬਾਲੇ ਮਾਰਦਾ ਰਿਹਾ। ਕੁਝ ਮਹੀਨਿਆਂ ਬਾਅਦ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ। ਪਰ ਇਹ ਸਮਝੌਤਾ ਵੀ ਕਿਸੇ ਤਣ-ਪੱਤਣ ਨਾ ਲੱਗਿਆ।

ਸਮਝੌਤੇ ਤਹਿਤ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਸਰਕਾਰ ਨੇ ਸਵੀਕਾਰ ਕਰ ਲਿਆ ਤੇ ਇਸ ਨੂੰ ਸਰਕਾਰੀਆ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ। ਸਰਕਾਰੀਆ ਕਮਿਸ਼ਨ ਦਾ ਰਾਜਾਂ ਤੇ ਕੇਂਦਰ ਦੇ ਸੰਬੰਧਾਂ ਤੇ ਅਧਿਕਾਰਾਂ ਦੇ ਸੰਬੰਧ ਵਿਚ ਕੰਮ ਕਰਨ ਲਈ ਗਠਿਤ ਕੀਤਾ ਗਿਆ ਸੀ। ਅਨੰਦਪੁਰ ਸਾਹਿਬ ਦਾ ਇਹ ਉਹੀ ਮਤਾ ਸੀ ਜਿਸਨੂੰ ਪਹਿਲਾਂ ਵੱਖਵਾਦੀ ਦਸਤਾਵੇਜ਼ ਗਰਦਾਨਿਆ ਗਿਆ ਸੀ। ਸਰਕਾਰੀਆ ਕਮਿਸ਼ਨ ਨੇ ਕਾਫੀ ਮਿਹਨਤ ਕੀਤੀ ਤੇ 1988 'ਚ ਆਪਣੀ ਰਿਪੋਰਟ ਦਿਤੀ। ਉਸਤੋਂ ਬਾਅਦ 2007 'ਚ ਪੁੰਛੀ ਕਮਿਸ਼ਨ ਬਣਿਆ। ਇਸ ਨੇ ਬੜੇ ਵਿਸਥਾਰ ਸਹਿਤ ਰਿਪੋਰਟ ਦਿਤੀ। ਆਰਟੀਕਲ 355 ਤੇ 356 ਵਿਚ ਸੋਧ ਕਰਨ ਨੂੰ ਕਿਹਾ। ਸੂਬਾ ਸਰਕਾਰਾਂ ਤੋੜਨ ਦੇ ਕੇਂਦਰ ਦੇ ਅਧਿਕਾਰਾਂ ਵਿਚ ਸੋਧ ਕਰਕੇ ਇਸਨੂੰ ਸੀਮਤ ਕਰਨ ਨੂੰ ਕਿਹਾ। ਰਾਜਪਾਲਾਂ ਦੀ ਨਿਯੁਕਤੀ ਰਾਜ ਸਰਕਾਰਾਂ ਦੇ ਸਲਾਹ ਨਾਲ ਕਰਨ ਨੂੰ ਕਿਹਾ। ਰਾਜਪਾਲਾਂ ਨੂੰ ਯੂਨੀਵਰਸਿਟੀਆਂ ਦੇ ਚਾਂਸਲਰ ਲਾਉਣ ਦੇ ਖ਼ਿਲਾਫ ਵੀ ਇਸ ਕਮਿਸ਼ਨ ਨੇ ਰਿਪੋਰਟ ਦਿਤੀ।

ਸੰਵਿਧਾਨ ਅਨੁਸਾਰ ਚੁਣੀਆਂ ਰਾਜ ਸਰਕਾਰਾਂ ਨੂੰ ਆਰਟੀਕਲ 356 ਦੀ ਵਰਤੋਂ ਕਰਕੇ ਤੋੜਨ ਦਾ ਸਿਲਸਿਲਾ ਨਹਿਰੂ ਸਮੇਂ 1959 ਵਿਚ ਹੀ ਸ਼ੁਰੂ ਹੋ ਗਿਆ ਸੀ। ਨਹਿਰੂ ਦੇ ਪ੍ਰਧਾਨ ਮੰਤਰੀ ਹੁੰਦੇ 9 ਰਾਜ ਸਰਕਾਰਾਂ ਭੰਗ ਕੀਤੀਆਂ ਗਈਆਂ। ਇੰਦਰਾ ਗਾਂਧੀ ਵੇਲੇ ਸੂਬਾ ਸਰਕਾਰਾਂ ਤੋੜਨ ਲਈ ਧਾਰਾ 356 ਦੀ ਵਰਤੋਂ ਬੇਸ਼ੁਮਾਰ ਵਾਰੀ ਕੀਤੀ ਗਈ। ਹੁਣ ਇਸ ਦਾ ਨਵਾਂ ਤੋੜ ਲੱਭ ਲਿਆ ਗਿਆ ਹੈ। ਹੁਣ ਵਿਧਾਇਕਾਂ ਨੂੰ by hook or crook ਤੋੜ ਲਿਆ ਜਾਂਦਾ ਹੈ। ਜੇ ਲੋੜ ਪਵੇ ਤਾਂ ਇਸ ਲਈ ਏਜੰਸੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਸਟਾਲਿਨ ਵੱਲੋਂ ਚੇਨੱਈ 'ਚ ਬੁਲਾਈ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਵਿਚ ਦਰਜ ਮੰਗਾਂ ਦੀ ਤਰਜਮਾਨੀ ਕਰਦੇ ਹੋਏ ਕਿਹਾ ਹੈ ਕਿ ਅੱਜ ਵੀ ਪਾਰਟੀ ਦਾ ਫੈਡਰਲਿਜ਼ਮ ਦੇ ਮੁੱਦੇ 'ਤੇ ਉਹੀ ਸਟੈਂਡ ਹੈ ਜੋ 1973 ਵਿਚ ਪਹਿਲੀ ਵਾਰ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਨ ਸਮੇਂ ਸੀ। ਪਾਰਟੀ ਨੇ ਮੀਟਿੰਗ ਵਿਚ ਇਹ ਵੀ ਕਿਹਾ ਕਿ ਛੋਟੇ ਰਾਜਾਂ ਨੂੰ ਰਾਜ ਸਭਾ 'ਚ ਵੱਡੇ ਰਾਜਾਂ ਦੇ ਬਰਾਬਰ ਪ੍ਰਤੀਨਿਧਤਾ ਦਿਤੀ ਜਾਵੇ, ਜਿਵੇਂ ਕਿ ਅਮਰੀਕਾ ਵਿਚ ਹੈ। ਧਾਰਾ 356, ਜੋ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਭੰਗ ਕਰਨ ਦਾ ਅਧਿਕਾਰ ਦਿੰਦੀ ਹੈ, ਨੂੰ ਸੰਵਿਧਾਨ 'ਚੋਂ ਖ਼ਤਮ ਕੀਤਾ ਜਾਵੇ। ਕੇਂਦਰ ਕੋਲ ਸਿਰਫ ਚਾਰ ਮਹਿਕਮੇ-ਡਿਫੈਂਸ, ਵਿਦੇਸ਼ੀ ਮਾਮਲੇ, ਕਰੰਸੀ, ਦੂਰ ਸੰਚਾਰ ਤੇ ਸੰਚਾਰ ਹੋਣ, ਬਾਕੀ ਸਾਰੇ ਰਾਜ ਸਰਕਾਰਾਂ ਕੋਲ ਹੋਣ। ਸਤਵੇਂ ਸ਼ੈਡਿਊਲ ਵਿਚ ਸੋਧ ਕੀਤੀ ਜਾਵੇ ਤੇ ਯੂਨੀਅਨ, ਸਟੇਟ ਤੇ ਕੌਨਕਰੰਟ ਲਿਸਟ ਵਿਚ ਸ਼ਾਮਿਲ ਵਿਸ਼ਿਆਂ ਦੀ ਵੰਡ ਦੁਬਾਰਾ ਕੀਤੀ ਜਾਵੇ। ਗੌਰਤਲਬ ਹੈ ਕਿ 1997 ਵਿਚ ਸੱਤਾ 'ਚ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਨੰਦਪੁਰ ਸਾਹਿਬ ਤੇ ਫੈਡਰਲਿਜ਼ਮ ਦੇ ਮੁਦੇ ਨੂੰ ਭੁੱਲ ਹੀ ਗਿਆ ਸੀ। ਹੁਣ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਇਸਨੇ ਇਹ ਮੁੱਦਾ ਦੁਬਾਰਾ ਉਭਾਰਨਾ ਸ਼ੁਰੂ ਕਰ ਦਿੱਤਾ ਹੈ, ਪਰ ਹਾਲੇ ਵੀ ਦੱਬਵੀਂ ਅਵਾਜ਼ ਵਿਚ।

ਸੱਤਵਾਂ ਸ਼ੈਡਿਊਲ ਰਾਜਾਂ ਤੇ ਕੇਂਦਰ ਵਿਚਕਾਰ ਅਧਿਕਾਰਾਂ ਦੀ ਵੰਡ ਦਾ ਇਕ ਵੱਡਾ ਸਰੋਤ ਹੈ। ਕੁਝ ਰਾਜਨੀਤਕ ਪਾਰਟੀਆਂ ਇਹ ਵੀ ਕਹਿੰਦੀਆਂ ਹਨ ਕਿ ਜੋ ਕਾਨੂੰਨੀ ਹੱਕ ਸੰਵਿਧਾਨ 'ਚ ਸੋਧਾਂ ਕਰਕੇ ਰਾਜਾਂ ਤੋਂ ਖੋਹੇ ਗਏ, ਉਹ ਰਾਜਾਂ ਨੂੰ ਵਾਪਿਸ ਕੀਤੇ ਜਾਣ। ਸੰਵਿਧਾਨ ਦਾ ਆਰਟੀਕਲ 162, ਜੋ ਰਾਜਾਂ ਦੇ ਅਧਿਕਾਰਾਂ ਨੂੰ ਕਾਨੂੰਨ ਬਣਾਉਣ ਲਈ ਵਿਸ਼ੇਸ਼ ਹਾਲਾਤ ਵਿਚ ਸੀਮਤ ਕਰਦਾ ਹੈ, 'ਤੇ ਮੁੜ ਵਿਚਾਰ ਕੀਤੀ ਜਾਵੇ। ਦੇਸ਼ 'ਚ ਹਰ ਸੂਬੇ 'ਚ ਜ਼ਬਰਦਸਤੀ ਠੋਸੀ ਜਾ ਰਹੀ ਸਮਰੂਪਤਾ 'ਤੇ ਰੋਕ ਲਾਈ ਜਾਵੇ ਤੇ ਦੇਸ਼ ਦੀ ਬਹੁ-ਨਸਲੀ, ਬਹੁ-ਸੱਭਿਚਾਰਕ ਤੇ ਬਹੁ-ਭਾਸ਼ੀ ਪਹਿਚਾਣ ਨੂੰ ਕਾਇਮ ਰੱਖ ਕੇ ਹੋਰ ਪ੍ਰਫੁਲਤ ਕੀਤਾ ਜਾਵੇ।

ਹੁਣ ਇਹ ਮੁੱਦਾ ਸੁਰਖੀਆਂ 'ਚ ਫਿਰ ਕਿਉਂ ਆ ਗਿਆ ਹੈ। ਕੇਂਦਰ ਵਿਚ 2014 'ਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਹ ਦੋਸ਼ ਲੱਗਣੇ ਸ਼ੁਰੂ ਹੋ ਗਏ ਕਿ ਭਾਰਤ ਦੇ ਸੰਘੀ ਢਾਂਚੇ ਨੂੰ ਤੇਜ਼ੀ ਨਾਲ ਕਮਜ਼ੋਰ ਕੀਤਾ ਜਾ ਰਿਹਾ ਹੈ। ਹਾਲਾਂਕਿ ਪਿਛਲੀਆਂ ਸਰਕਾਰਾਂ ਨੇ ਵੀ ਅਧਿਕਾਰਾਂ ਦਾ ਕੇਂਦਰੀਕਰਨ ਕਰਨ ਅਤੇ ਰਾਜਾਂ ਦੇ ਅਧਿਕਾਰਾਂ 'ਤੇ ਕਬਜ਼ਾ ਕਰਨ ਦੀ ਕੋਈ ਕਸਰ ਨਹੀਂ ਛੱਡੀ, ਪਰ ਭਾਜਪਾ ਸਰਕਾਰ ਦੀਆਂ ਕਾਰਵਾਈਆਂ ਇੱਕ ਵੱਡੀ ਤਬਦੀਲੀ ਨੂੰ ਦਰਸਾਉਂਦੀਆਂ ਹਨ। ਸਟਾਲਿਨ ਅਨੁਸਾਰ ਰਾਜਾਂ ਦੀ ਖ਼ੁਦਮੁਖ਼ਤਿਆਰੀ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ। ਖੱਬੇ ਪੱਖੀ ਪਾਰਟੀਆਂ ਹੀ ਕਹਿੰਦੀਆਂ ਹਨ ਕਿ ਇਹ ਰੁਝਾਨ ਹਿੰਦੂਤਵੀ ਸੰਪਰਦਾਇਕ ਏਜੰਡੇ ਦੇ ਨਾਲ-ਨਾਲ ਅੰਤਰਰਾਸ਼ਟਰੀ ਅਤੇ ਭਾਰਤੀ ਕਾਰਪੋਰੇਸ਼ਨਾਂ ਦੋਵਾਂ ਦੇ ਸਾਂਝੇ ਹਿੱਤਾਂ ਤੋਂ ਪ੍ਰੇਰਿਤ ਹੈ, ਜੋ ਬੁਨਿਆਦੀ ਸੰਵਿਧਾਨਕ ਸਿਧਾਂਤਾਂ ਦੇ ਖੋਰੇ ਨੂੰ ਹੋਰ ਤੇਜ਼ ਕਰਦੀ ਹੈ। ਦੇਸ਼ 'ਚ ਵਿਚਾਰਧਾਰਕ ਜੰਗ ਚਲ ਰਹੀ ਹੈ। ਭਾਜਪਾ ਦਾ ਆਪਣਾ ਏਜੰਡਾ ਹੈ ਤੇ ਉਹ ਇਸਨੂੰ ਲਾਗੂ ਕਰਨ ਵਿਚ ਲਗਾਤਾਰ ਅੱਗੇ ਵਧ ਰਹੀ ਹੈ। ਲੜਾਈ ਸਮਰੂਪਤਾ ਤੇ ਵੰਨ-ਸਵੰਨਤਾ ਵਿਚਕਾਰ ਚੱਲ ਰਹੀ ਹੈ ਤੇ ਇਸ ਲੜਾਈ ਵਿਚ ਫੈਡਰਲਿਜ਼ਮ ਦੀ ਲੜਾਈ ਵੀ ਸ਼ਾਮਿਲ ਹੈ, ਜਿਸਦਾ ਸੂਤਰਧਾਰ ਹੁਣ ਦੱਖਣੀ ਸੂਬੇ ਹਨ।

ਰਾਜਾਂ ਨਾਲ ਸੰਬੰਧਿਤ ਵਿਸ਼ਿਆਂ ਵਿਚ ਕੇਂਦਰ ਦਾ ਦਖ਼ਲ ਲਗਾਤਾਰ ਵਧਦਾ ਜਾ ਰਿਹਾ ਹੈ। ਪਹਿਲਾਂ ਕੇਂਦਰ ਰਾਜਾਂ ਵਿਚ ਅਮਨ-ਕਾਨੂੰਨ ਮਸਲੇ 'ਚ ਜ਼ਿਆਦਾ ਦਖ਼ਲ ਨਹੀਂ ਦੇ ਸਕਦਾ ਸੀ। ਕੁਝ ਵਿਸ਼ੇਸ਼ ਹਾਲਤਾਂ ਵਿਚ ਹੀ ਦਖ਼ਲ ਸੰਭਵ ਸੀ। ਪਰ ਹੁਣ ਕੇਂਦਰ ਕੋਲ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA) ਰਾਹੀਂ ਬਹੁਤ ਅਧਿਕਾਰ ਮਿਲ ਗਏ ਹਨ। ਇਸੇ ਤਰ੍ਹਾਂ ਹੀ ਐਨਫੋਰਸਮੈਂਟ ਡਿਪਾਰਟਮੈਂਟ (ਈ ਡੀ) ਹੈ। ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਕੇਂਦਰ ED ਨੂੰ ਉਨ੍ਹਾਂ ਖ਼ਿਲਾਫ ਇਕ ਵੱਡੇ ਰਾਜਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ। ਕੇਂਦਰ ਕੋਲ ਸੀ.ਬੀ.ਆਈ. ਤੇ ਆਮਦਨ ਕਰ ਵਰਗੇ ਅਦਾਰੇ ਪਹਿਲਾਂ ਹੀ ਸਨ ਜਿਨ੍ਹਾਂ ਕੋਲ ਅਥਾਹ ਸ਼ਕਤੀਆਂ ਹਨ। ਹੁਣ ਤਾਂ ਕੇਂਦਰ ਨੇ ਰਾਜਾਂ ਦੀਆਂ ਯੂਨੀਵਰਸਿਟੀਆਂ 'ਤੇ ਵੀ ਯੂਜੀਸੀ ਰਾਹੀਂ ਕਾਬੂ ਪਾਉਣ ਦਾ ਕਵਾਇਦ ਸ਼ੁਰੂ ਕਰ ਦਿੱਤਾ ਹੈ ਤੇ ਰਾਜ ਸਰਕਾਰਾਂ ਦੇ ਵੀ ਸੀ ਲਾਉਣ ਦੇ ਅਧਿਕਾਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਜਾਰੀ ਹੈ।

### *ਸੰਵਿਧਾਨਕ ਢਾਂਚਾ: ਫੈਡਰਲ ਐਂਡ ਯੂਨੀਟਰੀ*

ਭਾਰਤੀ ਸੰਵਿਧਾਨ ਦੇ ਅਨੁਛੇਦ 1 ਦੇ ਅਨੁਸਾਰ, 'ਇੰਡੀਆ, ਰਾਜਾਂ ਦਾ ਸੰਘ ਹੈ'। ਡਾ. ਬੀ.ਆਰ. ਅੰਬੇਡਕਰ ਨੇ 1948 ਵਿਚ ਸੰਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਇੱਕ ਅਜਿਹੀ ਪ੍ਰਣਾਲੀ ਦੀ ਕਲਪਨਾ ਕੀਤੀ ਸੀ, ਜਿਸ ਵਿਚ 'ਕੇਂਦਰ ਵਿਚ ਸੰਘ ਅਤੇ ਘੇਰੇ ਵਿਚ ਰਾਜ' ਹੋਣਗੇ, ਜਿਨ੍ਹਾਂ ਵਿਚੋਂ ਹਰੇਕ ਨੂੰ ਸੰਵਿਧਾਨ ਦੁਆਰਾ ਨਿਰਧਾਰਤ ਕੀਤੇ ਗਏ ਆਪਣੇ-ਆਪਣੇ ਖੇਤਰਾਂ ਵਿਚ ਪ੍ਰਭੂਸੱਤਾ ਸੰਪੰਨ ਸ਼ਕਤੀਆਂ ਪ੍ਰਾਪਤ ਹੋਣਗੀਆਂ। ਡਾ. ਅੰਬੇਡਕਰ ਨੇ ਵਿਸਥਾਰ ਨਾਲ ਦੱਸਿਆ ਸੀ ਕਿ ਆਮ ਹਾਲਤਾਂ ਵਿਚ ਭਾਰਤੀ ਪ੍ਰਣਾਲੀ ਨੂੰ ਸੰਘੀ ਢਾਂਚੇ ਵਜੋਂ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ। ਪਰ ਯੁੱਧ ਜਾਂ ਰਾਸ਼ਟਰੀ ਸੰਕਟ ਸਮੇਂ, ਇਸਨੂੰ ਇੱਕ ਇਕਾਗਰ ਢਾਂਚੇ ਵੱਲ ਤਬਦੀਲ ਕਰਨ ਲਈ ਢਾਂਚਾ ਬਣਾਇਆ ਗਿਆ ਸੀ, ਜਿਸ ਨਾਲ ਕੇਂਦਰ ਵਧੇਰੇ ਨਿਯੰਤਰਣ ਗ੍ਰਹਿਣ ਕਰ ਸਕਦਾ ਹੈ।

1994 ਦੇ ਸੁਪਰੀਮ ਕੋਰਟ ਦੇ ਐਸ.ਆਰ. ਬੋਮਈ ਕੇਸ ਦੇ ਫੈਸਲੇ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਰਾਜ (ਪ੍ਰਾਂਤ) ਸਿਰਫ਼ ਸੰਘ ਦਾ ਵਿਸਥਾਰ ਨਹੀਂ ਹਨ; ਸਗੋਂ, ਉਨ੍ਹਾਂ ਕੋਲ ਆਪਣੇ ਸੰਵਿਧਾਨਕ ਤੌਰ 'ਤੇ ਪਰਿਭਾਸ਼ਿਤ ਖੇਤਰਾਂ ਦੇ ਅੰਦਰ ਸਰਵਉੱਚਤਾ ਹੈ। ਇਸ ਫੈਸਲੇ ਨੇ ਇਸ ਧਾਰਨਾ ਨੂੰ ਹੋਰ ਮਜ਼ਬੂਤ ਕੀਤਾ ਕਿ ਸੰਘਵਾਦ ਅਤੇ ਲੋਕਤੰਤਰ ਆਪਸ ਵਿਚ ਜੁੜੇ ਹੋਏ ਹਨ ਅਤੇ ਇੱਕ ਨੂੰ ਕਮਜ਼ੋਰ ਕਰਨ ਨਾਲ ਦੂਜੇ ਨੂੰ ਖ਼ਤਰਾ ਹੋਵੇਗਾ। ਬੋਮਈ ਕੇਸ ਦੇ ਫੈਸਲੇ ਤੋਂ ਬਾਅਦ ਹੀ ਚੁਣੀਆਂ ਹੋਈਆਂ ਸੂਬਾ ਸਰਕਾਰਾਂ ਨੂੰ ਰਾਜਪਾਲ ਦੀ ਸਿਫਾਰਿਸ਼ 'ਤੇ ਧਾਰਾ 356 ਦੀ ਵਰਤੋਂ ਕਰਕੇ ਭੰਗ ਤੇ ਕਾਫੀ ਹੱਦ ਤਕ ਰੋਕ ਲੱਗੀ।

ਸੰਵਿਧਾਨਕ ਤੇ ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਰਗੇ ਵਿਸ਼ਾਲ ਅਤੇ ਵੰਨ-ਸਵੰਨੇ ਦੇਸ਼ ਵਿਚ ਕੇਂਦਰੀਕਰਨ ਜਾਂ ਸਮਰੂਪ ਢਾਂਚੇ ਦੀ ਉਸਾਰੀ- ਭਾਵੇਂ ਉਹ ਵਿੱਤੀ, ਰਾਜਨੀਤਕ, ਭਾਸ਼ਾਵੀ ਜਾਂ ਸੱਭਿਆਚਾਰਕ ਹੋਵੇ- ਆਰਥਿਕ ਤਰੱਕੀ ਵਿਚ ਰੁਕਾਵਟ ਪਵੇਗੀ। ਵਧਣ-ਫੁੱਲਣ ਲਈ, ਭਾਰਤ ਨੂੰ ਮਜ਼ਬੂਤ ਸੰਘਵਾਦ ਦੀ ਲੋੜ ਹੈ। ਸੰਘਵਾਦ, ਦੇਸ਼ ਦੀ ਤਰੱਕੀ ਤੇ ਸਫਲਤਾ ਲਈ ਇੱਕੋ ਇੱਕ ਸੰਭਵ ਰਸਤਾ ਹੈ। ਆਜ਼ਾਦੀ ਤੋਂ ਬਾਅਦ ਦੀਆਂ ਕੇਂਦਰ ਸਰਕਾਰਾਂ ਅਕਸਰ ਰਾਜਾਂ ਦੀ ਖ਼ੁਦਮੁਖ਼ਤਿਆਰੀ ਦੀ ਕੀਮਤ 'ਤੇ ਕੇਂਦਰ ਦੀ ਸ਼ਕਤੀ ਨੂੰ ਪ੍ਰਫੁਲਤ ਕਰਦੀਆਂ ਰਹੀਆਂ ਹਨ। ਵਿਭਿੰਨਤਾ ਨਾਲੋਂ ਸਮਰੂਪਤਾ ਨੂੰ ਅਕਸਰ ਤਰਜੀਹ ਦਿੱਤੀ ਜਾਂਦੀ ਰਹੀ ਹੈ, ਸੂਬਾ ਪੱਖੀ ਹਿੱਤਾਂ ਨੂੰ ਅਕਸਰ ਰਾਸ਼ਟਰੀ ਏਕਤਾ ਵਿਚ ਰੁਕਾਵਟਾਂ ਵਜੋਂ ਦੇਖਿਆ ਜਾਂਦਾ ਰਿਹਾ ਹੈ। ਇਹ ਕੇਂਦਰੀਕਰਨ, ਰਾਜਨੀਤਿਕ ਕਬਜ਼ੇ ਦੇ ਨਾਲ ਵਿੱਤੀ ਅਤੇ ਆਰਥਿਕ ਫੈਸਲੇ ਲੈਣ ਤੱਕ ਫੈਲਦਾ ਹੈ ਤੇ ਰਾਜ ਸਰਕਾਰਾਂ ਲਈ ਨੀਤੀਗਤ space ਨੂੰ ਸੀਮਤ ਕਰਦਾ ਹੈ।

1984 ਵਿਚ ਆਂਧਰਾ ਪ੍ਰਦੇਸ਼ ਵਿਚ ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਸਰਕਾਰ ਦੀ ਬਰਖਾਸਤਗੀ ਦੇ ਜਵਾਬ ਵਿਚ, ਜਿਸਨੂੰ ਬਹੁਤ ਸਾਰੇ ਲੋਕ ਕੇਂਦਰ ਵਲੋਂ ਰਾਜਪਾਲ ਦੀਆਂ ਸ਼ਕਤੀਆਂ ਦੀ ਦੁਰਵਰਤੋਂ ਵਜੋਂ ਵੇਖਦੇ ਸਨ, ਵਿਰੋਧੀ ਪਾਰਟੀਆਂ ਨੇ ਕੇਂਦਰ-ਰਾਜ ਸਬੰਧਾਂ 'ਤੇ ਚਰਚਾ ਕਰਨ ਲਈ ਦੇਸ਼ ਭਰ ਵਿਚ ਕਈ ਸੰਮੇਲਨ ਬੁਲਾਏ। ਸ੍ਰੀਨਗਰ ਵਿਚ ਹੋਏ 1984 ਦੇ ਇਤਿਹਾਸਕ ਸੰਮੇਲਨ ਵਿਚ, ਵਿਰੋਧੀ ਪਾਰਟੀਆਂ- ਜਿਨ੍ਹਾਂ ਵਿਚ ਡੀਐਮਕੇ, ਟੀਡੀਪੀ, ਅਕਾਲੀ ਦਲ, ਆਰਪੀਆਈ, ਅਸਾਮ ਦਲ, ਨੈਸ਼ਨਲ ਕਾਨਫਰੰਸ

*(ਬਾਕੀ ਅਗਲੇ ਸਫੇ 'ਤੇ)*

# ਮਾਂ ਦੀ ਪਾਟੀ ਚੁੰਨੀ ਵਿਚੋਂ ਦਿਸਦੇ ਤਾਰੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੀ ਹੋਇਆ ਜੇ ਮੇਰੀ ਦੁਨੀਆ ਬਹੁਤ ਛੋਟੀ ਜਹੀ ਹੈ। ਪਰ ਮੇਰੀ ਸੋਚ ਦਾ ਦਾਇਰਾ ਵੱਡਾ ਅਤੇ ਦਿੱਬ-ਦ੍ਰਿਸ਼ਟੀ ਬਹੁਤ ਵਿਸ਼ਾਲ ਹੈ। ਕੀ ਹੋਇਆ ਜੇ ਮੇਰੇ ਕਮਰੇ ਵਿਚ ਨਿੱਕੀ ਜਹੀ ਖਿੜਕੀ ਹੈ। ਪਰ ਮੇਰੀ ਅੰਬਰੀ ਉਡਾਣ ਲਈ ਵਿਸ਼ਾਲ ਅਸਮਾਨ ਜੁ ਹੈ।

ਕੀ ਹੋਇਆ ਜੇ ਮੇਰੇ ਨੈਣਾਂ ਵਿਚਲੀ ਜੋਤ ਮੱਧਮ ਹੋ ਗਈ ਹੈ। ਮੈਂ ਆਪਣੇ ਅੰਦਰਲੇ ਚਾਨਣ ਨਾਲ ਆਪਣੀਆਂ ਰਾਹਾਂ ਨੂੰ ਰੌਸ਼ਨੀ ਨਾਲ ਭਰ ਦੇਵਾਂਗਾ।

ਕੀ ਹੋਇਆ ਜੇ ਮੈਂ ਅੱਖਰਾਂ ਤੋਂ ਕੋਰਾ ਹਾਂ। ਪਰ ਆਪਣੀ ਜ਼ਿੰਦਗੀ ਦੀ ਅੱਖਰਕਾਰੀ ਵਿਚੋਂ ਹੀ ਨਵੇਂ ਸ਼ਬਦਕੋਸ਼ ਨੂੰ ਸਿਰਜ ਕੇ ਆਪਣੀ ਸਿਰਜਣਾਤਮਿਕਤਾ ਦਾ ਲੋਹਾ ਮੰਨਾਂਗਾ।

ਕੀ ਹੋਇਆ ਜੇ ਮੇਰਾ ਬਸਤਾ ਮੇਰੇ ਤੋਂ ਖੋਹ ਲਿਆ ਗਿਆ। ਪਰ ਮੈਂ ਆਲੇ-ਦੁਆਲੇ ਵਿਚੋਂ ਜੀਵਨ-ਜਾਚ ਨੂੰ ਸਿੱਖ ਕੇ ਆਪਣੀ ਤਕਦੀਰ ਦਾ ਖੁਦ ਸਿਰਜਣਹਾਰਾ ਤਾਂ ਬਣ ਹੀ ਸਕਦਾ ਹਾਂ।

ਕੀ ਹੋਇਆ ਜੇ ਮੇਰੇ ਤਨ ਤੇ ਲੀਰਾਂ ਹਨ। ਪਰ ਮੈਂ ਆਪਣੇ ਪਿੰਡੇ ਉਪਰਲੀਆਂ ਲੀਰਾਂ ਤੇ ਮਾਣ ਕਰਦਾ, ਉਨ੍ਹਾਂ ਤੋਂ ਚੰਗਾ ਹੋ ਜੋ ਸੁੰਦਰ ਲਿਬਾਸ ਨਾਲ ਆਪਣੇ ਅੰਦਰਲੇ ਕੋਹਜ ਛੁਪਾਉਂਦੇ ਹਨ।

ਕੀ ਹੋਇਆ ਜੇ ਪੈਰਾਂ ਵਿਚ ਮੈਨੂੰ ਸਫ਼ਰ ਉਗਾਉਣ ਦੀ ਤੌਫ਼ੀਕ ਨਹੀਂ ਮਿਲੀ ਪਰ ਮੈਂ ਆਪਣੇ ਸੋਚ-ਸਫ਼ਰ ਨੂੰ ਤਾਂ ਦੂਰ-ਦਿਸਹੱਦਿਆਂ ਤੀਕ ਫੈਲਾ ਸਕਦਾ ਹਾਂ।

ਕੀ ਹੋਇਆ ਜੇ ਮੇਰੇ ਨੈਣਾਂ ਵਿਚ ਉਗੇ ਧੁੰਧਲਕੇ ਨੇ ਮੈਨੂੰ ਆਪਣੇ ਰਾਹਾਂ ਨੂੰ ਪਛਾਨਣ ਵਿਚ ਦਿੱਕਤ ਪੈਦਾ ਕੀਤੀ ਪਰ ਸੋਚ-ਸੂਹ ਨੇ ਆਪੇ ਹੀ ਰਾਹਾਂ ਦੀ ਨਿਸ਼ਾਨਦੇਹੀ ਵੀ ਕਰ ਲੈਣੀ ਹੈ।

ਕੀ ਹੋਇਆ ਜੇ ਮੇਰੇ ਸੁਪਨਿਆਂ ਵਿਚ ਪਲੱਤਣਾਂ ਦਾ ਰੰਗ ਭਾਰੂ ਰਿਹਾ ਪਰ ਮੈਨੂੰ ਜਾਚ ਆਉਂਦੀ ਹੈ ਕਿ ਕਿਵੇਂ ਪਲੱਤਣਾਂ ਵਿਚੋਂ ਸੰਧੂਰੀ ਭਾਅ ਵੀ ਉਗਾਈ ਜਾ ਸਕਦੀ ਹੈ।

ਕੀ ਹੋਇਆ ਜੇ ਮੇਰੇ ਨੈਣਾਂ ਵਿਚੋਂ ਸੁਪਨਗੋਈ ਨੂੰ ਅਗਵਾ ਕਰ ਲਿਆ ਗਿਆ ਪਰ ਮੈਂ ਇਹ ਵੀ ਜਾਣਦਾ ਹਾਂ ਕਿ ਸੁਪਨੇ ਕਦੇ ਵੀ ਚੋਰੀ ਨਹੀਂ ਹੁੰਦੇ। ਸੁਪਨੇ ਤਾਂ ਤੁਹਾਡੀਆਂ ਸੋਚਾਂ ਵਿਚ ਹਮੇਸ਼ਾ ਹੀ ਉਗਣ ਲਈ ਕਾਹਲੇ ਹੁੰਦੇ।

ਕੀ ਹੋਇਆ ਜੇ ਮੇਰੇ ਸੁਪਨਿਆਂ ਦੀ ਸਰਜਮੀਂ ਨੂੰ ਰੱਕੜ ਦੀ ਜੂਨ ਹੰਢਾਉਣੀ ਪਈ ਪਰ ਮੈਂ ਰੱਕੜ ਵਿਚ ਮੀਂਹ ਬਰਸਾ ਕੇ ਇਸਦੀ ਵਤਰ ਧਰਾਤਲ ਤੇ ਸੁਪਨਿਆਂ ਦੀਆਂ ਕਲਮਾਂ ਲਾਉਣ ਦਾ ਆਦੀ ਹਾਂ।

ਕੀ ਹੋਇਆ ਜੇ ਮੈਂ ਕੋਰੇ ਸਫ਼ਿਆਂ ਤੇ ਮੈਂ ਕੁਝ ਲਿਖ ਨਹੀਂ ਸਕਿਆ ਪਰ ਮੈਂ ਫ਼ਿਜ਼ਾ ਵਿਚ ਉਡਦੇ ਹਰਫ਼ਾਂ ਨੂੰ ਪੜ੍ਹਨ ਜਾਣਦਾ ਹਾਂ ਅਤੇ ਇਨ੍ਹਾਂ ਦੀ ਅਰਥਕਾਰੀ ਵਿਚੋਂ ਜੀਵਨ ਨੂੰ ਨਵੀਨ ਰੂਪ ਵਿਚ ਪਰਿਭਾਸ਼ਤ ਕਰਨ ਦਾ ਵੱਲ ਵੀ ਆਉਂਦਾ ਹੈ।

ਕੀ ਹੋਇਆ ਜੇ ਮੇਰੀ ਕਲਮ ਦੀ ਨੋਕ ਹੀ ਉਹ ਤੋੜ ਗਏ ਅਤੇ ਸਿਆਹੀ ਡੋਲ ਗਏ ਪਰ ਮੈਂ ਜਾਣਦਾ ਹਾਂ ਕਿ ਲਹੂ ਵਿਚ ਡੋਬ ਕੇ ਆਪਣੀ ਉਂਗਲ ਨਾਲ ਕਿਵੇਂ ਤਵਾਰੀਖ਼ ਲਿਖੀ ਜਾਂਦੀ ਹੈ।

ਕੀ ਹੋਇਆ ਜੇ ਮੈਂ ਹੋਲੀ ਦੇ ਰੰਗਾਂ ਵਿਚ ਖੁਦ ਨੂੰ ਡੁਬੋ ਨਹੀਂ ਸਕਿਆ ਪਰ ਮੈਂ ਕਿਸਮਤ ਵਾਲਾ ਹਾਂ ਕਿ ਜ਼ਿੰਦਗੀ ਵਿਚ ਮਿਲੇ ਰੰਗਾਂ ਵਰਗੇ ਹੀ ਲੋਕਾਂ ਨੇ ਮੇਰੇ ਜੀਵਨ ਨੂੰ ਰੰਗੀਨੀਆਂ ਨਾਲ ਭਰ ਦਿਤਾ।

ਕੀ ਹੋਇਆ ਜੇ ਉਹ ਮੇਰੇ ਟਾਹਣਾਂ ਨੂੰ ਕੱਟ ਨੇ ਆਪਣੀ ਬੇਖੁਦੀ ਦੇ ਜਸ਼ਨ ਮਨਾਉਂਦੇ ਨੇ ਪਰ ਮੈਂ ਤਾਂ ਫਿਰ ਪੁੰਗਰ ਨੇ ਉਨ੍ਹਾਂ ਦੇ ਜਸ਼ਨਾਂ ਵਿਚ ਜ਼ਰੂਰ ਸ਼ਾਮਲ ਹੋਵਾਂਗਾ।

ਕੀ ਹੋਇਆ ਜੇ ਮੇਰੇ ਆਲ਼ੇ ਵਿਚ ਪਏ ਦੀਵਾ ਦਾ ਤੇਲ ਹੀ ਮੁੱਕ ਗਿਆ ਪਰ ਮੈਂ ਆਪਣੀ ਰੱਤ ਪਾ



ਕੇ ਇਸਨੂੰ ਫਿਰ ਜਗਾਵਾਂਗਾ ਅਤੇ ਚੌਗਿਰਦੇ ਨੂੰ ਰੁਸ਼ਨਾਂਵਾਂਗਾ।

ਕੀ ਹੋਇਆ ਜੇ ਮੇਰੇ ਹਾਸਿਆਂ ਵਿਚ ਵਕਤ ਨੇ ਹਾਵੇ ਉਗਾਏ ਪਰ ਸਮਾਂ ਆਉਣ ਤੇ ਮੈਂ ਇਨ੍ਹਾਂ ਹਾਵਿਆਂ ਦੀ ਹਿੱਕ ਤੇ ਹਾਸਿਆਂ ਦੀ ਖੇਤੀ ਕਰਾਂਗਾ।

ਕੀ ਹੋਇਆ ਜੇ ਮੇਰੀਆਂ ਆਸਾਂ ਦੀ ਤੰਦ ਆਪਣਿਆਂ ਨੇ ਤੋੜ ਦਿਤੀ ਹੈ ਪਰ ਮੈਨੂੰ ਪਤਾ ਹੈ ਕਿ ਆਸ ਦੀ ਉਲਝਣ ਨੂੰ ਸੁਲਝਾ ਕੇ ਆਸ ਦੀ ਪੂਰਤੀ ਦਾ ਅਹਿਸਾਸ ਮਨ ਵਿਚ ਕਿਵੇਂ ਪੈਦਾ ਕਰਨਾ ਹੈ।

ਕੀ ਹੋਇਆ ਜੇ ਮੇਰੀਆਂ ਉਮੰਗਾਂ ਵਿਚ ਉਦਾਸ ਰੁੱਤ ਨੇ ਵਿਰਾਮ ਕੀਤਾ ਹੈ ਪਰ ਜਦ ਰੁੱਤ ਬਦਲੀ ਤਾਂ ਮੇਰੀਆਂ ਉਮੰਗਾਂ ਨੇ ਬਹਾਰ ਦੀ ਆਮਦ ਤੇ ਸ਼ਗਨ ਮਨਾਉਣ ਵਿਚ ਕੋਈ ਕਸਰ ਨਹੀਂ ਛੱਡਣੀ।

ਕੀ ਹੋਇਆ ਜੇ ਮੇਰੇ ਦੀਦਿਆਂ ਵਿਚ ਜੰਮ ਚੁੱਕੇ ਅੱਥਰੂਆਂ ਦੀ ਕਿਸੇ ਸਾਰ ਨਹੀਂ ਲਈ ਪਰ ਮੈਂ ਤਾਂ ਕਿਸੇ ਦੇ ਅੱਥਰੂਆਂ ਵਿਚ ਖੁਦ ਵੀ ਅੱਥਰੂ ਅੱਥਰੂ ਹੋ ਕੇ ਖੁਰਨਾ ਤਾਂ ਸਿੱਖ ਹੀ ਲਿਆ ਹੈ।

ਕੀ ਹੋਇਆ ਜੇ ਮੇਰੀਆਂ ਸੱਤਹੀਣ ਬਾਹਾਂ ਵਿਚ ਪੌੜੀ ਦੇ ਉਚੇ ਡੰਡਿਆਂ ਨੂੰ ਹੱਥ ਪਾਉਣ ਦਾ ਹੁਨਰ ਨਹੀਂ ਪਰ ਮੈਂ ਕਿਸੇ ਦੇ ਪੈਰਾਂ ਹੇਠੋਂ ਪੌੜੀ ਖਿਸਕਾ ਕੇ, ਉਪਰ ਉਠਣ ਦੀ ਬਜਾਏ ਖੁਦ ਉਪਰ ਉਠਣ ਦਾ ਹੀਆ ਤਾਂ ਕਰਦਾ ਹਾਂ।

ਕੀ ਹੋਇਆ ਜੇ ਮੇਰੇ ਬਾਗ ਦਾ ਮਾਲੀ ਹੀ ਮੇਰੇ ਕੋਲੋਂ ਰੁੱਸ ਗਿਆ ਪਰ ਮੈਂ ਬਾਗ ਤੇ ਦਸਤਕ ਬਣਨ ਵਾਲੀ ਬਹਾਰ ਦਾ ਤਰਲਾ ਕਰਕੇ ਪਤੱਝੜ ਦੇ ਪਿੰਡੇ ਬਹਾਰ ਤਾਂ ਉਗਾ ਹੀ ਸਕਦਾ ਹਾਂ।

ਕੀ ਹੋਇਆ ਜੇ ਮੈਂ ਸੂਰਜ ਦਾ ਹਾਣੀ ਨਾ ਬਣ ਸਕਿਆ ਪਰ ਮੈਨੂੰ ਇੰਨੀ ਤਾਂ ਸਮਝ ਹੈ ਕਿ ਇਕ ਜੁਗਨੂੰ ਬਣ ਕੇ ਵੀ ਹਨੇਰੇ ਦੀ ਵੱਖੀ ਵਿਚ ਛੇਕ ਤਾਂ ਪਾਇਆ ਹੀ ਜਾ ਸਕਦਾ।

ਕੀ ਹੋਇਆ ਜੇ ਮੇਰੇ ਕਿਰਤ-ਕਰਮ ਨੂੰ ਮਾਨਤਾ ਨਹੀਂ ਮਿਲੀ ਪਰ ਮੈਂ ਆਪਣੇ ਅੰਤਰੀਵ ਤੋਂ ਬੇਮੁਖ ਹੋ ਕੇ ਰੂਹ ਦੀ ਨਰਾਜ਼ਗੀ ਤਾਂ ਕਦੇ ਨਹੀਂ ਸਹੇੜੀ।

ਕੀ ਹੋਇਆ ਜੇ ਆਪਣਿਆਂ ਦੀਆਂ ਸਾਜਸ਼ਾਂ ਨੇ ਮੈਨੂੰ ਬਹੁਤ ਠੇਸ ਪਹੁੰਚਾਈ ਪਰ ਮੈਂ ਤਾਂ ਕਦੇ ਵੀ ਆਪਣਿਆਂ ਦਾ ਸਿਵਾ ਸੇਕਣਾ ਕਿਆਸ ਵੀ ਨਹੀਂ ਕਰ ਸਕਦਾ।

ਕੀ ਹੋਇਆ ਮੇਰੇ ਕਮਰੇ ਦੀ ਛੱਤ ਬੜੀ ਨੀਵੀਂ ਹੈ ਪਰ ਮੇਰੇ ਖਾਬਾਂ ਅਤੇ ਖਿਅਲਾਂ ਦੀ ਪ੍ਰਵਾਜ਼ ਤਾਂ ਬਹੁਤ ਹੀ ਉਚੇਰੀ ਹੈ।

ਕੀ ਹੋਇਆ ਜੇ ਮੇਰੇ ਘਰ ਦੇ ਪਿਛਵਵਾੜੇ ਨਿੱਕੀ ਜਹੀ ਛੱਪੜੀ ਸੀ ਜਿਥੇ ਮੈਂ ਕਾਗਜ ਦੀਆਂ ਬੇੜੀਆਂ ਤਾਰਦਾ ਹੁੰਦਾ ਸੀ ਪਰ ਹੁਣ ਤਾਂ ਮੈਂ ਵਸੀਹ ਸਮੁੰਦਰ ਕੰਢੇ ਬਹਿ ਕੇ ਦੂਰ ਤੀਕ ਨਿਹਾਰਦਾ ਆਪਣੀ ਨਜ਼ਰ ਨੂੰ ਵਿਸ਼ਾਲਤਾ ਤਾਂ ਅਰਪ ਹੀ ਸਕਦਾ ਹਾਂ।

ਕੀ ਹੋਇਆ ਜੇ ਮੇਰੇ ਰਾਹਾਂ ਵਿਚ ਬੜੇ ਖੱਡੇ ਤੇ ਖਾਈਆਂ ਸਨ ਪਰ ਮੇਰੇ ਪੈਰਾਂ ਨੂੰ ਵੱਜੇ ਠੁੱਡਿਆਂ ਨੇ ਹੀ ਇਨ੍ਹਾਂ ਖੱਡੇ-ਖਾਈਆਂ ਨੂੰ ਪੱਧਰਾ ਕਰਕੇ ਮੇਰੇ ਸਫ਼ਰ ਨੂੰ ਸੁਖਾਵਾਂ ਬਣਾਇਆ।

ਕੀ ਹੋਇਆ ਜੇ ਮੈਂ ਆਪਣੇ ਬਾਪ ਦੇ ਪਰਨੇ ਦੀ ਛਾਂ ਹੇਠ ਤੱਪਦੀ ਦੁਪਿਹਰ ਨੂੰ ਹੰਢਾਇਆ ਪਰ ਮੈਂ ਆਪਣੇ ਬਾਪ ਦੇ ਮੁੜਕੇ ਵਿਚੋਂ ਮੋਤਿਆਂ ਦੀ ਖੇਤੀ ਕਰਕੇ ਬਾਪ ਦੇ ਪਾਟੇ ਪਰਨੇ ਨੂੰ ਪੱਗ ਦੀ ਤਸ਼ਬੀਹ ਦੇ ਸਕਿਆ।

*(ਬਾਕੀ ਅਗਲੇ ਸਫੇ 'ਤੇ)*

---

*(ਪਿਛਲੇ ਸਫੇ ਦਾ ਬਾਕੀ)*

ਅਤੇ ਖੱਬੇ-ਪੱਖੀ ਪਾਰਟੀਆਂ ਸ਼ਾਮਲ ਸਨ- ਨੇ ਇੱਕ ਵਧੇਰੇ ਸੰਤੁਲਿਤ ਸੰਘੀ ਢਾਂਚੇ ਦੀ ਵਕਾਲਤ ਕਰਨ ਲਈ ਇੱਕ ਖਾਕਾ ਤਿਆਰ ਕੀਤਾ।

ਮੌਜੂਦਾ ਰਾਜਨੀਤਕ ਦੌਰ ਵਿਚ ਬਹੁਤ ਸਾਰੀਆਂ, ਖਾਸ ਕਰਕੇ ਖੇਤਰੀ ਪਾਰਟੀਆਂ-ਇੱਕ ਰਾਸ਼ਟਰ, ਇੱਕ ਚੋਣ (one nation-one election (ਜਿਸ ਨੂੰ ਸੰਖੇਪ ਵਿਚ ON-OE ਕਿਹਾ ਜਾਂਦਾ ਹੈ) ਨੂੰ ਵੀ ਭਾਰਤ ਦੇ ਸੰਘਵਾਦ ਲਈ ਇੱਕ ਚੁਣੌਤੀ ਸਮਝਦੀਆਂ ਹਨ। ਉਹ ਕਹਿੰਦੀਆਂ ਹਨ ਕਿ ਇਹ ਭਾਜਪਾ ਦੀ ਵਿਚਾਰਧਾਰਾ ਦੀ extension ਹੀ ਹੈ। ਉਹ ਸਭ ਕੁਝ ਇਕਸਾਰ ਕਰਨ ਲਈ ਸਰਗਰਮ ਹੈ। ਇਕ ਰਾਸ਼ਟਰ, ਇਕ ਰਾਸ਼ਨ ਕਾਰਡ, ਇਕ ਭਾਸ਼ਾ, ਇਕ ਕਾਨੂੰਨ ਆਦਿ ਆਦਿ। ਖੇਤਰੀ ਪਾਰਟੀਆਂ ਮਹਿਸੂਸ ਕਰਦੀਆਂ ਨੇ ਕਿ ਉਨ੍ਹਾਂ ਕੋਲ ਵਿਤੀ ਸਾਧਨਾਂ ਦੀ ਘਾਟ ਹੁੰਦੀ ਹੈ ਤੇ ਰਾਸ਼ਟਰੀ ਪਾਰਟੀਆਂ ਨੂੰ ਇਨ੍ਹਾਂ ਦੀ ਕੋਈ ਕਮੀ ਨਹੀਂ ਹੁੰਦੀ। ਪ੍ਰਚਾਰ ਦੇ ਯੁਗ ਵਿਚ ਉਹ ਇਸ ਪੱਖੋਂ ਮਾਰ ਖਾ ਜਾਣਗੀਆਂ। ਨਾਲੇ ਲੋਕ ਸਭਾ, ਵਿਧਾਨ ਸੰਭਾਵਾਂ, ਗ੍ਰਾਮ ਪੰਚਾਇਤਾਂ, ਨਗਰ ਪਾਲਿਕਾਵਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸਮਿਤੀਆਂ, ਨਗਰ ਨਿਗਮਾਂ ਦੀਆਂ ਇਕ ਸਾਥ ਚੋਣਾਂ ਕਰਵਾਉਣਾ ਕੋਈ ਸੌਖਾ ਕੰਮ ਨਹੀਂ।

ਇੱਕ ਰਾਸ਼ਟਰ, ਇੱਕ ਚੋਣ ਪ੍ਰਸਤਾਵ, ਭਾਜਪਾ ਦੇ 2014 ਦੇ ਚੋਣ ਮੈਨੀਫੈਸਟੋ ਦਾ ਹਿੱਸਾ ਸੀ। ਇਸ ਨੂੰ ਅਗੇ ਤੋਰਦੇ ਹੋਏ 2015 ਦੀ ਸੰਸਦੀ ਸਥਾਈ ਕਮੇਟੀ ਦੀ ਰਿਪੋਰਟ ਆਈ। 2017 ਦੀ ਨੀਤੀ ਆਯੋਗ ਨੀਤੀ ਨੇ ਪੱਤਰ ਜਾਰੀ ਕੀਤਾ ਅਤੇ 2018 ਵਿਚ ਕਾਨੂੰਨ ਕਮਿਸ਼ਨ ਦੁਆਰਾ ਇੱਕ ਡਰਾਫਟ ਰਿਪੋਰਟ ਤਿਆਰ ਕੀਤੀ ਗਈ। ਹਾਲ ਹੀ ਵਿਚ, ਭਾਜਪਾ ਦੇ ਪ੍ਰਸਤਾਵ ਨੂੰ ਭਰੋਸੇਯੋਗਤਾ ਦੇਣ ਲਈ ਗਠਿਤ ਕੋਵਿੰਦ ਕਮੇਟੀ ਨੇ ON-OE ਦਾ ਸਮਰਥਨ ਕਰਨ ਵਾਲੀਆਂ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ। ਹਾਲੇ ਰਾਜਨੀਤਕ ਪਾਰਟੀਆਂ ਦੇ ਮਨ 'ਚ ਬਹੁਤ ਸਾਰੇ ਸ਼ੰਕੇ ਹਨ। ਬਹੁਤ ਸਾਰੇ ਸਵਾਲ ਹਨ ਜਿਨ੍ਹਾਂ ਦੇ ਉੱਤਰ ਅਜੇ ਮਿਲਣੇ ਰਹਿੰਦੇ ਹਨ।

ਸੰਵਿਧਾਨ ਨੇ ਕੇਂਦਰ-ਰਾਜ ਸਬੰਧਾਂ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਅਤੇ ਹੱਲ ਕਰਨ ਲਈ ਵੱਖ-ਵੱਖ ਸੰਸਥਾਵਾਂ ਦੀ ਸਥਾਪਨਾ ਕੀਤੀ ਸੀ, ਜੋ ਸਾਡੀ ਰਾਜਨੀਤੀ ਦੀ ਸੰਘੀ ਭਾਵਨਾ ਦੀ ਰੱਖਿਆ ਕਰਦੀਆਂ ਹਨ। ਅਜਿਹੀਆਂ ਸੰਸਥਾਗਤ ਸੰਸਥਾਵਾਂ ਵਿਚ ਅੰਤਰ-ਰਾਜ ਪ੍ਰੀਸ਼ਦ, ਰਾਸ਼ਟਰੀ ਏਕਤਾ ਪ੍ਰੀਸ਼ਦ, ਰਾਸ਼ਟਰੀ ਵਿਕਾਸ ਪ੍ਰੀਸ਼ਦ (ਐਨਡੀਸੀ), ਨੀਤੀ ਅਯੋਗ, ਵਿੱਤ ਕਮਿਸ਼ਨ, ਅਤੇ ਆਰ ਬੀ ਆਈ ਅਤੇ ਹੋਰ ਵਿੱਤੀ ਸੰਸਥਾਵਾਂ ਦੇ ਬੋਰਡ ਸ਼ਾਮਲ ਹਨ। ਪਰ ਇਹ ਸੰਸਥਾਵਾਂ ਜ਼ਿਆਦਾਤਰ ਕੇਂਦਰ ਸਰਕਾਰ ਦੀ ਮਰਜ਼ੀ ਮੁਤਾਬਕ ਹੀ ਕੰਮ ਕਰਦੀਆਂ ਹਨ, ਸ਼ਕਤੀ ਢਾਂਚੇ ਦਾ ਕੇਂਦਰੀਕਰਨ ਕਰਦੀਆਂ ਹਨ ਅਤੇ ਸਿਫ਼ਾਰਸ਼ਾਂ (recomendations) ਕਰਦੇ ਸਮੇਂ ਰਾਜਾਂ 'ਤੇ ਸ਼ਰਤਾਂ ਲਗਾਉਂਦੀਆਂ ਹਨ। ਖੱਬੇ ਪੱਖੀ ਖੇਮੇ ਦਾ ਕਹਿਣਾ ਹੈ ਕਿ ਸਰੋਤਾਂ ਦਾ ਸੰਤੁਲਨ ਕੇਂਦਰ ਵੱਲ ਨੂੰ ਪੂਰੀ ਤਰ੍ਹਾਂ ਝੁਕ ਗਿਆ ਹੈ। ਇਸ ਖੇਮੇ ਅਨੁਸਾਰ 2019 ਵਿਚ, ਜਦੋਂ ਕਿ ਕੇਂਦਰ ਨੇ ਕੁੱਲ ਟੈਕਸ ਮਾਲੀਏ ਦਾ 62.5 ਪ੍ਰਤੀਸ਼ਤ ਲਿਆ, ਰਾਜਾਂ ਨੂੰ ਸਮੂਹਿਕ ਤੌਰ 'ਤੇ ਸਿਰਫ 37.5 ਪ੍ਰਤੀਸ਼ਤ ਪ੍ਰਾਪਤ ਹੋਇਆ। ਹਾਲਾਂਕਿ, ਰਾਜਾਂ ਅਤੇ ਕੇਂਦਰ ਦੇ ਕੁੱਲ ਖਰਚਿਆਂ ਵਿਚੋਂ, ਰਾਜ ਖਰਚੇ 62.4 ਪ੍ਰਤੀਸ਼ਤ ਤੱਕ ਸਨ। ਇਹ ਵਿੱਤੀ ਅਸੰਤੁਲਨ ਵਧਦਾ ਜਾ ਰਿਹਾ ਹੈ। ਖੱਬੇ ਪੱਖੀ ਪਾਰਟੀਆਂ ਨੇ ਵਿੱਤੀ ਸਾਧਨਾਂ ਦੀ ਵੰਡ 'ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਮੌਜੂਦਾ ਕੇਂਦਰ ਸਰਕਾਰ ਦੇ ਅਧੀਨ ਕੇਂਦਰੀ ਟੈਕਸ ਟ੍ਰਾਂਸਫਰ ਵਿਚ ਰਾਜਾਂ ਦੇ ਹਿੱਸੇ ਵਿਚ ਗਿਰਾਵਟ ਨਾਲ ਇਹ ਅਸੰਤੁਲਨ ਹੋਰ ਵੀ ਵਧ ਗਿਆ ਹੈ।

ਚੌਦਵੇਂ ਵਿੱਤ ਕਮਿਸ਼ਨ ਦੀ ਰਾਜ ਟੈਕਸ ਵੰਡ ਨੂੰ 42 ਪ੍ਰਤੀਸ਼ਤ ਤੱਕ ਵਧਾਉਣ ਦੀ ਸਿਫਾਰਸ਼ ਦੇ ਬਾਵਜੂਦ, ਕੇਂਦਰੀ ਸਪਾਂਸਰਡ ਸਕੀਮਾਂ (CSS) ਲਈ ਵੰਡ ਵਿਚ ਕਟੌਤੀ ਸੰਘੀ ਸਪਿਰਿਟ ਦੇ ਉਲਟ ਵਰਤਾਰਾ ਹੈ। ਇਹ ਪਿਛਲੇ ਸਾਲਾਂ ਦੌਰਾਨ ਕੇਂਦਰੀ ਬਜਟਾਂ ਵਿਚ ਰਾਜਾਂ ਦੇ ਵੰਡਣਯੋਗ ਪੂਲ ਦੇ ਹਿੱਸੇ ਲਈ ਫੰਡਾਂ ਦੀ ਅਲਾਟਮੈਂਟ ਵਿਚ ਕਮੀ ਤੋਂ ਝਲਕਦਾ ਹੈ: ਜਦੋਂ ਕਿ ਇਹ 2017 ਵਿਚ 41.1 ਪ੍ਰਤੀਸ਼ਤ ਸੀ, ਇਹ 2019 ਵਿਚ ਘਟ ਕੇ 32.9 ਪ੍ਰਤੀਸ਼ਤ ਅਤੇ 2023 ਵਿਚ 35.1 ਪ੍ਰਤੀਸ਼ਤ ਹੋ ਗਿਆ। ਕੇਂਦਰ ਦੁਆਰਾ ਮਾਲੀਆ ਜੁਟਾਉਣ ਵਿਚ ਕਮੀ ਦਾ ਇੱਕ ਕਾਰਨ ਵਿਦੇਸ਼ੀ ਅਤੇ ਘਰੇਲੂ ਕਾਰਪੋਰੇਸ਼ਨਾਂ ਦੋਵਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਟੈਕਸ ਕਟੌਤੀਆਂ, ਰਿਆਇਤਾਂ ਅਤੇ ਛੋਟਾਂ ਹਨ। ਇਨ੍ਹਾਂ ਉਪਾਵਾਂ ਨੇ ਰਾਜ ਦੇ ਵਿਤਰਣ ਲਈ ਉਪਲਬਧ ਫੰਡਾਂ ਨੂੰ ਕਾਫ਼ੀ ਘਟਾ ਦਿੱਤਾ ਹੈ। ਇਸ ਤੋਂ ਇਲਾਵਾ, ਕੇਂਦਰ ਦੀ ਗੈਰ-ਵੰਡਣਯੋਗ ਸੈੱਸਾਂ ਅਤੇ ਸਰਚਾਰਜਾਂ 'ਤੇ ਵਧ ਰਹੀ ਨਿਰਭਰਤਾ- 2012 ਵਿਚ 10.4 ਪ੍ਰਤੀਸ਼ਤ ਤੋਂ ਵਧ ਕੇ 2022 ਵਿਚ 18.2 ਪ੍ਰਤੀਸ਼ਤ ਹੋ ਗਈ- ਨੇ ਰਾਜਾਂ ਨਾਲ ਸਾਂਝੇ ਕੀਤੇ ਟੈਕਸ ਮਾਲੀਏ ਦੇ ਸਮੁੱਚੇ ਵੰਡਣਯੋਗ ਪੂਲ ਨੂੰ ਘਟਾ ਦਿੱਤਾ ਹੈ। ਸਿੱਟੇ ਵਜੋਂ, ਕੁੱਲ ਟੈਕਸ ਮਾਲੀਏ ਦੇ ਪ੍ਰਤੀਸ਼ਤ ਵਜੋਂ ਵੰਡਣਯੋਗ ਪੂਲ 2011 ਵਿਚ 88.6 ਪ੍ਰਤੀਸ਼ਤ ਸੀ ਅਤੇ 2021 ਵਿਚ 10 ਅੰਕ ਘਟ ਕੇ 78.9 ਪ੍ਰਤੀਸ਼ਤ ਹੋ ਗਿਆ। ਸਪੈਕਟ੍ਰਮ ਨਿਲਾਮੀਆਂ ਤੋਂ ਅਚਾਨਕ ਲਾਭ, ਨਿਵੇਸ਼ ਅਤੇ ਸੰਪਤੀਆਂ ਦੇ ਮੁਦਰੀਕਰਨ ਤੋਂ ਪ੍ਰਾਪਤ ਆਮਦਨ, ਅਤੇ ਮੁਨਾਫ਼ੇ ਨੂੰ ਵੀ ਰਾਜਾਂ ਨਾਲ ਸਾਂਝਾ ਨਹੀਂ ਕੀਤਾ ਜਾਂਦਾ ਹੈ। ਇਹ ਪਹੁੰਚ ਰਾਜਾਂ ਨੂੰ ਉਪਲਬਧ ਕੇਂਦਰੀ ਮਾਲੀਏ ਦੇ ਹਿੱਸੇ ਨੂੰ ਘਟਾਉਂਦੀ ਹੈ, ਉਨ੍ਹਾਂ ਦੀ ਵਿੱਤੀ ਜਗ੍ਹਾ ਅਤੇ ਖੁਦਮੁਖਤਿਆਰੀ ਨੂੰ ਸੁੰਗੜਦੀ ਹੈ। ਰਾਜ ਸਰਚਾਰਜ ਰਾਹੀਂ ਇਕੱਠੇ ਹੋਏ ਮਾਲੀਏ 'ਚ ਬਰਾਬਰ ਹਿੱਸਾ ਮੰਗ ਰਹੇ ਨੇ।

ਸੂਬਿਆਂ ਦੇ ਉਧਾਰ ਲੈਣ 'ਤੇ ਕੇਂਦਰ ਸਰਕਾਰ ਦੀਆਂ ਪਾਬੰਦੀਆਂ ਤੇਜ਼ ਹੋ ਗਈਆਂ ਹਨ। ਰਾਜਾਂ ਨੂੰ ਹੁਣ ਕੁੱਲ ਬਾਜ਼ਾਰ ਉਧਾਰ ਲੈਣ ਦੇ ਸਿਰਫ ਇੱਕ ਛੋਟੇ ਜਿਹੇ ਹਿੱਸੇ (ਲਗਭਗ 15 ਪ੍ਰਤੀਸ਼ਤ, ਕੇਂਦਰ 85 ਪ੍ਰਤੀਸ਼ਤ ਲੈਂਦਾ ਹੈ) ਦੀ ਆਗਿਆ ਹੈ। 12ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ, ਰਾਜਾਂ 'ਤੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ ਲਾਗੂ ਕਰਨ ਲਈ ਦਬਾਅ ਪਾਇਆ ਗਿਆ, ਜਿਸ ਨਾਲ ਕੁੱਲ ਰਾਜ ਘਰੇਲੂ ਉਤਪਾਦ (GSDP) ਦੇ 3 ਪ੍ਰਤੀਸ਼ਤ ਦੀ ਉਧਾਰ ਸੀਮਾ ਸਵੈ-ਲਾਗੂ ਕੀਤੀ ਗਈ। ਅਸਾਧਾਰਨ ਸਥਿਤੀਆਂ ਵਿਚ ਵੀ ਉਧਾਰ ਲੈਣ 'ਤੇ ਸ਼ਰਤਾਂ ਲਗਾਉਣ ਤੋਂ ਨਹੀਂ ਬਚਿਆ ਜਾਂਦਾ ਹੈ। ਉਦਾਹਰਣ ਵਜੋਂ, 2020 ਵਿਚ, ਕੋਵਿਡ-19 ਮਹਾਂਮਾਰੀ ਦੌਰਾਨ, ਰਾਜਾਂ ਨੂੰ ਆਪਣੇ ਘੰਧਫ ਦਾ 2 ਪ੍ਰਤੀਸ਼ਤ ਵਾਧੂ ਉਧਾਰ ਲੈਣ ਦੀ ਇਜਾਜ਼ਤ ਦਿੱਤੀ ਗਈ ਸੀ ਪਰ ਇਸ ਸ਼ਰਤ 'ਤੇ ਕਿ ਉਹ ਇੱਕ ਰਾਸ਼ਟਰ, ਇੱਕ ਰਾਸ਼ਨ ਕਾਰਡ ਪ੍ਰਣਾਲੀ, ਕਾਰੋਬਾਰ ਕਰਨ ਦੀ ਸੌਖ ਨੀਤੀ (ease of doing business), ਜਨਤਕ ਉਪਯੋਗਤਾ ਅਤੇ ਸ਼ਹਿਰੀ ਸੁਧਾਰਾਂ ਅਤੇ ਬਿਜਲੀ ਖੇਤਰ ਦੇ ਸੁਧਾਰਾਂ ਨੂੰ ਲਾਗੂ ਕਰਨ। ਇੱਕ ਸਮੇਂ ਦੌਰਾਨ, ਖਾਸ ਕਰਕੇ ਪਿਛਲੇ ਦਹਾਕੇ ਵਿਚ, ਰਾਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਦਾ ਬਿਨਾਂ ਸ਼ਰਤ (united grants) ਹਿੱਸਾ ਘਟਦਾ ਜਾ ਰਿਹਾ ਹੈ। 2009 ਵਿਚ, ਇਹ 31.2 ਪ੍ਰਤੀਸ਼ਤ ਸੀ, ਪਰ 2023 ਤੱਕ, ਇਹ ਬਹੁਤ ਘੱਟ ਕੇ 17.4 ਪ੍ਰਤੀਸ਼ਤ ਹੋ ਗਿਆ ਸੀ। ਕੇਂਦਰੀ ਤਨਖਾਹ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਤਨਖਾਹ ਵਾਧੇ ਲਈ ਕੀਤੀਆਂ ਗਈਆਂ ਸਿਫ਼ਾਰਸ਼ਾਂ ਨੇ ਰਾਜਾਂ 'ਤੇ ਹੋਰ ਦਬਾਅ ਪਾਇਆ ਹੈ।

ਵਿੱਤ ਕਮਿਸ਼ਨਾਂ ਨੇ ਵੀ ਰਾਜਾਂ ਲਈ ਫੰਡਾਂ ਵਿਚੋਂ ਹਿਸਾ ਲੈਣ ਲਈ ਸ਼ਰਤਾਂ ਲਗਾਈਆਂ ਜਾਂਦੀਆਂ ਹਨ। ਅਕਸਰ ਰਾਜਾਂ ਨੂੰ ਵਿੱਤੀ ਸਹਾਇਤਾ ਦੇ ਬਦਲੇ ਕੇਂਦਰ-ਨਿਰਦੇਸ਼ਿਤ ਸੁਧਾਰਾਂ ਨੂੰ ਲਾਗੂ ਕਰਨ ਦੀ ਲੋੜ ਹੁੰਦੀ ਹੈ। ਕੇਂਦਰੀ ਯੋਜਨਾਵਾਂ ਅਕਸਰ ਅਜਿਹੀਆਂ ਸ਼ਰਤਾਂ ਰੱਖਦੀਆਂ ਹਨ ਜੋ ਰਾਜਾਂ ਦੀ ਵਿੱਤੀ ਖੁਦਮੁਖਤਿਆਰੀ ਨੂੰ ਸੀਮਤ ਕਰਦੀਆਂ ਹਨ। ਕੇਂਦਰ ਸਰਕਾਰ ਨੇ ਕੇਂਦਰੀ-ਪ੍ਰਯੋਜਿਤ ਯੋਜਨਾਵਾਂ (CSS) ਅਤੇ ਕੇਂਦਰੀ ਖੇਤਰ ਪ੍ਰੋਜੈਕਟਾਂ (CSP) ਦੀ ਇੱਕ ਵਧਦੀ ਗਿਣਤੀ ਪੇਸ਼ ਕੀਤੀ ਹੈ ਜਿਸ ਵਿਚ ਸਖ਼ਤ ਸ਼ਰਤਾਂ ਲਗਾਈਆਂ ਗਈਆਂ ਹਨ। ਕੇਂਦਰ ਇਨ੍ਹਾਂ ਯੋਜਨਾਵਾਂ 'ਤੇ ਰਾਜਾਂ ਦੇ ਖਰਚੇ ਦੇ ਅਨੁਪਾਤ ਨੂੰ ਲਗਾਤਾਰ ਵਧਾ ਰਿਹਾ ਹੈ। ਇਨ੍ਹਾਂ ਯੋਜਨਾਵਾਂ ਨੂੰ ਸਵੀਕਾਰ ਕਰਨਾ ਅਕਸਰ ਰਾਜਾਂ ਨੂੰ ਕੇਂਦਰੀ ਨੀਤੀਆਂ ਨੂੰ ਲਾਗੂ ਕਰਨ ਲਈ ਮਜਬੂਰ ਕਰਦਾ ਹੈ, ਸੁਤੰਤਰ ਪ੍ਰੋਜੈਕਟਾਂ ਅਤੇ ਵਿਕਾਸ ਸੰਬੰਧੀ ਤਰਜੀਹਾਂ ਨੂੰ ਅੱਗੇ ਵਧਾਉਣ ਦੀ ਉਨ੍ਹਾਂ ਦੀ ਆਜ਼ਾਦੀ ਨੂੰ ਸੀਮਤ ਕਰਦਾ ਹੈ।

ਕੇਂਦਰ ਦੇ ਅਕਸਰ ਜ਼ਬਰਦਸਤੀ ਵਾਲੀ ਪਹੁੰਚ ਨੇ ਰਾਜਾਂ ਅਤੇ ਕੇਂਦਰ ਸਰਕਾਰ ਵਿਚਕਾਰ ਅਰਥਪੂਰਨ ਸਲਾਹ-ਮਸ਼ਵਰੇ ਨੂੰ ਘਟਾ ਦਿੱਤਾ ਹੈ, ਜੋ ਕਿ ਵਿੱਤੀ ਸੰਘਵਾਦ ਦੇ ਸਿਧਾਂਤਾਂ ਦੀ ਉਲੰਘਣਾ ਹੈ। ਵਿੱਤ ਕਮਿਸ਼ਨਾਂ ਵਲੋਂ ਫੰਡਾਂ ਦੀ ਵੰਡ ਸੰਬੰਧੀ ਅਪਣਾਇਆ ਜਾਂਦਾ ਫਾਰਮੂਲਾ ਪੰਜਾਬ ਵਰਗੇ ਰਾਜਾਂ, ਜਿਨ੍ਹਾਂ ਪਰਿਵਾਰ ਨਿਜੋਯਨ ਨੂੰ ਸਹੀ ਅਰਥਾਂ 'ਚ ਲਾਗੂ ਕੀਤਾ, ਦੇ ਵਿਰੁੱਧ ਭੁਗਤਦਾ ਹੈ ਕਿਉਂਕਿ ਇਸ ਵਿਚ ਅਬਾਦੀ ਨੂੰ ਕਾਫੀ weightage ਦਿਤੀ ਜਾਂਦੀ ਹੈ।

ਵਸਤੂਆਂ ਅਤੇ ਸੇਵਾਵਾਂ ਟੈਕਸ (GST) ਪ੍ਰਣਾਲੀ ਨੇ ਕੇਂਦਰ ਦਾ ਬਹੁਤ ਜ਼ਿਆਦਾ ਪੱਖ ਲਿਆ ਹੈ। ਰਾਜਾਂ ਦੇ ਮੁਕਾਬਲੇ ਜੀਐਸਟੀ ਕੌਂਸਲ 'ਤੇ ਕੇਂਦਰ ਸਰਕਾਰ ਕੋਲ ਵਧੇਰੇ ਵੋਟਿੰਗ ਅਧਿਕਾਰ ਹਨ, ਜਿਸ ਨਾਲ ਇਹ ਰਾਜ ਦੀਆਂ ਚਿੰਤਾਵਾਂ ਨੂੰ ਓਵਰਰਾਈਡ ਕਰ ਸਕਦਾ ਹੈ। ਜੀਐਸਟੀ ਨੇ ਵਿਰੋਧੀ ਧਿਰ ਦੇ ਸ਼ਾਸਨ ਵਾਲੇ ਰਾਜਾਂ ਦੀ ਕੇਂਦਰ 'ਤੇ ਵਿੱਤੀ ਨਿਰਭਰਤਾ ਨੂੰ ਹੋਰ ਵਧਾ ਦਿੱਤਾ ਹੈ।

ਵਿਚਾਰ -ਵਿਮਰਸ਼ ਤੇ ਸਹਿਯੋਗੀ ਸੰਘਵਾਦ

ਪ੍ਰਚਾਰ ਤਾਂ ਹਮੇਸ਼ਾ consultative, cooperative ਤੇ inclusive ਫੈਡਰਲਿਜ਼ਮ ਦਾ ਕੀਤਾ ਜਾਂਦਾ ਹੈ ਤੇ ਹੁੰਦਾ ਇਸਦੇ ਉਲਟ ਹੈ। ਨੋਟ ਬੰਦੀ ਇਸਦੀ ਵੱਡੀ ਮਿਸਾਲ ਹੈ। ਇਸਨੂੰ ਲਾਗੂ ਕਰਦੇ ਸਮੇਂ ਰਾਜਾਂ ਨੂੰ ਮਾਮੂਲੀ ਭਿਣਕ ਨਹੀਂ ਲੱਗੀ ਹਾਲਾਂਕਿ ਰਾਜਾਂ 'ਤੇ ਇਸਦਾ ਗਹਿਰਾ ਤੇ ਮਾੜਾ ਅਸਰ ਪਿਆ। ਇਸ ਤਰ੍ਹਾਂ ਕੋਵਿਡ ਵੇਲੇ ਪਾਬੰਦੀਆਂ ਲਾਉਂਦੇ ਸਮੇਂ ਵੀ ਰਾਜਾਂ ਨਾਲ ਕੋਈ ਵਿਚਾਰ ਨਹੀਂ ਕੀਤੀ ਗਈ। ਕੋਵਿਡ ਸਮੇਂ ਕੇਂਦਰ ਨੇ ਇਕ ਤਰਫ਼ੇ ਫੈਸਲੇ ਲਏ। ਅਚਾਨਕ ਲੱਗੀਆਂ ਪਾਬੰਦੀਆਂ ਕਾਰਨ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਸੂਬਾ ਸਰਕਾਰਾਂ ਨੂੰ ਕਰਨਾ ਪਿਆ।

ਯੋਜਨਾ ਕਮਿਸ਼ਨ ਨੇ ਯੋਜਨਾ ਗ੍ਰਾਂਟਾਂ ਰਾਹੀਂ ਸਰੋਤਾਂ ਦੀ ਵੰਡ ਕਰਕੇ ਖੇਤਰਾਂ ਅਤੇ ਸਮਾਜਿਕ ਸਮੂਹਾਂ ਵਿਚ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੀ ਸਲਾਹਕਾਰੀ ਪਹੁੰਚ ਨੇ ਰਾਜਾਂ ਨੂੰ ਫੈਸਲੇ ਲੈਣ ਵਿਚ ਕੁਝ ਹੱਦ ਤੱਕ ਭਾਗੀਦਾਰੀ ਦੀ ਆਗਿਆ ਦਿੱਤੀ। ਇਸਦੇ ਭੰਗ ਹੋਣ ਨਾਲ, ਰਾਜ ਹੁਣ ਕੇਂਦਰ ਸਰਕਾਰ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ, ਜੋ ਵਿੱਤ ਮੰਤਰਾਲੇ ਰਾਹੀਂ ਫੰਡਿੰਗ 'ਤੇ ਸਖ਼ਤ ਨਿਯੰਤਰਣ ਵਰਤਦੀ ਹੈ। ਯੋਜਨਾ ਕਮਿਸ਼ਨ ਦੀਆਂ ਸਹਿਯੋਗੀ ਪ੍ਰਕਿਰਿਆਵਾਂ ਦੇ ਉਲਟ, ਨੀਤੀ ਆਯੋਗ ਨੇ ਰਾਜਾਂ ਦੀ ਦਰਜਾਬੰਦੀ ਸੂਚਕ ਅੰਕ ਅਤੇ 'ਕਾਰੋਬਾਰ ਕਰਨ ਵਿਚ ਆਸਾਨੀ' ਢਾਂਚੇ ਵਰਗੀਆਂ ਵਿਧੀਆਂ ਪੇਸ਼ ਕੀਤੀਆਂ ਹਨ। ਇਹ ਵਰਤਾਰਾ ਰਾਜਾਂ ਵਿਚ ਗੈਰ-ਸਮਾਨਤਾ ਅਧਾਰਿਤ ਮੁਕਾਬਲੇ ਨੂੰ ਉਤਸ਼ਾਹਿਤ ਕਰਦੇ ਹਨ, ਉਨ੍ਹਾਂ 'ਤੇ ਨਿਵੇਸ਼ ਆਕਰਸ਼ਿਤ ਕਰਨ ਲਈ ਮੁਕਾਬਲਾ ਕਰਨ ਲਈ ਦਬਾਅ ਪਾਉਂਦੇ ਹਨ। ਇਹ ਨਿੱਜੀ ਖੇਤਰ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਦੇ ਹਨ। ਇਸ ਮੁਕਾਬਲੇ ਵਾਲੇ ਮਾਡਲ ਨੇ ਰਾਜ ਸਰਕਾਰਾਂ ਨੂੰ ਲਚਕਤਾ ਪ੍ਰਦਾਨ ਕਰਨ ਦੀ ਬਜਾਏ ਉਨ੍ਹਾਂ 'ਤੇ ਪਾਬੰਦੀਆਂ ਵਧਾ ਦਿੱਤੀਆਂ ਹਨ।

12ਵੇਂ ਵਿੱਤ ਕਮਿਸ਼ਨ ਨੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ (FRBM) ਲਾਗੂ ਕੀਤਾ, ਜਿਸ ਨਾਲ ਮਾਲੀਆ ਘਾਟੇ ਦੀਆਂ ਗ੍ਰਾਂਟਾਂ ਨੂੰ ਘਾਟੇ ਵਿਚ ਕਮੀ ਨਾਲ ਜੋੜਿਆ ਗਿਆ। ਇਸ ਨੇ ਰਾਜਾਂ ਦੇ ਵਿੱਤੀ ਘਾਟੇ ਨੂੰ ਘੰਧਫ ਦੇ 3 ਪ੍ਰਤੀਸ਼ਤ ਤੱਕ ਸੀਮਤ ਕਰ ਦਿੱਤਾ। ਜਦੋਂ ਕਿ 14ਵੇਂ ਵਿੱਤ ਕਮਿਸ਼ਨ ਨੇ ਰਾਜਾਂ ਨੂੰ ਅਲਾਟ ਕੀਤੇ ਟੈਕਸਾਂ ਦੀ ਪ੍ਰਤੀਸ਼ਤਤਾ ਵਿਚ 10 ਪ੍ਰਤੀਸ਼ਤ ਵਾਧਾ ਕੀਤਾ, ਇਸਨੇ ਕੇਂਦਰੀ ਖੇਤਰ ਜਾਂ ਸਪਾਂਸਰਡ ਸਕੀਮਾਂ ਦੇ ਅਧੀਨ ਗ੍ਰਾਂਟਾਂ ਨੂੰ ਘਟਾ ਦਿੱਤਾ। ਹਾਲ ਹੀ ਵਿਚ, ਤ੍ਰਿਵੇਂਦਰਮ ਵਿਚ ਵਿਰੋਧੀ-ਸ਼ਾਸਿਤ ਰਾਜਾਂ ਦੇ ਵਿੱਤ ਮੰਤਰੀਆਂ ਦੇ ਇੱਕ ਸੰਮੇਲਨ ਨੇ ਸਰੋਤ ਵੰਡ ਵਿਚ ਵਧ ਰਹੇ vertical ਅਸੰਤੁਲਨ ਅਤੇ ਪ੍ਰਸਤਾਵਿਤ ਸੁਧਾਰਾਂ ਬਾਰੇ ਆਪਣੀ ਚਿੰਤਾ ਪ੍ਰਗਟ ਕੀਤੀ:

1. ਟੈਕਸ ਵੰਡ ਵਧਾਓ: ਟੈਕਸ ਵੰਡ ਦਰ ਨੂੰ ਘੱਟੋ-ਘੱਟ 50 ਪ੍ਰਤੀਸ਼ਤ ਤੱਕ ਵਧਾਉਣ ਨਾਲ ਰਾਜਾਂ ਨੂੰ ਆਪਣੀਆਂ ਖਰਚ ਜ਼ਿੰਮੇਵਾਰੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਦੇ ਯੋਗ ਬਣਾਇਆ ਜਾਵੇ।

2. ਸੈੱਸ ਅਤੇ ਸਰਚਾਰਜਾਂ ਵਿਚ ਕਮੀ: ਸੈੱਸ ਅਤੇ ਸਰਚਾਰਜਾਂ ਨੂੰ ਸੀਮਤ ਜਾਂ ਖਤਮ ਕਰਨਾ, ਜਾਂ ਉਨ੍ਹਾਂ ਨੂੰ ਵੰਡਣਯੋਗ ਪੂਲ ਵਿਚ ਸ਼ਾਮਲ ਕਰਨਾ, ਰਾਜਾਂ ਲਈ ਪਹੁੰਚਯੋਗ ਫੰਡਾਂ ਦੇ ਹੋਰ ਸੁੰਗੜਨ ਨੂੰ ਰੋਕੇਗਾ।

3. ਕੇਂਦਰੀ ਸਪਾਂਸਰਡ ਸਕੀਮਾਂ ਵਿਚ ਸੁਧਾਰ: ਇਨ੍ਹਾਂ ਸਕੀਮਾਂ ਲਈ ਸ਼ਰਤਾਂ ਨੂੰ ਸੋਧਣ ਨਾਲ ਰਾਜਾਂ ਨੂੰ ਸਥਾਨਕ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਵਧੇਰੇ ਲਚਕਤਾ ਮਿਲੇਗੀ, ਕੇਂਦਰ 'ਤੇ ਵਿੱਤੀ ਨਿਰਭਰਤਾ ਘਟੇਗੀ।

4. ਸੁਧਾਰੀਆਂ ਗਈਆਂ ਕਰਜ਼ੇ ਦੀਆਂ ਸ਼ਰਤਾਂ: ਰਾਜਾਂ ਨੂੰ ਕੇਂਦਰੀ ਕਰਜ਼ਿਆਂ 'ਤੇ ਵਧੇਰੇ ਅਨੁਕੂਲ ਵਿਆਜ ਦਰਾਂ ਦੀ ਪੇਸ਼ਕਸ਼ ਵਿੱਤੀ ਤਣਾਅ ਨੂੰ ਘਟਾਏਗੀ, ਜਿਸ ਨਾਲ ਉਹ ਤਰਜੀਹੀ ਖੇਤਰਾਂ ਵਿਚ ਫੰਡ ਵੰਡ ਸਕਣਗੇ।

ਜੇਕਰ ਇਨ੍ਹਾਂ ਪ੍ਰਸਤਾਵਾਂ 'ਤੇ ਸਕਾਰਾਤਮਕ ਤੌਰ 'ਤੇ ਵਿਚਾਰ ਕੀਤਾ ਜਾਂਦਾ ਹੈ, ਤਾਂ ਇਹ ਰਾਜ ਸ਼ਾਸਨ ਦੀ ਵਿਵਹਾਰਕਤਾ ਨੂੰ ਵਧਾਉਣਗੇ ਅਤੇ ਸੰਘੀ ਭਾਵਨਾ ਨੂੰ ਮਜ਼ਬੂਤ ਕਰਨਗੇ।

# ਪਤੰਦਰ ਦੇ ਅੰਦਰ ਦਾ ਰਾਜ਼

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕਈ ਵਾਕਿਫ਼ਕਾਰ ਮੈਨੂੰ ਪੁੱਛਦੇ ਰਹਿੰਦੇ ਹਨ ਕਿ ਲੋਕ ਗੱਲਬਾਤ ਵਿਚ ਕਿਸੇ ਬੰਦੇ ਲਈ ਜੋ ਗਾਲ ਜਿਹਾ ਅਪਸ਼ਬਦ 'ਪਤੰਦਰ' ਉਚਾਰਦੇ ਹਨ, ਉਸ ਦੇ ਅਸਲ ਮਾਅਨੇ ਕੀ ਹਨ? ਕੁਝ ਮਿਸਾਲਾਂ ਲੈਂਦੇ ਹਾਂ;'ਇਹ ਨਹੀਂ ਹਟਦੇ ਪਤੰਦਰ ਪੰਗਾ ਲੈਣ ਤੋਂ','ਪਤੰਦਰ ਨੇ ਲਾਇਆ ਸ਼ਾਤਿਰ ਦਿਮਾਗ, ਆਹ ਦੇਖੋ ਕਿੱਥੇ ਲੁਕੋ ਕੇ ਲਿਆ ਰਿਹਾ ਸੀ ਐਨਾ ਸੋਨਾ', 'ਵੇ ਪਤੰਦਰਾ ਜੇ ਸ਼ਕਲ ਨੀ ਚੰਗੀ ਤਾਂ ਗੱਲ ਤਾਂ ਚੰਗੀ ਕਰ'। ਸਵਾਲ ਹੈ, ਕੀ ਪਤੰਦਰ ਕਹਿਣਾ ਕੋਈ ਗਾਲ ਹੈ? ਗਾਲ ਇੱਕ ਜਾਂ ਇੱਕ ਤੋਂ ਵੱਧ ਸ਼ਬਦਾਂ ਵਾਲੇ ਅਜਿਹੇ ਚੁੱਭਵੇਂ ਸਬੰਧਕੀ ਬੋਲ ਹੁੰਦੇ ਹਨ ਜੋ ਕਿਸੇ ਦੀ ਇੱਜ਼ਤ ਨੂੰ ਠੇਸ ਪਹੁੰਚਾਉਣ ਜਾਂ ਹੈਸੀਅਤ ਨੂੰ ਨੀਚਾ ਦਿਖਾਉਣ ਦੀ ਨੀਅਤ ਨਾਲ ਬੋਲੇ ਜਾਂਦੇ ਹਨ। ਸਾਡੀਆਂ ਬਹੁਤੀਆਂ ਗਾਲਾਂ ਸਾਡੇ ਖੂਨ ਦੀਆਂ ਰਿਸ਼ਤੇਦਾਰਨਾਂ ਵੱਲ ਸੇਧਿਤ ਹੁੰਦੀਆਂ ਹਨ ਜੋ ਉਨ੍ਹਾਂ ਦੀ ਲੈਂਗਿਕਤਾ 'ਤੇ ਵਾਰ ਕਰਦੀਆਂ ਹਨ। ਇਸ ਪ੍ਰਸੰਗ ਵਿਚ ਸ਼ਿੱਦਤ ਦੇ ਪੱਖੋਂ ਦੋ ਤਰ੍ਹਾਂ ਦੀਆਂ ਗਾਲਾਂ ਹੋ ਸਕਦੀਆਂ ਹਨ: ਅਤਿ ਸ਼ਿੱਦਤ ਵਾਲੀਆਂ ਗਾਲਾਂ ਉਹ ਹਨ ਜਿਨ੍ਹਾਂ ਨੂੰ ਅਸੀਂ ਗੰਦੀਆਂ ਗਾਲਾਂ ਕਹਿੰਦੇ ਹਾਂ, ਇਨ੍ਹਾਂ ਵਿਚ ਧੀ ਭੈਣ ਇੱਕ ਕੀਤੀ ਜਾਂਦੀ ਹੈ ਤੇ ਜਿਨ੍ਹਾਂ ਦੀ ਮੇਰੇ ਖਿਆਲ ਵਿਚ ਮਿਸਾਲ ਦੇਣ ਦੀ ਲੋੜ ਨਹੀਂ। ਦੂਜੀਆਂ ਨੂੰ ਘੱਟ ਸ਼ਿੱਦਤ ਵਾਲੀਆਂ ਕਹਿ ਸਕਦੇ ਹਾਂ। ਹੁੰਦੀਆਂ ਤਾਂ ਉਹ ਵੀ ਗਾਲ ਦੇ ਸ਼ਿਕਾਰ ਦੀਆਂ ਨਜ਼ਦੀਕੀ ਇਸਤਰੀਆਂ ਵੱਲ ਹੀ ਸੇਧਿਤ ਹਨ ਪਰ ਉਨ੍ਹਾਂ ਵਿਚ ਸਿੱਧੇ ਤੌਰ 'ਤੇ ਕਾਮੁਕਤਾ ਦਾ ਉਜੱਡ ਇਜ਼ਹਾਰ ਨਹੀਂ ਹੁੰਦਾ। ਮਿਸਾਲ ਵਜੋਂ ਹਰਾਮਜ਼ਾਦਾ, ਸਾਲਾ, ਮਾਮਾ, ਸਹੁਰਾ, ਸੌਂਕਣ, ਕੁਲਗਦਾ, ਲੁੱਚਾ, ਕੰਜਰ ਆਦਿ। ਕੁਝ ਗਾਲਾਂ ਮਲ ਵੱਲ ਸੰਕੇਤਕ ਹੁੰਦੀਆਂ ਹਨ ਜਿਵੇਂ, ਗੂੰਹ-ਖਾਹ। ਕੁੱਤਾ, ਬਾਂਦਰ, ਗਧਾ, ਉੱਲੂ ਆਦਿ ਜਾਨਵਰ ਜਾਂ ਲੂਲਾ, ਲੰਗੜਾ, ਅੰਨ੍ਹਾ ਆਦਿ ਸਰੀਰਕ ਕੱਜ ਵੱਲ ਇਸ਼ਾਰਾ ਕਰਨ ਵਾਲੇ ਬੋਲ ਵੀ ਘੱਟ ਮਾਰੂ ਨਹੀਂ ਹੁੰਦੇ। ਕਿਸੇ ਕਥਿਤ ਨਿਮਨ ਜਾਤੀ ਦੇ ਵਿਅਕਤੀ ਨੂੰ ਉਸ ਦੀ ਜਾਤ ਦਾ ਨਾਂ ਲੈ ਕੇ ਬੁਲਾਉਣਾ ਵੀ ਬਹੁਤ ਵੱਡੀ ਗਾਲ ਸਮਝੀ ਜਾਂਦੀ ਹੈ।

ਸਭ ਤਰ੍ਹਾਂ ਦੀਆਂ ਗਾਲਾਂ ਦਾ ਪ੍ਰਹਾਰ ਘੱਟ ਜਾਂ ਵੱਧ ਹੋ ਸਕਦਾ ਹੈ, ਸਵਾਲ ਇਹ ਹੈ ਕਿ ਉਹ ਕਿਸ ਲਹਿਜੇ, ਪ੍ਰਸੰਗ ਜਾਂ ਅੰਦਾਜ਼ ਵਿਚ ਕੱਢੀਆਂ ਗਈਆਂ ਹਨ। ਪਿਆਰ ਨਾਲ ਕੱਢੀ ਗੰਦੀ ਤੋਂ ਗੰਦੀ ਗਾਲ ਦਾ ਵੀ ਕੋਈ ਗੁੱਸਾ ਨਹੀਂ ਕਰਦਾ। ਕਈ ਵਿਅਕਤੀਆਂ ਦਾ ਤਾਂ ਤਕੀਆ ਕਲਾਮ ਹੀ ਗਾਲ ਬਣ ਜਾਂਦਾ ਹੈ। ਕੋਈ ਮਾਨਸਿਕ ਸੰਤਾਪ ਭੋਗਦੇ ਕਈ ਲੋਕ ਆਪਣੇ ਆਪ ਨੂੰ ਵੀ ਗਾਲ ਕੱਢ ਕੇ ਹੀ ਗੱਲ ਕਰਦੇ ਹਨ। ਸੱਚ ਤਾਂ ਇਹ ਹੈ ਕਿ ਸਮਾਜਕ ਜਾਂ ਵਿਅਕਤੀਗਤ ਆਦਤ ਬਣ ਚੁੱਕੀਆਂ ਗਾਲਾਂ ਨੂੰ ਸ਼ਾਇਦ ਗਾਲਾਂ ਦੀ ਕੋਟੀ ਵਿਚ ਰੱਖਣਾ ਵੀ ਉਚਿਤ ਨਹੀਂ ਹੋਵੇਗਾ ਕਿਉਂਕਿ ਕਿਸੇ ਵੀ ਬੋਲ-ਕੁਬੋਲ ਪਿੱਛੇ ਮਨਸ਼ਾ ਵੀ ਦੇਖਿਆ ਜਾਣਾ ਚਾਹੀਦਾ ਹੈ। ਮੈਂ ਤਾਂ ਕਈ ਵੱਡੇ ਲੀਡਰਾਂ ਨੂੰ ਵੀ ਅਜਿਹੇ ਤਕੀਏ ਕਲਾਮ ਵਰਤਦਿਆਂ ਦੇਖਿਆ ਸੁਣਿਆ ਹੈ। ਇਕ ਹੋਰ ਤਰ੍ਹਾਂ ਦੇ ਸ਼ਬਦ ਹਨ ਜੋ ਕਿਸੇ ਵੇਲੇ ਹਰਾਮੀ, ਸਾਲਾ, ਦਾਦੇ ਮਹਿਗਿਆ ਵਾਂਗ ਗਾਲ ਵਾਂਗ ਵਰਤੇ ਜਾਂਦੇ ਰਹੇ ਸਨ ਪਰ ਹੌਲੀ-ਹੌਲੀ ਲੋਕ ਉਨ੍ਹਾਂ ਦੇ ਅਸਲ ਅਰਥ ਭੁੱਲ ਗਏ ਤੇ ਇਹ ਸ਼ਬਦ ਗਾਲ ਨਾ ਹੋ ਕੇ ਕਿਸੇ ਪ੍ਰਤੀ ਇੱਕ ਤਰ੍ਹਾਂ ਦਾ ਨਿੰਦਾਵਾਚਕ ਇਜ਼ਹਾਰ ਹੀ ਬਣ ਕੇ ਰਹਿ ਗਏ। ਸਮੇਂ ਦੇ ਗੇੜ ਨਾਲ ਕਈ ਸ਼ਬਦ ਆਪਣੇ ਮੁਢਲੇ ਅਰਥਾਂ ਤੋਂ ਸੱਖਣੇ ਹੋ ਜਾਂਦੇ ਹਨ। ਇਸ ਪ੍ਰਕਿਰਿਆ ਨੂੰ ਅਸੀਂ ਅਰਥ-ਅਲੋਪਣ ਕਹਿ ਸਕਦੇ ਹਾਂ। ਬਹੁਤ ਥੋੜ੍ਹੇ ਲੋਕ ਜਾਣਦੇ ਹਨ ਕਿ 'ਤੇਰੇ ਦਾਦੇ ਮਹੱਗਿਆ' ਦਾ ਸੰਪੂਰਨ ਰੂਪ 'ਤੇਰੇ ਦਾਦੇ ਦੇ ਮੂੰਹ ਵਿਚ ਹੱਗਿਆ' ਹੈ। ਢੂੰਡ ਸ਼ਬਦ ਇਸੇ ਕੋਟੀ ਵਿਚ ਆ ਰਿਹਾ ਹੈ। ਪਤੰਦਰ ਵੀ ਕੁਝ ਅਜਿਹਾ ਹੀ ਸ਼ਬਦ ਹੈ ਜੋ ਕਿਸੇ ਵੇਲੇ ਗਾਲ ਵਜੋਂ ਵਰਤਿਆ ਜਾਂਦਾ ਰਿਹਾ ਹੈ ਪਰ ਹੌਲੀ-ਹੌਲੀ ਆਪਣੀ ਟੀਸ ਖੁੰਢੀ ਕਰਵਾ ਬੈਠਾ। ਮੈਂ ਦੇਖਿਆ ਕਿ ਕਈ ਕੋਸ਼ਾਂ ਅਤੇ ਹੋਰ ਸ੍ਰੋਤਾਂ ਵਿਚ ਇਸ ਦੇ ਅਰਥਾਂ ਬਾਰੇ ਚੋਖਾ ਭੰਬਲਭੂਸਾ ਹੈ। ਅੱਜ ਕਲ੍ਹ ਇਹ ਸ਼ਬਦ ਮੁੱਖ ਤੌਰ 'ਤੇ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਆਪਣੇ ਆਪ ਦਾ



ਵਿਖਾਵਾ ਤਾਂ ਬਹੁਤ ਸਿਆਣਾ, ਚਤੁਰ, ਹੁਸ਼ਿਆਰ, ਚਲਾਕ, ਅਸਾਧਾਰਨ ਜਾਂ ਪੰਗੇਬਾਜ਼ ਹੋਣ ਦਾ ਕਰਦਾ ਹੈ ਪਰ ਵਿਹਾਰਕ ਰੂਪ ਵਿਚ ਕਈ ਵਾਰੀ ਇਸ ਤੋਂ ਪੁੱਠਾ ਸਾਬਤ ਹੁੰਦਾ ਹੈ। ਇਸ ਦਾ ਇੱਕ ਹੋਰ ਅਰਥ ਬਜ਼ੁਰਗ ਜਾਂ ਵਡੇਰਾ ਵੀ ਲਿਆ ਜਾਂਦਾ ਹੈ, ਬਲਕਿ ਕਈ ਕੋਸ਼ਾਂ ਵਿਚ ਏਹੀ ਮੁੱਖ ਅਰਥ ਹੈ। ਸਪੱਸ਼ਟ ਹੈ ਕਿ ਏਥੇ ਵੀ ਇੱਕ ਵਿਅੰਗ ਜਿਹੇ ਭਾਵ ਵਿਚ ਹੀ ਕਿਸੇ ਨੂੰ ਬਜ਼ੁਰਗੀ ਦਾ ਰੁਤਬਾ ਦਿੱਤਾ ਹੈ। ਸ਼ਾਇਦ ਵੱਡਾ ਤੋਂ ਵਡੇਰਾ, ਲੰਬਾ ਤੋਂ ਲੰਬੇਰਾ, ਮਤ ਤੋਂ ਮਤਾਂਤਰ ਦੀ ਤਰਾਂ ਪਤੰਦਰ ਨੂੰ ਪਿਤਾ ਦਾ ਦੂਜੀ ਡਿਗਰੀ ਦਾ ਸ਼ਬਦ ਸਮਝਿਆ ਗਿਆ ਹੈ ਪਰ ਅਜਿਹਾ ਨਹੀਂ ਹੈ। ਜਦੋਂ ਕਿਹਾ ਜਾਂਦਾ ਹੈ ਕਿ 'ਪਤੰਦਰਾ ਆਹ ਕੰਮ ਕਰ ਲਾ' ਤਾਂ ਇਸ ਤੋਂ ਭਾਵ ਹੈ ਕਿ ਆਪਣੇ ਨੂੰ ਵੱਡਾ ਸਮਝਣ ਵਾਲਿਆ ਇਹ ਕਰਨ-ਗੋਚਰਾ ਕੰਮ ਕਰ ਲੈ। ਆਮ ਤੌਰ 'ਤੇ ਉਮਰ ਵਿਚ ਤਜਰਬੇ ਕਾਰਨ ਵੱਡਾ ਵਿਅਕਤੀ ਹੀ ਸਿਆਣਾ, ਅਕਲਮੰਦ ਤੇ ਫਿਰ ਚੁਸਤ-ਚਲਾਕ ਹੁੰਦਾ ਹੈ।

ਸਾਡੇ ਸਮਾਜ ਵਿਚ ਵਿਧਵਾ ਔਰਤਾਂ ਦੇ ਪੁਨਰ-ਵਿਆਹ ਦਾ ਬਹੁਤਾ ਰਿਵਾਜ ਨਹੀਂ ਸੀ ਪਰ ਜਦ ਹੁੰਦਾ ਵੀ ਸੀ ਤਾਂ ਅਕਸਰ ਘਰ ਵਿਚ ਹੀ ਦਿਉਰ, ਜੇਠ ਜਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨਾਲ ਚਾਦਰ ਪਾ ਦਿੱਤੀ ਜਾਂਦੀ ਸੀ। ਇਹ ਰਸਮ ਕਰੇਵਾ ਕਹਾਉਂਦੀ ਸੀ। ਸਮਾਜ ਤੋਂ ਹਟਵੀਂ ਪਰਿਪਾਟੀ ਵਿਚ ਕੀਤੇ ਹੋਣ ਕਾਰਨ ਅਜਿਹੇ ਵਿਆਹ ਸਬੰਧ ਨੂੰ ਕੈਰੀ ਨਿਗਾਹ ਨਾਲ ਦੇਖਿਆ ਜਾਂਦਾ ਸੀ। ਇਹ ਨਵਾਂ ਪਤੀ ਹੀ ਪਤੰਦਰ ਕਹਾਉਂਦਾ ਸੀ। ਇਸ ਸ਼ਬਦ ਵਿਚ ਕੁਝ ਹਿਕਾਰਤ ਦੇ ਭਾਵ ਵੀ ਆ ਗਏ ਹਨ। ਪਤੰਦਰ-ਰਿਸ਼ਤੇ ਬਾਰੇ ਆਮ ਸਮਝ ਵਿਚ ਇਸ ਗੱਲੋਂ ਸ਼ੰਕਾ ਹੈ ਕਿ ਇਹ ਨਵਾਂ ਵਰਿਆ ਸ਼ਖ਼ਸ ਪਤਨੀ ਦੇ ਪਹਿਲੇ ਵਿਆਹ ਵਿਚੋਂ ਹੋਈ ਸੰਤਾਨ ਦਾ ਪਤੰਦਰ ਲਗਦਾ ਹੈ ਜਾਂ ਪਤਨੀ ਦਾ। 'ਮਹਾਨ ਕੋਸ਼' ਅਨੁਸਾਰ ਪਤੰਦਰ ਹੈ ਔਰਤ ਦਾ ਦੂਜਾ ਪਤੀ, '1. ਪਤਿ-ਅੰਤਰ, ਹੋਰ ਪਤਿ, ਮੱਲੋ ਮੱਲੀ ਬਣਿਆ ਪਤਿ, 2. ਜਾਰ, ਵਿਭਚਾਰੀ'। ਸੁਭਾਵਕ ਹੈ ਕਿ ਪਤੀ ਦੇ ਮਰ ਜਾਣ ਪਿੱਛੋਂ ਵਿਧਵਾ ਲਈ ਰੰਡੇਪਾ ਕੱਟਣਾ ਮੁਸ਼ਕਿਲ ਹੋ ਜਾਂਦਾ ਹੈ ਇਸ ਲਈ ਜੀਵਨ ਨਿਰਬਾਹ ਅਤੇ ਕਾਮ ਪੂਰਤੀ ਲਈ ਉਹ ਕਿਸੇ ਹੋਰ ਨਾਲ ਸਬੰਧ ਬਣਾ ਲੈਂਦੀ ਹੈ ਤੇ ਬਾਅਦ ਵਿਚ ਭਾਵੇਂ ਉਸੇ ਨਾਲ ਸਮਾਜਕ ਵਿਆਹ ਵੀ ਰਚਾ ਲੈਂਦੀ ਹੈ ਪਰ ਲੋਕਾਚਾਰ ਦੋਵਾਂ ਨੂੰ ਬਰਾਬਰ ਇੱਜ਼ਤ ਦੀਆਂ ਨਜ਼ਰਾਂ ਨਾਲ ਨਹੀਂ ਦੇਖਦਾ। ਪਤੰਦਰ ਵਿਚ ਵਿਭਚਾਰੀ ਜਿਹਾ ਭਾਵ ਵੀ ਅਜਿਹੇ ਸਬੰਧ ਕਾਰਨ ਹੀ ਆਇਆ ਕਿਉਂਕਿ ਸਮਾਜ ਇਸ ਰਿਸ਼ਤੇ ਪ੍ਰਤੀ ਸਹਿਜ ਭਾਵ ਨਹੀਂ ਰੱਖਦਾ।

ਕੁਝ ਵੀ ਹੋਵੇ, ਸ਼ਾਬਦਿਕ ਤੌਰ 'ਤੇ ਪਤੰਦਰ-ਰਿਸ਼ਤਾ ਵਾਸਤਵ ਵਿਚ ਪਤਨੀ ਦੇ ਪਹਿਲੇ ਪਤੀ ਦੀ ਸੰਤਾਨ ਦੇ ਨਜ਼ਰੀਏ ਤੋਂ ਹੈ ਨਾ ਕਿ ਪਤਨੀ ਦੇ ਨਜ਼ਰੀਏ ਤੋਂ। ਦੂਜੇ ਸ਼ਬਦਾਂ ਵਿਚ ਨਵਾਂ ਪਤੀ ਮਾਂ ਲਈ ਨਹੀਂ ਬਲਕਿ ਉਸ ਦੀ ਸੰਤਾਨ ਲਈ ਪਤੰਦਰ ਹੈ। ਸੋ ਪਤੰਦਰ ਦਾ ਸਹੀ ਸਮਾਨਅਰਥਕ ਸ਼ਬਦ ਮਤਰੇਆ ਪਿਉ ਹੈ। ਇੱਕ ਲੋਕ ਗੀਤ ਦੇ ਬੋਲ ਸ਼ਾਅਦੀ ਭਰਦੇ ਹਨ, 'ਮਾਂ ਮਤਰੇਈ ਤੇ ਪਿਉ ਪਤੰਦਰ'। 'ਪਤੰਦਰ' ਸਮਾਸ ਦਾ ਨਿਖੇੜਾ ਪਿਦਰ+ਅੰਦਰ ਵਜੋਂ ਦਰੁਸਤ ਹੈ ਜਿਸ ਵਿਚ ਪਿਦਰ ਅਤੇ ਅੰਦਰ ਫਾਰਸੀ ਦੇ ਸ਼ਬਦ ਹਨ: ਪਿਦਰ =ਪਿਤਾ ਅਤੇ ਅੰਦਰ = ਦੂਜਾ, ਹੋਰ- ਸੋ ਪੂਰਾ ਅਰਥ ਬਣਿਆ 'ਦੂਜਾ ਪਿਉ'। ਇਹ ਵਿਉਤਪਤੀ ਇਸ ਤੱਥ ਤੋਂ ਵੀ ਪ੍ਰਮਾਣਤ ਹੋ ਜਾਂਦੀ ਹੈ ਕਿ ਸੰਸਕ੍ਰਿਤ ਵਿਚ ਵੀ ਮਤਰੇਅ ਪਿਤਾ ਲਈ 'ਪਿਤ੍ਰਅੰਤਰ' ਸ਼ਬਦ ਮੌਜੂਦ ਹੈ ਜਿਸ ਵਿਚ ਪਿਤ੍ਰ ਦਾ ਅਰਥ ਪਿਤਾ ਹੈ ਅਤੇ ਅੰਤਰ ਦਾ ਅੰਦਰ, ਹੋਰ, ਦੂਜਾ। ਪਿਦਰ/ਪਿਤਰ ਤੇ ਪਤੀ ਸ਼ਬਦਾਂ ਵਿਚ ਧੁਨੀ ਦੀ ਸਮਾਨਤਾ ਹੋਣ ਕਰਕੇ ਇਹ ਘਚੋਲਾ ਪਿਆ ਲਗਦਾ ਹੈ। ਏਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪਤੰਦਰ ਦਰਅਸਲ ਸਾਲਾ, ਜਵਾਈ, ਸਹੁਰਾ ਵਾਂਗ ਇੱਕ ਰਿਸ਼ਤਾ ਹੈ, ਪਿਤਾ ਦੀ ਤਰ੍ਹਾਂ ਸੰਬੋਧਨੀ ਸ਼ਬਦ ਨਹੀਂ। ਮਤਰੇਅ ਬੱਚੇ ਆਪਣੇ ਨਵੇਂ ਪਿਤਾ ਨੂੰ ਪਤੰਦਰ ਨਹੀਂ ਬਲਕਿ ਪਿਤਾ, ਭਾਪਾ, ਭਾਈਆ, ਬਾਪੂ ਆਦਿ ਹੀ ਕਹਿੰਦੇ ਹੋਣਗੇ, ਭਾਵੇਂ ਝਿਜਕ ਨਾਲ ਹੀ। ਇਸ ਵਿਉਤਪਤੀ ਨੂੰ ਇਸ ਗੱਲੋਂ ਹੋਰ ਬਲ ਮਿਲਦਾ ਹੈ ਕਿ ਫਾਰਸੀ ਵਿਚ ਮਤਰੇਅ ਰਿਸ਼ਤਾ ਦਰਸਾਉਣ ਲਈ ਪਿਛੇਤਰ ਵਜੋਂ ਅੰਦਰ ਸ਼ਬਦ ਸਿਰਫ਼ ਪਿਦਰ ਨਾਲ ਹੀ ਨਹੀਂ ਲਗਦਾ ਬਲਕਿ ਮਾਦਰ, ਬਿਰਾਦਰ, ਖ਼ਵਾਹਰ ਦੇ ਨਾਲ ਵੀ ਲਗਦਾ ਹੈ। ਇਸ ਪ੍ਰਕਾਰ 'ਬਰਾਦਰ ਅੰਦਰ' = ਮਤਰੇਆ ਭਰਾ, 'ਖ਼ਵਾਰ ਅੰਦਰ' = ਮਤਰੇਈ ਭੈਣ, 'ਮਾਦਰ ਅੰਦਰ' = ਮਤਰੇਈ ਮਾਂ। ਇਹ ਤਾਂ ਦੱਸਣ ਦੀ ਲੋੜ ਨਹੀਂ ਕਿ ਮਤਰੇਆ ਪਤੀ ਜਾਂ ਪਤਨੀ ਨਹੀਂ ਹੋ ਸਕਦੇ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਮਤਰੇਅ ਪਿਉ ਦਾ ਆਪਣੀ ਮਤਰੇਈ ਸੰਤਾਨ ਨਾਲ ਖੂਨੀ ਰਿਸ਼ਤਾ ਨਾ ਹੋਣ ਕਰਕੇ ਉਹ ਉਨ੍ਹਾਂ ਦੀ ਪਾਲਣ-ਪੋਸ਼ਣ ਵਿਚ ਲਾਪਰਵਾਹੀ ਵਰਤਦਾ ਹੋਵੇਗਾ। ਖੁਦ ਮਾਂ ਵੀ ਆਪਣੇ ਨਵੇਂ ਪਤੀ ਤੋਂ ਆਪਣੇ ਬੱਚਿਆਂ ਪ੍ਰਤੀ ਘਣੇ ਪਿਆਰ ਭਾਵਾਂ ਦੀ ਆਸ ਨਹੀਂ ਰਖਦੀ ਹੋਵੇਗੀ। ਇਸ ਲਈ ਪਤੰਦਰ ਸ਼ਬਦ ਕੋਈ ਸਤਿਕਾਰ ਨਾਲ ਨਹੀਂ ਬੋਲਿਆ ਜਾਂਦਾ, ਇਸ ਵਿਚ ਕੁਝ ਕਟਾਖਸ਼ ਦੀ ਮਿਸ ਹੈ। ਇਹ ਵੀ ਸੱਚ ਹੈ ਕਿ ਦੂਜੇ ਵਿਆਹ ਪਿੱਛੋਂ ਪਹਿਲੀ ਸੰਤਾਨ ਦੋਵਾਂ ਵਲੋਂ ਰੁਲ ਜਾਂਦੀ ਹੈ।

ਪਤੰਦਰ ਦੇ ਸ਼ਾਬਦਿਕ ਅਰਥਾਂ ਬਾਰੇ ਕੁਝ ਸ੍ਰੋਤਾਂ ਵਿਚ ਹੋਰ ਤਰ੍ਹਾਂ ਦੇ ਭੰਬਲਭੂਸੇ ਵੀ ਹਨ। ਇਕ ਹਿੰਦੀ ਸ੍ਰੋਤ ਅਨੁਸਾਰ ਇਸ ਦਾ ਮੁਢਲਾ ਫਾਰਸੀ ਰੂਪ ਪਦੰਦਰ ਹੈ ਜਿਸ ਵਿਚ ਪਦ ਸ਼ਬਦ ਦਾ ਅਰਥ ਸਥਿਤੀ ਹੈ, ਸੋ ਪਦੰਦਰ ਦਾ ਅਰਥ ਬਣਿਆ 'ਸਥਿਤੀ ਅੰਦਰ ਰਹਿੰਦਿਆਂ, ਕਿਸੇ ਦੇ ਪ੍ਰਭਾਵ ਅਧੀਨ ਰਹਿੰਦਿਆਂ, ਅਨੁਯਾਈ'। ਕਿਆ ਹਾਸੋ-ਹੀਣੀ ਵਿਆਖਿਆ ਹੈ। ਇਕ ਕੋਸ਼ ਵਿਚ ਇਹ ਤਾਂ ਠੀਕ ਦੱਸਿਆ ਹੈ ਕਿ ਪਤੰਦਰ ਮਤਰੇਆ ਪਿਉ ਹੈ ਪਰ ਲੇਖਕ ਇਸ ਗੱਲੋਂ ਜਾਣੂ ਨਹੀਂ ਕਿ ਇਸ ਸ਼ਬਦ ਵਿਚ ਕਿਹੜਾ ਸ਼ਬਦ ਪਿਤਾ ਦਾ ਅਰਥਾਵਾਂ ਹੈ। ਉਸ ਅਨੁਸਾਰ ਵਿਧਵਾ ਔਰਤ ਘਰ ਦੀ ਪਤਘਰ ਅੰਦਰ ਹੀ ਰੱਖਣ ਲਈ ਨੇੜਲੇ ਰਿਸ਼ਤੇ ਵਿਚ ਵਿਆਹ ਕਰ ਲੈਂਦੀ ਸੀ। ਸਪੱਸ਼ਟ ਹੈ ਕਿ ਏਥੇ ਪਤੰਦਰ ਵਿਚਲੇ ਅੰਸ਼ 'ਪਤ' ਨੂੰ ਪਿਤਾ ਨਹੀਂ ਬਲਕਿ ਗਲਤ ਤੌਰ 'ਤੇ ਇੱਜ਼ਤ ਦੇ ਅਰਥਾਂ ਨਾਲ ਜੋੜਿਆ ਗਿਆ ਹੈ। ਇਹ ਵੀ ਸੱਚ ਹੈ ਕਿ ਬਹੁਤ ਸਾਰੇ ਵਿਦਵਾਨ ਪਤੀ ਸ਼ਬਦ ਨੂੰ ਵੀ ਇੱਜ਼ਤ ਦੇ ਅਰਥਾਂ ਵਾਲੇ ਪਤ ਨਾਲ ਜੋੜਦੇ ਹਨ ਮਤਲਬ ਪਤੀ ਉਹ ਹੈ ਜੋ ਘਰ ਦੀ ਪਤ ਰੱਖਦਾ ਹੋਵੇ। ਦੰਪਤੀ ਵਾਲੇ ਲੇਖ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ। ਕੁਝ ਲੋਕ ਇਸ ਸ਼ਬਦ ਵਿਚ ਦੂਜੇ ਪਤੀ ਜਾਂ ਪਿਤਾ ਦੇ ਭਾਵ ਹੋਣ ਕਾਰਨ ਇਸ ਨੂੰ ਵਰਤਣ ਤੋਂ ਗੁਰੇਜ਼ ਕਰਨ ਲਈ ਆਖਦੇ ਹਨ। ਅਨੇਕਾਂ ਸ਼ਬਦਾਂ ਦੇ ਧੁਰ ਪਿਛੋਕੜ ਵਿਚ ਅਜਿਹੇ ਭਾਵ ਮਿਲਦੇ ਹਨ ਜੋ ਅੱਜ ਕੱਲ੍ਹ ਦੇ ਜੀਵਨ ਮੁੱਲਾਂ ਨਾਲ ਮੇਲ ਨਹੀਂ ਖਾਂਦੇ। ਪਰ ਜੇ ਉਹ ਭਾਵ ਹੁਣ ਭੁੱਲ-ਵਿਸਰ ਗਏ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਇਹ ਸ਼ਬਦ ਵਰਤਣੋਂ ਗੁਰੇਜ਼ ਕਰੀਏ। ਔਰਤ ਸ਼ਬਦ ਵਿਚ ਮੁਢਲੇ ਤੌਰ 'ਤੇ ਨੰਗੇਜ ਦਾ ਭਾਵ ਹੁੰਦਾ ਹੈ ਜੋ ਹੁਣ ਨਹੀਂ ਰਿਹਾ ਪਰ ਇਸ ਕਾਰਨ ਇਸ ਸ਼ਬਦ ਦੀ ਵਰਤੋਂ ਛੱਡ ਨਹੀਂ ਦੇਣੀ ਚਾਹੀਦੀ। ਪਤਨੀ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਵਾਇਫ਼ ਦੇ ਵੀ ਪਰਾਚੀਨ ਅਰਥ ਤਵਾਇਫ਼ ਵਾਲੇ ਸਨ।

'ਪਿਦਰ' ਤੇ 'ਅੰਦਰ' ਸ਼ਬਦਾਂ ਬਾਰੇ ਸੰਖੇਪ ਚਰਚਾ ਵੀ ਥਾਂ ਸਿਰ ਹੈ। ਦੋਵੇਂ ਸ਼ਬਦ ਭਾਰੋਪੀ ਖਾਸੇ ਵਾਲੇ ਹਨ। ਮਿਸਾਲ ਵਜੋਂ ਪਿਤਾ ਦੇ ਅਰਥਾਂ ਵਾਲੇ ਅੰਗਰੇਜ਼ੀ ਫ਼ਾਦਰ, ਡੱਚ ਵਾਡਰ, ਜਰਮਨ ਫਾਟਰ, ਫਾਰਸੀ ਪਿਦਰ ਸ਼ਬਦ ਸੰਸਕ੍ਰਿਤ ਪਿਤਰ/ਪਿਤਾ ਅਤੇ ਪੰਜਾਬੀ ਪਿਉ ਦੇ ਸਕੇ ਸੋਹਦਰੇ ਹਨ। ਅੰਦਰ ਸ਼ਬਦ, ਜਿਸ ਦਾ ਸੰਸਕ੍ਰਿਤ ਵਲੋਂ ਰੂਪ ਅੰਤਰ ਹੈ ਦੇ ਦੋ ਅਰਥ ਹਨ। 1. ਵਿਚ, ਭੀਤਰ, 2. ਹੋਰ, ਦੂਜਾ। ਪਤੰਦਰ/ਪਿਤ੍ਰਅੰਤਰ ਵਿਚ ਦੂਜਾ ਅਰਥ ਲਾਗੂ ਹੁੰਦਾ ਹੈ। ਇਹ ਦੋਵੇਂ ਅਰਥ ਕੁਝ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਹਨ। ਅੰਗਰੇਜ਼ੀ enter, inter, intra, interior ਆਦਿ ਇਸ ਦੇ ਸਜਾਤੀ ਸ਼ਬਦ ਹਨ। ਇਸ ਬਾਰੇ ਵਿਸ਼ੇਸ਼ ਤੌਰ 'ਤੇ ਫਿਰ ਲਿਖਿਆ ਜਾਵੇਗਾ।

*(ਪਿਛਲੇ ਸਫੇ ਦਾ ਬਾਕੀ)*

ਕੀ ਹੋਇਆ ਜੇ ਮੈਂ ਆਪਣੀ ਮਾਂ ਦੀ ਪਾਟੀ ਚੁੰਨੀ ਵਿਚੋਂ ਅੰਬਰ ਦੇ ਤਾਰਿਆਂ ਨੂੰ ਦੇਖਦਾ ਸੀ ਪਰ ਹੁਣ ਇਹੀ ਤਾਰੇ ਮਾਂ ਦੀ ਚੁੰਨੀ ਤੇ ਟਿਮਟਿਮਾਉਂਦੇ ਹਨ।

ਕੀ ਹੋਇਆ ਜੇ ਮੇਰੇ ਮਨ ਦੀ ਬਸਤੀ ਵਿਚ ਚੁੱਪ ਹੈ। ਪਰ ਮੇਰੇ ਮਨ ਵਿਚ ਹਤਾਸ਼ ਰੁੱਤ ਜਾਂ ਸੋਗੀ ਸਮਿਆਂ ਨੇ ਕਦੇ ਦਸਤਕ ਨਹੀਂ ਦਿਤੀ।

ਕੀ ਹੋਇਆ ਜੇ ਮੇਰੇ ਅੰਦਰਲਾ ਸੱਚ ਅਬੋਲ ਹੈ। ਪਰ ਮੈਂ ਤਾਂ ਆਪਣੇ ਅੰਦਰਲੇ ਸੱਚ ਸਾਹਵੇਂ ਹਮੇਸ਼ਾ ਸੱਚਾ ਰਹਿੰਦਾ ਹਾਂ।

ਕੀ ਹੋਇਆ ਜੇ ਮੇਰੀਆਂ ਭਾਵਨਾਵਾਂ ਅਸ਼ਬਦ ਹਨ ਪਰ ਮੈਂ ਤਾਂ ਕੋਰੇ ਵਰਕਿਆਂ ਤੇ ਵੀ ਆਪਣੀਆਂ ਸੁੱਚੀਆਂ ਭਾਵਨਾਵਾਂ ਦੇ ਨਕਸ਼ ਪਛਾਣਦਾ ਹਾਂ।

ਕੀ ਹੋਇਆ ਜੇ ਮੇਰੇ ਸੁਪਨਿਆਂ ਨੂੰ ਨਜ਼ਰ ਲੱਗ ਗਈ ਪਰ ਮੈਨੂੰ ਤਾਂ ਫਿਰ ਤੋਂ ਆਪਣੀ ਸੂਖ਼ਮ ਸੋਚ ਦੀ ਧਰਾਤਲ ਤੇ ਸੁਪਨਿਆਂ ਦੀ ਖੇਤੀ ਕਰਨ ਦੀ ਜਾਚ ਹੈ।

ਕੀ ਹੋਇਆ ਜੇ ਮੇਰੀਆਂ ਰਾਹਾਂ ਵਿਚ ਸੂਲਾਂ ਉਗ ਆਈਆਂ ਪਰ ਅੱਡੀਆਂ ਨਾਲ ਸੱਪਾਂ ਦੀਆਂ ਸਿਰੀਆਂ ਫੇਹਣ ਵਾਲੇ ਤਿੱਖੀਆਂ ਨੋਕਾਂ ਨੂੰ ਭੰਨ ਕੇ ਸਫ਼ਰ ਜਾਰੀ ਰੱਖਣ ਦੇ ਸ਼ੌਕੀਨ ਹਨ।

ਕੀ ਹੋਇਆ ਜੇ ਮੇਰੀਆਂ ਪੈੜਾਂ ਦੇ ਨਿਸ਼ਾਨ ਧੁੰਧਲ ਵਿਚ ਗਵਾਚ ਗਏ। ਮੈਂ ਤਾਂ ਨਵੀਆਂ ਪੈੜਾਂ ਸਿਰਜਣ ਲਈ ਸਿਰੜ, ਸਾਧਨਾ ਅਤੇ ਸਮਰਪਿਤਾ ਨੂੰ ਕਦੇ ਵੀ ਮੱਠਾ ਨਹੀਂ ਹੋਣ ਦੇਣਾ।

ਕੀ ਹੋਇਆ ਜੇ ਕਾਲੀ ਰਾਤ ਵਿਚ ਹਵਾ ਨੇ ਦੀਵਾ ਬੁਝਾ ਦਿਤਾ ਪਰ ਜੁਗਨੂੰ ਤਾਂ ਹਵਾ ਦੇ ਕੰਧਾੜੇ ਚੜ੍ਹ ਕੇ ਕਾਲਖ਼ ਸਮਿਆਂ ਵਿਚ ਚਾਨਣ-ਲੀਕਾਂ ਦੀ ਕਲਾ ਨਕਾਸ਼ੀ ਕਰਦੇ ਹੀ ਰਹਿੰਦੇ।

ਕੀ ਹੋਇਆ ਜੇ ਮੇਰੇ ਦੀਦਆਂ ਵਿਚ ਨੀਰ ਨਹੀਂ ਸਿੰਮਦਾ ਪਰ ਮੈਂ ਆਪਣੇ ਖ਼ੂਨ ਨਾਲ ਸੁਪਨਿਆਂ ਨੂੰ ਸਿੰਜ ਕੇ ਸੱਧਰਾਂ ਦੀ ਪੁਨਰ-ਸੁਰਜੀਤੀ ਕਰਾਂਗਾ।

ਕੀ ਹੋਇਆ ਜੇ ਮੇਰੀ ਪ੍ਰਾਪਤੀ ਤੇ ਕਿਸੇ ਨੇ ਆਪਣਾ ਨਾਮ ਲਿਖਵਾ ਲਿਆ। ਪਰ ਗਿਆਨ, ਖੋਹਿਆ, ਵੰਡਿਆ ਜਾਂ ਤਸਕਰੀ ਨਹੀਂ ਹੁੰਦੀ। ਹਰਫ਼ ਤਾਂ ਮੇਰੇ ਹੀ ਰਹਿਣੇ।

ਕੀ ਹੋਇਆ ਜੇ ਮੈਂ ਸੱਜਣਾਂ ਨੂੰ ਚਾ ਕੇ ਵੀ ਮਿਲ ਨਾ ਸਕਿਆ। ਪਰ ਮੈਂ ਆਪਣੇ ਅੰਦਰ ਵੱਸਦੇ ਦਿਲਦਾਰ ਦੇ ਹਰ ਪਲ ਅੰਗ-ਸੰਗ ਹੀ ਰਹਿੰਦਾ ਹਾਂ।

ਕੀ ਹੋਇਆ ਜੇ ਮੇਰੀਆਂ ਆਸ਼ਾਵਾਂ ਦੀ ਅਪੂਰਨਤਾ ਮੈਨੂੰ ਅੱਖਰਦੀ ਹੈ। ਪਰ ਮੈਂ ਅਪੂਰਨ ਆਸਾਂ ਦੀ ਪੂਰਨਤਾ ਲਈ ਕਦੇ ਵੀ ਆਸ ਦਾ ਪੱਲੂ ਨਹੀਂ ਛੱਡਿਆ।

ਕੀ ਹੋਇਆ ਜੇ ਮੇਰੇ ਕਦਮਾਂ ਵਿਚ ਹਿੰਮਤ ਨਹੀਂ ਰਹੀ ਪਰ ਮੇਰਾ ਜਨੂਨ, ਜਜ਼ਬਾ ਅਤੇ ਜਜ਼ਬਾਤ ਕਦੇ ਵੀ ਬੇਹਿਸ, ਬੇ-ਹਿੰਮਤੇ ਜਾਂ ਬੇਆਸ ਨਹੀਂ ਹੋਣ ਦਿੰਦੇ।

ਕੀ ਹੋਇਆ ਜੇ ਮੇਰੀਆਂ ਛਾਂਵਾਂ ਨੂੰ ਹੀ ਲੁੱਟ ਲਿਆ ਗਿਆ ਪਰ ਮੈਂ ਆਪਣੀ ਛਾਂ ਲਈ ਖੁਦ ਹੀ ਘਣਛਾਵਾਂ ਬਿਰਖ਼ ਬਣ ਜਾਵਾਂਗਾ।

ਕੀ ਹੋਇਆ ਜੇ ਹਵਾਵਾਂ ਦੀ ਹਿੱਕ ਵਿਚ ਮੇਰੀਆਂ ਆਹਾਂ ਦੀ ਧੁੱਖਧੁੱਖੀ ਹੈ ਪਰ ਵਕਤ ਆਉਣ ਤੇ ਮੈਂ ਪੌਣਾਂ ਦੇ ਪਿੰਡੇ ਤੇ ਅੰਤਰੀਵੀ ਨਾਦ ਦੀ ਧੁੰਨ ਧਰਾਂਗਾ।

ਕੀ ਹੋਇਆ ਜੇ ਟੁੱਟੇ ਪੱਤੇ ਦਾ ਕੋਈ ਟਿਕਾਣਾ ਨਹੀਂ ਹੁੰਦਾ ਪਰ ਉਹੀ ਪੱਤਾ ਧਰਤੀ ਵਿਚ ਸਮਾ ਕੇ ਇਕ ਦਿਨ ਨਵੇਂ ਪੱਤਿਆਂ ਦਾ ਅਧਾਰ ਤਾਂ ਬਣਦਾ ਹੀ ਹੈ।

ਕੀ ਹੋਇਆ ਜੇ ਬੋਟਾਂ ਤੋਂ ਸੱਖਣੇ ਆਲ੍ਹਣਿਆਂ ਵਿਚ ਸੁੰਨ ਪਸਰੀ ਹੈ ਪਰ ਦੇਖਣਾ! ਰੁੱਤ ਬਦਲਣ ਤੇ ਇਨ੍ਹਾਂ ਆਲ੍ਹਣਿਆਂ ਵਿਚ ਬੋਟਾਂ ਦੀ ਚੀਂ ਚੀਂ ਨੇ ਬਿਰਖ਼ ਤੇ ਆਲ੍ਹਣੇ ਨੂੰ ਧੜਕਣ ਲਾ ਦੇਣਾ।

ਕੀ ਹੋਇਆ ਜੇ ਉਦਾਸ ਚੰਦਰਮਾ ਨੂੰ ਮੱਸਿਆ ਨੇ ਲੁਕਾ ਲਿਆ ਹੈ ਪਰ 'ਕੇਰਾਂ ਪੁੰਨਿਆਂ ਆਉਣ ਦਿਓ, ਚੰਦਰਮਾ ਨੇ ਸਾਰੀ ਰਾਤ ਹੀ ਝੀਲ 'ਚ ਤਾਰੀਆਂ ਲਾਉਂਦਿਆਂ ਫ਼ਿਜ਼ਾ ਨਾਲ ਨਿੱਘੀ ਗੁਫ਼ਤਗੂ ਦਾ ਆਨੰਦ ਮਾਨਣਾ ਹੈ।

ਕੀ ਹੋਇਆ ਜੇ ਮੇਰਾ ਸੂਰਜ ਹੀ ਚੋਰੀ ਹੋ ਗਿਆ ਪਰ ਮੈਂ ਆਪਣੇ ਮੱਥੇ ਵਿਚ ਗਿਆਨ ਦੀਪਕ ਦੇ ਉਜਿਆਰੇ ਨੂੰ ਹੀ ਸੂਰਜ ਬਣਾ ਲੈਣਾ ਹੈ।

ਕੀ ਹੋਇਆ ਜੇ ਉਸਦੀ ਤੱਕਣੀ ਵਿਚ ਟੇਢਾਪਣ ਆ ਗਿਆ ਹੈ। ਨਜ਼ਰ ਸਵੱਲੀ ਹੋਣੀ ਚਾਹੀਦੀ ਹੈ, ਬੰਦਾ ਖੁਦ ਬ ਖੁਦ ਸਿੱਧਾ ਦੇਖਣ ਲੱਗ ਪੈਂਦਾ ਹੈ।

ਕੀ ਹੋਇਆ ਜੇ ਸਾਹਾਂ ਦਾ ਸੇਕ ਮੱਠਾ ਪੈ ਗਿਆ ਹੈ ਪਰ ਮੇਰੇ ਮੱਘਦੇ ਅਹਿਸਾਸ ਤਾਂ ਪੱਥਰ ਵੀ ਪਿੰਘਲਾ ਦਿੰਦੇ ਹਨ।

ਕੀ ਹੋਇਆ ਜੇ ਸਾਵਣ ਵਿਚ ਵੀ ਔੜ ਦੀ ਸਾੜਸੱਤੀ ਛਾਈ ਰਹੀ ਪਰ ਪੂਰੇ ਦੀਆਂ ਕਣੀਆਂ ਵਿਚ ਮੇਰੀ ਪਿਆਸ ਦੀ ਤ੍ਰਿਪਤੀ ਨੇ ਮੈਨੂੰ ਮੌਲਣ ਲਾ ਦੇਣਾ ਹੈ।

ਕੀ ਹੋਇਆ ਜੇ ਸੁੱਕ ਗਏ ਦਰਿਆ ਬਰੇਤਿਆਂ ਦਾ ਨਾਮਕਰਣ ਹੋ ਗਏ ਪਰ ਜਦ ਦਰਿਆ ਪੁਨਰ-ਸੰਜੀਵ ਹੋ ਗਿਆ ਤਾਂ ਬਰੇਤਿਆ ਨੇ ਕਿਧਰੇ ਵੀ ਨਹੀਂ ਥਿਆਉਣਾ।

ਕੀ ਹੋਇਆ ਜੇ ਮੇਰੇ ਹੱਥਾਂ ਦੀਆਂ ਲਕੀਰਾਂ ਵਿਚੋਂ ਦਿਲਦਾਰ ਦਾ ਨਾਮ ਹੀ ਮਿਟਾ ਦਿਤਾ ਗਿਆ ਪਰ ਮੈਂ ਆਪਣੀ ਹਥੇਲੀ 'ਤੇ ਉਕਰੇ ਅਦਿੱਖ ਨਾਮ ਵਿਚੋਂ ਉਸਦਾ ਬਿੰਬ ਚਿਤਰਾਂਗਾ।

ਕੀ ਹੋਇਆ ਜੇ ਮੇਰੀ ਤਕਦੀਰ ਹੀ ਮੈਥੋਂ ਰੁੱਸ ਗਈ ਪਰ ਮੈਂ ਆਪਣੀ ਤਦਬੀਰ ਰਾਹੀਂ ਆਪਣੇ ਮੱਥੇ ਦੀਆਂ ਲਕੀਰਾਂ ਖੁਣ ਕੇ ਤਕਦੀਰ ਨੂੰ ਖੁਦ ਲਿਖਾਂਗਾ।

ਕੀ ਹੋਇਆ ਜੇ ਮੇਰੀ ਫੱਟੀ ਤੇ ਪਏ ਪੂਰਨੇ ਗੈਰਾਂ ਨੇ ਪੂੰਝ ਦਿਤੇ ਪਰ ਮੈਂ ਤਾਂ ਪੂਰਨਿਆਂ ਦੀ ਹੋਂਦ ਤੇ ਹਸਤੀ ਦੀ ਰਖਵਾਲੀ ਲਈ ਦਾ ਤਹੱਈਆ ਕੀਤਾ ਹੋਇਆ ਹੈ।

ਕੀ ਹੋਇਆ ਜੇ ਮੈਂ ਆਪਣੀ ਕਾਪੀ/ ਕਿਤਾਬ ਵਿਚ ਮੋਰ ਪੰਖ ਨਹੀਂ ਰੱਖ ਸਕਿਆ ਪਰ ਮੈਂ ਮੋਰ-ਖੰਭਾਂ ਨੂੰ ਮੋਰ ਦੀ ਉਚੇਰੀ ਪਰਵਾਜ਼ ਬਣਨ ਲਈ ਹਮੇਸ਼ਾ ਉਤਸ਼ਾਹਿਤ ਕਰਦਾ ਹਾਂ।

ਕੀ ਹੋਇਆ ਜੇ ਮੈਂ ਬਰਾਂਡ ਕੱਪੜੇ ਨਹੀਂ ਪਹਿਨਦਾ ਪਰ ਮੇਰੇ ਲਈ ਬਾਪ ਦੀ ਆਖਰੀ ਵਕਤ ਪਹਿਨੀ ਹੋਈ ਟੀ-ਸ਼ਰਟ ਨੂੰ ਪਹਿਨਣਾ ਹੀ ਸੱਭ ਤੋਂ ਵਧੀਆ ਬਰਾਂਡ ਤੋਂ ਘੱਟ ਨਹੀਂ।

ਕੀ ਹੋਇਆ ਜੇ ਝੀਲ ਵਰਗੀਆਂ ਨੀਲੀਆਂ ਅੱਖਾਂ ਵਿਚ ਡੁੱਬਣ ਤੋਂ ਟਾਲ ਵੱਟਿਆ ਪਰ ਮੇਰੇ ਲਈ ਬਾਪ ਦਾ ਆਖ਼ਰੀ ਵੇਲੇ ਖੁੱਲ੍ਹੀਆਂ ਅੱਖਾਂ ਨਾਲ ਦੇਖਣਾ ਹੀ ਰੂਹਾਨੀ ਸਕੂਨ ਨਾਲ ਸਰਸ਼ਾਰ ਕਰ ਗਿਆ।

ਕੀ ਹੋਇਆ ਜੇ ਮੈਨੂੰ ਆਪਣਾ ਬਚਪਨਾ ਯਾਦ ਨਹੀਂ ਪਰ ਮੈਂ ਤਾਂ ਹਰ ਰੋਜ਼ ਆਪਣੇ ਦੋਹਤੇ-ਦੋਹਤਰੀਆਂ ਵਿਚ ਬੱਚਾ ਬਣ ਕੇ ਬਚਪਨੀ ਵਿਸਮਾਦ ਵਿਚ ਗੜੁੱਚ ਰਹਿੰਦਾ ਹਾਂ।

ਕੀ ਹੋਇਆ ਜੇ ਮੈਂ ਆਪਣੇ ਬੱਚਿਆਂ ਦੇ ਪੂਰੇ ਲਾਡ ਨਹੀਂ ਲਡਾ ਸਕਿਆ ਪਰ ਮੈਂ ਆਪਣੇ ਬੱਚਿਆਂ ਦੇ ਬੱਚਿਆਂ ਦੇ ਲਾਡ ਲਡਾਉਂਦਿਆਂ ਆਪਣੇ ਬੱਚਿਆਂ ਦੀ ਖ਼ੁਸ਼ੀ ਦਾ ਤਲਬਗਾਰ ਰਹਿੰਦਾ ਹਾਂ।

ਕੀ ਹੋਇਆ ਜੇ ਮੇਰੇ ਹਾਸਿਆਂ ਨੂੰ ਹੌਕਿਆਂ ਨੇ ਧੁਆਂਖਿਆ ਪਰ ਮੈਂ ਤਾਂ ਹਰੇਕ ਦੀ ਖ਼ੁਸ਼ੀ 'ਚ ਸ਼ਰੀਕ ਹੋ ਦੂਣ ਸਵਾਇਆ ਕਰਨ ਵਿਚ ਖ਼ੁਦ ਨੂੰ ਮਖ਼ਮੂਰ ਰੱਖਦਾ ਹਾਂ।

ਕੀ ਹੋਇਆ ਜੇ ਮੇਰੇ ਆਪਣੇ ਹੀ ਮੇਰੇ ਨਹੀਂ ਰਹੇ। ਮੈਂ ਤਾਂ ਸਦਾ ਗੈਰਾਂ ਨੂੰ ਆਪਣਾ ਬਣਾਉਣ ਲਈ ਤੱਤਪਰ ਰਹਿੰਦਾ ਹਾਂ।

ਕੀ ਹੋਇਆ ਜੇ ਮੇਰੇ ਦੁੱਖਾਂ ਦੀ ਪੰਡ ਬਹੁਤ ਭਾਰੀ ਹੈ ਪਰ ਦੁੱਖ ਵਿਚੋਂ ਸੁੱਖਾਂ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਨੇ ਮੇਰੇ ਸਾਹਾਂ ਨੂੰ ਸੁਖਾਂਲਿਆਂ ਕੀਤਾ ਹੈ।

ਕੀ ਹੋਇਆ ਜੇ ਮੈਨੂੰ ਫ਼ਿਕਰਾਂ ਨੇ ਸਦਾ ਸੁੱਕਣੇ ਪਾਈ ਰੱਖਿਆ। ਜਦ ਤੋਂ ਮੈਂ ਫ਼ਿਕਰ ਤੋਂ ਫੱਕਰਤਾ ਵੱਲ ਨੂੰ ਤੁਰਿਆ ਹਾਂ, ਜ਼ਿੰਦਗੀ ਜਸ਼ਨ ਬਣ ਗਈ ਹੈ।

ਕੀ ਹੋਇਆ ਜੇ ਕੁਝ ਸਮੇਂ ਲਈ ਮੈਂ ਲੋਕਾਂ ਲਈ ਤਮਾਸ਼ਾ ਬਣਿਆ ਪਰ ਵਕਤ ਨੇ ਕੇਹੀ ਕਰਵਟ ਲਈ ਕਿ ਤਮਾਸ਼ਾ ਬਣਾਉਣ ਵਾਲੇ ਖੁਦ ਹੀ ਤਮਾਸ਼ਾ ਬਣ ਗਏ।

ਕੀ ਹੋਇਆ ਜੇ ਬੇੜੀ ਦਾ ਮਲਾਹ ਹੀ ਬੇੜੀ ਨਾਲ ਰੁੱਸ ਗਿਆ। ਲਹਿਰਾਂ ਨੇ ਤਾਂ ਬੇੜੀ ਨੂੰ ਕਿਨਾਰੇ ਲਾ ਕੇ ਬੇੜੀ ਨਾਲ ਆਪਣਾ ਧਰਮ ਪਾਲ ਹੀ ਲਿਆ।

ਕੀ ਹੋਇਆ ਜੇ ਤੱਪਦਾ ਮਾਰੂਥਲ ਸੱਸੀ ਸਾਹਵੇਂ ਬਿਫਰਿਆ ਹੀ ਰਿਹਾ। ਪਰ ਜਦ ਸੱਸੀ ਨੇ ਆਖਰੀ ਕੂਕ ਮਾਰੀ ਤਾਂ ਮਾਰੂਥਲ ਨੇ ਸੱਸੀ ਨੂੰ ਆਪਣੇ ਵਿਚ ਤਾਂ ਸਮਾ ਹੀ ਲਿਆ।

ਕੀ ਹੋਇਆ ਜੇ ਮੇਰੇ ਪਿੰਡੇ ਝੁਰੜੀਆਂ ਉਭਰ ਆਈਆਂ ਹਨ ਪਰ ਇਹੀ ਝੁਰੜੀਆਂ ਤਾਂ ਮੇਰੀਆਂ ਜੀਵਨ-ਭਰ ਦੀਆਂ ਪ੍ਰਪਤੀਆਂ ਦਾ ਬਿਰਤਾਂਤ ਹਨ।

ਕੀ ਹੋਇਆ ਜੇ ਮੇਰੇ ਪੈਰਾਂ ਵਿਚ ਬਿਆਈਆਂ ਦੇ ਨਿਸ਼ਾਨ ਮਿਟੇ ਨਹੀਂ। ਇਹ ਬਿਆਈਆਂ ਤਾਂ ਮੇਰੇ ਨੰਗੇ ਪੈਰਾਂ ਦੇ ਸਫ਼ਰ ਦਾ ਦਸਤਾਵੇਜ਼ ਹਨ।

ਕੀ ਹੋਇਆ ਜੇ ਮੇਰੇ ਹੱਥ ਦੇ ਅੰਗੂਠੇ ਤੇ ਕੱਟ ਦਾ ਨਿਸ਼ਾਨ ਹੈ ਪਰ ਇਹ ਚੇਤੇ ਕਰਵਾਉਂਦਾ ਹੈ ਕਿ ਕਦੇ ਵੀ ਪੱਠੇ ਵੱਢਣੇ ਜਾਂ ਘਾਹ ਖੋਤਣਾ ਨਾ ਭੁੱਲੀਂ।

ਕੀ ਹੋਇਆ ਜੇ ਮੈਂ ਗਿਆਨ-ਯਾਫ਼ਤਾ ਹਾਂ। ਪਰ ਮੈਂ ਗਿਆਨ ਨੂੰ ਨਿੱਜ ਤੀਕ ਸੀਮਤ ਨਹੀਂ ਰੱਖਦਾ ਸਗੋਂ ਗਿਆਨ ਵੰਡਣਾ ਹੀ ਮੇਰਾ ਕਰਮ-ਧਰਮ ਹੈ।

# ਦੁਨੀਆ ਦੇ ਲਈ ਇੱਕ ਮਿਸਾਲ – ਜੈਕੀ ਚੈਨ

ਦੁਨੀਆ ਵਿਚ ਕਈ ਹਸਤੀਆਂ ਆਪਣੇ ਕੰਮ ਅਤੇ ਕਿਰਦਾਰ ਕਰਕੇ ਲੋਕਾਂ ਲਈ ਮਿਸਾਲ ਬਣ ਜਾਂਦੀਆਂ ਹਨ। ਇਹ ਮਿਸਾਲਾਂ ਸਿਰਫ ਉਨ੍ਹਾਂ ਦੀ ਕਾਮਯਾਬੀ ਜਾਂ ਦੌਲਤ ਦੇ ਆਧਾਰ 'ਤੇ ਨਹੀਂ, ਸਗੋਂ ਉਨ੍ਹਾਂ ਦੇ ਚੁਣੇ ਹੋਏ ਮੁੱਲਾਂ, ਨੈਤਿਕਤਾ ਅਤੇ ਜ਼ਿੰਦਗੀ ਦੇ ਫੈਸਲਿਆਂ ਰਾਹੀਂ ਬਣਦੀਆਂ ਹਨ। ਅਜਿਹਾ ਹੀ ਇੱਕ ਨਾਂ ਹੈ- ਜੈਕੀ ਚੈਨ, ਜੋ ਕਿ ਚਾਈਨਾ ਅਤੇ ਹਾਲੀਵੁੱਡ ਦਾ ਇੱਕ ਮਸ਼ਹੂਰ ਕਲਾਕਾਰ ਹੈ। ਜਿੱਥੇ ਉਹ ਆਪਣੀ ਐਕਸ਼ਨ ਭਰੀਆਂ ਫਿਲਮਾਂ ਅਤੇ ਸਟੰਟਸ ਲਈ ਜਾਣਿਆ ਜਾਂਦਾ ਹੈ, ਉਥੇ ਹੀ ਉਸ ਦਾ ਇੱਕ ਪਿਤਾ ਹੋਣ ਦੇ ਨਾਤੇ ਲਿਆ ਗਿਆ ਫੈਸਲਾ ਵੀ ਲੋਕਾਂ ਲਈ ਚਿੰਤਨ ਦਾ ਵਿਸ਼ਾ ਬਣ

**ਸੰਦੀਪ ਕੁਮਾਰ**
**ਫੋਨ: 70098-07121**

ਗਿਆ। ਇਹ ਫੈਸਲਾ ਸਿਰਫ ਉਸ ਦੇ ਪਰਿਵਾਰਿਕ ਜੀਵਨ ਨਾਲ ਸਬੰਧਤ ਨਹੀਂ ਸੀ, ਸਗੋਂ ਇੱਕ ਸਮਾਜਿਕ ਸੁਨੇਹਾ ਕਿ ਪਿਤਾ ਹੋਣਾ ਮਤਲਬ ਸਿਰਫ ਪਿਆਰ ਨਹੀਂ, ਸਗੋਂ ਸਖਤੀ ਨਾਲ ਸੰਸਕਾਰ ਦੇਣਾ ਵੀ ਹੈ। ਜੈਕੀ ਚੈਨ ਦੀ ਜਿੰਦਗੀ ਦੀ ਕਾਮਯਾਬੀ ਇਕ ਦਿਨ ਦੀ ਕਮਾਈ ਨਹੀਂ ਸੀ। ਉਸਨੇ ਗਰੀਬੀ ਵੀ ਦੇਖੀ, ਬਚਪਨ ਵਿਚ ਮਸ਼ੱਕਤ ਕੀਤੀ, ਸਿਨੇਮੇ ਦੀ ਦੁਨੀਆ ਵਿਚ ਆਪਣੇ ਲਈ ਇੱਕ ਥਾਂ ਬਣਾਉਣ ਲਈ ਅਣਗਿਣਤ ਖਤਰੇ ਝੱਲੇ, ਜ਼ਿਆਦਾਤਰ ਸਟੰਟ ਆਪਣੇ-ਆਪ ਕੀਤੇ। ਉਹ ਸਿਰਫ ਇੱਕ ਕਲਾਕਾਰ ਨਹੀਂ, ਸਗੋਂ ਚੀਨ ਦੀ ਇੱਕ ਨਵੀਂ ਪੀੜ੍ਹੀ ਲਈ ਪ੍ਰੇਰਣਾ ਹੈ। ਜਦੋਂ ਅਜਿਹਾ ਵਿਅਕਤੀ ਆਪਣੇ ਬੱਚੇ ਨੂੰ ਆਪਣੀ ਜਾਇਦਾਦ 'ਤੋਂ ਬੇਦਖਲ ਕਰਨ ਦਾ ਫੈਸਲਾ ਕਰੇ, ਤਾਂ ਇਹ ਆਮ ਨਹੀਂ ਹੋ ਸਕਦਾ।

ਇਹ ਫੈਸਲਾ ਲੋਕਾਂ ਨੂੰ ਹਿਲਾ ਕੇ ਰੱਖ ਸਕਦਾ ਹੈ, ਪਰ ਇਸ ਦੀ ਪਿੱਛੇ ਦੀ ਸੋਚ ਸਿਖਾਉਣ ਵਾਲੀ ਹੈ।

ਸਾਲ 2014 ਵਿਚ ਜਦੋਂ ਜੈਕੀ ਚੈਨ 'ਫਰੀ ਡਰੱਗ ਲੀਵਿੰਗ' ਕੈਂਪੇਨ ਦੀ ਅਗਵਾਈ ਕਰ ਰਿਹਾ ਸੀ, ਤਾਂ ਉਸ ਸਮੇਂ ਇੱਕ ਖ਼ਬਰ ਨੇ ਮੀਡੀਆ ਨੂੰ ਹਿਲਾ ਦਿੱਤਾ। ਉਸਦਾ ਪੁੱਤਰ, ਜੇਸੀ ਚੈਨ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੋਇਆ ਚੀਨ ਦੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ। ਇਹ ਸਿਰਫ ਨਸ਼ੇ ਸਬੰਧੀ ਮਾਮਲਾ ਨਹੀਂ ਸੀ, ਸਗੋਂ ਇਹ ਚੀਨ ਦੇ ਨਸ਼ਾ ਵਿਰੋਧੀ ਕਾਨੂੰਨਾਂ ਤਹਿਤ ਇੱਕ ਗੰਭੀਰ ਅਪਰਾਧ ਸੀ। ਜਦ ਇੱਕ ਪਿਤਾ ਆਪ ਨਸ਼ੇ ਖਿਲਾਫ਼ ਅਭਿਆਨ ਚਲਾ ਰਿਹਾ ਹੋਵੇ ਅਤੇ ਉਸਦਾ ਪੁੱਤਰ ਇਸ ਅਭਿਆਨ ਦੀ ਉਲਟ ਦਿਸ਼ਾ ਵਿਚ ਹੋਵੇ, ਤਾਂ ਇਹ ਸਿਰਫ ਪਰਿਵਾਰਕ ਨਹੀਂ, ਸਗੋਂ ਆਤਮਿਕ ਸੱਟ ਹੋ ਸਕਦੀ ਹੈ। ਇਸ ਮਾਮਲੇ ਤੋਂ ਇਲਾਵਾ ਵੀ ਜੇਸੀ ਚੈਨ ਦੇ ਨਾਂ ਕਈ ਅਨੈਤਿਕ ਕਾਰਵਾਈਆਂ ਨਾਲ ਜੋੜੇ ਗਏ। ਜਦੋਂ ਮਸ਼ਹੂਰ ਹਸਤੀਆਂ ਦੇ ਬੱਚੇ ਅਨਗੰਭੀਰ ਹੋ ਜਾਂਦੇ ਹਨ, ਅਕਸਰ ਇਹ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਦੌਲਤ, ਸ਼ੋਹਰਤ ਅਤੇ ਰੁਤਬੇ ਦਾ ਗਲਤ ਫਾਇਦਾ ਚੁੱਕਿਆ। ਅਜਿਹਾ ਹੀ ਕੁਝ ਜੈਕੀ ਚੈਨ ਦੇ ਪੁੱਤਰ ਦੇ ਨਾਲ ਵੀ ਹੋਇਆ। ਇਨ੍ਹਾਂ ਸਭ ਘਟਨਾਵਾਂ ਨੇ ਜੈਕੀ ਚੈਨ ਨੂੰ ਅੰਦਰੋਂ ਬਹੁਤ ਝੰਝੋੜ ਦਿੱਤਾ। ਉਨ੍ਹਾਂ ਨੇ ਪਬਲਿਕ ਤੌਰ 'ਤੇ ਇਹ ਕਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕੀਤੀ ਕਿ ਉਹ ਆਪਣੇ ਪੁੱਤਰ ਨੂੰ ਆਪਣੀ ਜਾਇਦਾਦ 'ਤੋਂ ਬੇਦਖਲ ਕਰ ਰਹੇ ਹਨ।

ਜੈਕੀ ਚੈਨ ਨੇ ਸਪਸ਼ਟ ਕਿਹਾ ਕਿ 'ਜੇਕਰ ਮੈਂ ਆਪਣੇ ਪੁੱਤਰ ਨੂੰ ਸਭ ਤੋਂ ਵਧੀਆ ਸਿੱਖਿਆ,



ਸਭ ਤੋਂ ਵਧੀਆ ਮੌਕੇ ਦੇਣ ਦੇ ਬਾਵਜੂਦ ਵੀ ਉਸਨੂੰ ਇੱਕ ਕਾਬਿਲ ਇਨਸਾਨ ਨਹੀਂ ਬਣਾ ਸਕਿਆ, ਤਾਂ ਇਹ ਜਾਇਦਾਦ ਉਸਦੇ ਹੱਥ ਲੱਗਣ ਨਾਲ ਵੀ ਬਰਬਾਦ ਹੀ ਹੋਣੀ ਹੈ।' ਉਸਦੇ ਇਹ ਸ਼ਬਦ ਇੱਕ ਮਾਂ-ਬਾਪ ਦੇ ਰੂਪ ਵਿਚ ਅਸਲ ਜ਼ਿੰਮੇਵਾਰੀ ਨੂੰ ਦਰਸਾਉਂਦੇ ਹਨ ਕਿ ਆਪਣੇ ਬੱਚਿਆਂ ਨੂੰ ਸਿਰਫ ਪੈਸਾ ਨਹੀ,' ਸੰਸਕਾਰ ਦੇਣਾ। ਜੈਕੀ ਚੈਨ ਨੇ ਆਪਣੀ 400 ਮਿਲੀਅਨ ਡਾਲਰ ਦੀ ਸੰਪਤੀ ਉਨ੍ਹਾਂ ਲੋਕਾਂ ਵਿਚ ਦਾਨ ਕਰਨ ਦਾ ਐਲਾਨ ਕੀਤਾ, ਜਿਨ੍ਹਾਂ ਨੂੰ ਅਸਲ ਵਿਚ ਇਸ ਦੀ ਲੋੜ ਹੈ। ਇਹ ਇੱਕ ਕਲਾਕਾਰ ਤੋਂ ਇਲਾਵਾ, ਇੱਕ ਜ਼ਿੰਮੇਵਾਰ ਨਾਗਰਿਕ ਦੀ ਸੋਚ ਸੀ। ਕਈ ਮਾਪੇ ਆਪਣੇ ਬੱਚਿਆਂ ਦੀਆਂ ਗਲਤੀਆਂ ਨੂੰ ਜਾਣ-ਬੁੱਝ ਕੇ ਨਜ਼ਰ-ਅੰਦਾਜ਼ ਕਰਦੇ ਜਾਂਦੇ ਹਨ, ਉਨ੍ਹਾਂ ਦੀ ਗਲਤ ਹਮਾਇਤ ਕਰਦੇ ਹਨ। ਪਰ ਇਹ ਹਕੀਕਤ ਅੱਖਾਂ ਖੋਲ੍ਹਣ ਵਾਲੀ ਹੈ ਕਿ ਅਜਿਹਾ ਕਰਨਾ ਉਨ੍ਹਾਂ ਬੱਚਿਆਂ ਲਈ ਮਦਦਗਾਰ ਨਹੀਂ, ਸਗੋਂ ਉਨ੍ਹਾਂ ਦੇ ਨਾਸ਼ ਦਾ ਰਾਹ ਬਣਦਾ ਹੈ।

ਜੈਕੀ ਚੈਨ ਨੇ ਜੋ ਕੀਤਾ, ਉਹ ਆਮ ਨਹੀਂ ਹੈ। ਪਰ ਇਹ ਆਮ ਹੋਣਾ ਚਾਹੀਦਾ ਹੈ। ਜੇਕਰ ਇੱਕ ਬੱਚਾ ਆਪਣੀ ਜ਼ਿੰਦਗੀ ਵਿਚ ਆਤਮ-ਨਿਰਭਰ ਨਹੀਂ ਹੋ ਸਕਦਾ, ਆਪਣੇ ਅੰਦਰ ਇਮਾਨਦਾਰੀ ਅਤੇ ਨੈਤਿਕਤਾ ਨਹੀਂ ਵਸਾ ਸਕਦਾ, ਤਾਂ ਜਾਇਦਾਦ ਦੇਣ ਨਾਲ ਉਹ ਸੰਭਲਣ ਦੀ ਬਜਾਏ ਹੋਰ ਵਿਗੜੇਗਾ। ਸੰਪਤੀ ਦੇ ਨਾਲ ਆਉਂਦੀ ਆਜ਼ਾਦੀ, ਜੇਕਰ ਚਰਿਤਰਹੀਣ ਹੱਥਾਂ ਵਿਚ ਚਲੀ ਜਾਵੇ, ਤਾਂ ਉਹ ਵਿਨਾਸ਼ ਦਾ ਕਾਰਨ ਬਣਦੀ ਹੈ। ਮਾਪਿਆਂ ਦੀ ਆਮ ਸੋਚ ਹੁੰਦੀ ਹੈ ਕਿ ਉਹ ਆਪਣਾ ਸਭ ਕੁਝ ਆਪਣੇ ਬੱਚਿਆਂ ਲਈ ਛੱਡ ਕੇ ਜਾਣ। ਪਰ ਇਹ ਵੀ ਸਮਝਣ ਦੀ ਲੋੜ ਹੈ ਕਿ ਜੋ ਪਿਆਰ ਚਰਿਤਰ ਬਣਾਏ, ਉਹੀ ਅਸਲ ਪਿਆਰ ਹੈ। ਚਰਿਤਰਵਾਨ ਬੱਚਾ ਨਾ ਸਿਰਫ ਆਪਣੇ ਲਈ, ਸਗੋਂ ਮਾਪਿਆਂ ਲਈ ਵੀ ਇੱਜ਼ਤ ਕਮਾਉਂਦਾ ਹੈ। ਜੇਕਰ ਬੱਚਾ ਹੀ ਮਾਪਿਆਂ ਦੇ ਨਾਮ ਨੂੰ ਨੁਕਸਾਨ ਪਹੁੰਚਾਵੇ, ਤਾਂ ਉਹ ਪਿਆਰ ਵੀ ਪਾਸੇ ਹਟਣਾ ਚਾਹੀਦਾ ਹੈ ਜੋ ਅੰਨ੍ਹਾ ਬਣ ਜਾਂਦਾ ਹੈ।

ਜੈਕੀ ਚੈਨ ਦਾ ਇਹ ਫੈਸਲਾ ਸਿੱਧਾ-ਸਿੱਧਾ ਇਹ ਦਰਸਾਉਂਦਾ ਹੈ ਕਿ ਭਵਿੱਖ ਸੰਪਤੀ ਨਾਲ ਨਹੀਂ, ਸਗੋਂ ਸੰਸਕਾਰਾਂ ਨਾਲ ਬਣਦਾ ਹੈ। ਜਦ ਤੱਕ ਮਾਪੇ ਆਪਣੇ ਬੱਚਿਆਂ ਨੂੰ ਸੰਸਕਾਰ, ਚਰਿੱਤਰ ਅਤੇ ਇਮਾਨਦਾਰੀ ਦੀ ਸਿੱਖਿਆ ਨਹੀਂ ਦਿੰਦੇ, ਤਦ ਤੱਕ ਸੰਪਤੀ ਵੀ ਉਨ੍ਹਾਂ ਲਈ ਅਭਿਸ਼ਾਪ ਬਣ ਸਕਦੀ ਹੈ। ਜੇਕਰ ਇੱਕ ਬੱਚਾ ਆਪਣੀ ਜ਼ਿੰਦਗੀ ਦੇ ਸਹੀ ਰਸਤੇ ਨੂੰ ਖੁਦ ਨਹੀਂ ਚੁਣ ਸਕਦਾ, ਅਤੇ ਗਲਤ ਰਸਤੇ 'ਤੇ ਚੱਲ ਪੈਂਦਾ ਹੈ, ਤਾਂ ਮਾਪਿਆਂ ਨੂੰ ਆਪਣੇ ਭਵਿੱਖ ਦੀ ਚਿੰਤਾ ਦੀ ਬਜਾਏ, ਉਸਦੇ ਚਰਿਤਰ 'ਤੇ ਧਿਆਨ ਦੇਣਾ ਚਾਹੀਦਾ ਹੈ। ਕਈ ਵਾਰੀ ਪਿਆਰ ਦੇ ਨਾਂ 'ਤੇ ਕੀਤੇ ਫੈਸਲੇ, ਸੰਪਤੀ ਦੇ ਨਾਂ 'ਤੇ ਦਿੱਤੀ ਆਜ਼ਾਦੀ, ਅਤੇ ਗਲਤੀਆਂ ਉਤੇ ਚੁੱਪ ਰਹਿਣਾ, ਬੱਚਿਆਂ ਨੂੰ ਠੀਕ ਰਸਤੇ 'ਤੋਂ ਭਟਕਾ ਦਿੰਦੇ ਹਨ। ਜੈਕੀ ਚੈਨ ਦੁਨੀਆਂ ਲਈ ਸਿਰਫ ਇੱਕ ਐਕਸ਼ਨ ਹੀਰੋ ਨਹੀਂ, ਸਗੋਂ ਇੱਕ ਚੇਤਾਵਨੀ ਭਰੀ ਮਿਸਾਲ ਵੀ ਬਣ ਗਿਆ। ਇੱਕ ਪਿਤਾ ਜਿਸ ਨੇ ਆਪਣੇ ਪਿਆਰ ਦੀ ਆੜ ਵਿਚ ਆਪਣੇ ਫਰਜ਼ ਨੂੰ ਨਜ਼ਰਅੰਦਾਜ਼ ਨਹੀਂ ਕੀਤਾ।

ਜੈਕੀ ਚੈਨ ਵਰਗੀਆਂ ਹਸਤੀਆਂ ਦੇ ਫੈਸਲੇ ਸਮਾਜ ਵਿਚ ਨਵੀਆਂ ਲਕੀਰਾਂ ਖਿੱਚਦੇ ਹਨ। ਇਹ ਫੈਸਲੇ ਸਾਨੂੰ ਸਿਖਾਉਂਦੇ ਹਨ ਕਿ ਮਾਪਿਆਂ ਦਾ ਫਰਜ਼ ਸਿਰਫ ਰੋਟੀ, ਕੱਪੜਾ ਅਤੇ ਛੱਤ ਤੱਕ ਸੀਮਤ ਨਹੀਂ, ਸਗੋਂ ਆਪਣੇ ਬੱਚਿਆਂ ਵਿਚ ਅਸਲ ਇਨਸਾਨੀਅਤ ਦੇ ਗੁਣ ਪੈਦਾ ਕਰਨਾ ਹੈ। ਪੈਸਾ ਇੱਕ ਸਾਧਨ ਹੈ, ਪਰ ਚਰਿੱਤਰ ਹੀ ਅਸਲ ਧਨ ਹੈ। ਮਾਪਿਆਂ ਨੂੰ ਆਪਣੀ ਔਲਾਦ ਦੇ ਭਵਿੱਖ ਲਈ ਸਿਰਫ ਸੰਪਤੀ ਨਹੀਂ, ਸਗੋਂ ਸੰਸਕਾਰ ਅਤੇ ਚਰਿੱਤਰ ਦੀ ਵਿਰਾਸਤ ਛੱਡਣੀ ਚਾਹੀਦੀ ਹੈ।

---

*(ਪਿਛਲੇ ਸਫੇ ਦਾ ਬਾਕੀ)*

ਰਿਹਾ ਹੈ ਜਿਵੇਂ ਪਾਣੀ ਪੱਥਰ ਨੂੰ ਖੋਰਦਾ ਹੈ - ਤਾਂ ਕੌਣ ਸੋਚ ਸਕਦਾ ਹੈ ਕਿ 'ਅਚਿੰਤੇ ਬਾਜ ਪੈਣ' ਵਰਗੀ ਕਾਰਵਾਈ ਆਮ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਤੋਂ ਸਿਵਾਏ ਕੁਝ ਹੋਰ ਕਰੇਗੀ?

ਇਸ ਦਾ ਜਵਾਬ ਦੁਖਦਾਈ ਤੌਰ 'ਤੇ ਸਪੱਸ਼ਟ ਹੈ: ਆਖਰੀ ਤਾਰੀਕ ਦਾ ਮਕਸਦ ਕਦੇ ਵੀ ਬਗਾਵਤ ਨੂੰ ਖਤਮ ਕਰਨਾ ਨਹੀਂ ਸੀ, ਇਹ ਅਮਿਤ ਸ਼ਾਹ ਦੀ ਸਮਰੱਥਾ ਬਾਰੇ ਉੱਠਦੇ ਸਵਾਲਾਂ ਨੂੰ ਖਤਮ ਕਰਨ ਲਈ ਘੜੀ ਗਈ ਸੀ। ਇਸ ਲਈ ਹਰ ਆਦਿਵਾਸੀ ਸਰੀਰ ਪ੍ਰਚਾਰ ਅਤੇ ਜਨਤਕ ਧਾਰਨਾ ਨੂੰ ਆਪਣੇ ਅਨੁਸਾਰ ਘੜਨ ਦਾ ਸੰਦ ਹੈ, ਇਸ ਦਾ ਸਬੂਤ ਕਿ ਗ੍ਰਹਿ ਮੰਤਰੀ 'ਦਹਿਸ਼ਤਵਾਦ ਵਿਰੁੱਧ ਸਖ਼ਤ' ਹੈ, ਜਦੋਂ ਕਿ ਜੰਗਲ ਬੇਕਸੂਰਾਂ ਦੇ ਖ਼ੂਨ ਨਾਲ ਲਹੂ-ਲੁਹਾਣ ਹੋ ਰਹੇ ਹਨ। ਇਸ ਦਾ ਇੱਕੋਇਕ ਉਦੇਸ਼ ਇਸ ਖੇਤਰ ਵਿਚ ਖਣਨ ਨੂੰ ਹੋਰ ਤੇਜ਼ ਕਰਨ ਲਈ ਫ਼ੌਜੀਕਰਨ ਦੀ ਮੁਹਿੰਮ ਨੂੰ ਤੇਜ਼ ਕਰਨ ਦਾ ਰਾਹ ਖੋਲ੍ਹਣਾ ਹੈ।

ਖ਼ਬਰਾਂ ਅਨੁਸਾਰ, ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ.) ਵਰਗੀਆਂ ਨੀਮ-ਫ਼ੌਜੀ ਤਾਕਤਾਂ ਨੇ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ 182 ਫਾਰਵਰਡ ਓਪਰੇਟਿੰਗ ਬੇਸ (ਮੁਹਿੰਮ ਨੂੰ ਅੱਗੇ ਵਧਾਉਣ ਲਈ ਆਧਾਰ ਕੈਂਪ - ਐਫ਼ਓਬੀ) ਸਥਾਪਤ ਕਰ ਲਏ ਹਨ। ਇਨ੍ਹਾਂ ਕੈਂਪਾਂ ਦੀ ਗਿਣਤੀ ਭਿਆਨਕ ਰਫ਼ਤਾਰ ਨਾਲ ਵਧ ਰਹੀ ਹੈ - ਪਹਿਲਾਂ ਜਿੱਥੇ ਸਾਲਾਨਾ ਔਸਤਨ 15 ਕੈਂਪ ਬਣਾਏ ਜਾਂਦੇ ਸਨ, ਹੁਣ ਸਿਰਫ਼ 2024 ਵਿਚ ਹੀ 30 ਨਵੇਂ ਕੈਂਪ ਬਣਾ ਲਏ ਗਏ ਹਨ। ਇਹ ਫਾਰਵਰਡ ਬੇਸ ਆਦਿਵਾਸੀ ਵਸੋਂ ਦੁਆਲੇ 5 ਕਿਲੋਮੀਟਰ ਦਾ ਦਮ ਘੋਟੂ ਸੁਰੱਖਿਆ ਜਾਲ ਬਣਾ ਰਹੇ ਹਨ, ਜਿਸਦਾ ਸ਼ਿਕੰਜਾ ਆਦਿਵਾਸੀ ਵਸੋਂ ਦੁਆਲੇ ਹੋਰ ਕੱਸਦਾ ਜਾ ਰਿਹਾ ਹੈ।

ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ ਰਾਜ ਦੀ ਇਨ੍ਹਾਂ ਅਸਥਾਈ ਫ਼ੌਜੀ ਚੌਕੀਆਂ ਨੂੰ ਪੱਕੇ 'ਇੰਟੈਗ੍ਰੇਟਡ ਡਿਵੈਲਪਮੈਂਟ ਸੈਂਟਰਾਂ' (ਆਈ.ਡੀ.ਸੀ.) ਵਿਚ ਬਦਲਣ ਦੀ ਧੁੱਸ - ਇਹ ਉਨ੍ਹਾਂ ਮਨਹੂਸ ਚੌਕੀਆਂ ਲਈ ਘੱਟ ਚੁੱਭਵਾਂ ਸ਼ਬਦ ਹੈ ਜੋ ਅਸਲ ਵਿਚ ਖੁੱਲ੍ਹੇ ਆਸਮਾਨ ਹੇਠ ਬਣਾਏ ਨਜ਼ਰਬੰਦੀ ਕੈਂਪਾਂ ਤੋਂ ਸਿਵਾਏ ਕੁਝ ਨਹੀਂ ਹਨ।

ਇਹ ਜੁੜਵੇਂ ਵਿਕਾਸ ਕੇਂਦਰ ਨਾਗਰਿਕ ਜੀਵਨ ਦੇ ਮੁਕੰਮਲ ਫ਼ੌਜੀਕਰਨ ਦੇ ਸੂਚਕ ਹਨ, ਜਿਨ੍ਹਾਂ ਨੂੰ ਚਲਾਕੀ ਨਾਲ ਗੋਂਡੀ ਭਾਸ਼ਾ ਵਿਚ 'ਮਨਵਾ ਨਵੋਂ ਨਾਰ' (ਸਾਡਾ ਨਵਾਂ ਪਿੰਡ) ਦਾ ਨਾਂ ਦੇ ਕੇ ਪ੍ਰਚਾਰਿਆ ਜਾ ਰਿਹਾ ਹੈ - ਇਹ ਕਰੂਰ ਭਾਸ਼ਾਈ ਚਲਾਕੀ ਹੈ ਜੋ ਇਨ੍ਹਾਂ ਦੇ ਅਸਲ ਮਕਸਦ ਨੂੰ ਲੁਕੋਂਦੀ ਹੈ। ਸਕੂਲਾਂ, ਹਸਪਤਾਲਾਂ, ਬੈਂਕਾਂ ਅਤੇ ਜਨਤਕ ਵੰਡ ਪ੍ਰਣਾਲੀਆਂ ਨੂੰ ਬੇਹੱਦ ਮਜ਼ਬੂਤ ਫ਼ੌਜੀ ਕੰਪਲੈਕਸਾਂ ਦੇ ਅੰਦਰ ਕੇਂਦ੍ਰਿਤ ਕਰਨਾ ਵਿਕਾਸ ਨਹੀਂ ਹੈ; ਇਹ ਕੰਕਰੀਟ ਦੀਆਂ ਕੰਧਾਂ ਪਿੱਛੇ ਚਲਾਇਆ ਜਾ ਰਿਹਾ ਯੁੱਧਨੀਤਕ ਨਿਗਰਾਨੀ-ਤੰਤਰ ਹੈ।

ਐਮ.ਬੀ.ਐਮ. ਦੇ ਸਾਬਕਾ ਪ੍ਰਧਾਨ ਰਘੂ ਮਿਡਿਆਮੀ ਨੇ ਮਈ 2022 ਵਿਚ ਸਿਲਗੇਰ ਵਿਚ ਇਸ ਪੱਤਰਕਾਰ ਨੂੰ ਦੱਸਿਆ ਸੀ:'ਉਹ ਕਹਿੰਦੇ ਹਨ ਕਿ ਕੈਂਪ ਆਉਣਗੇ ਤਾਂ ਉਨ੍ਹਾਂ ਦੇ ਨਾਲ ਸਾਨੂੰ ਸਕੂਲ ਅਤੇ ਹਸਪਤਾਲ ਮਿਲਣਗੇ। ਪਰ ਜਦੋਂ ਵੀ ਕੋਈ ਕੈਂਪ ਆਉਂਦਾ ਹੈ, ਉਸ ਖੇਤਰ ਦੇ ਲੋਕ ਸੰਤਾਪ ਝੱਲਦੇ ਹਨ। ਉਹ ਇੱਧਰ-ਉੱਧਰ ਨਹੀਂ ਜਾ ਸਕਦੇ, ਜੰਗਲ ਵਿਚ ਨਹੀਂ ਜਾ ਸਕਦੇ, ਪਿੰਡਾਂ ਦੇ ਬਾਜ਼ਾਰ ਵਿਚ ਨਹੀਂ ਜਾ ਸਕਦੇ, ਜੰਗਲਾਂ ਤੋਂ ਖਾਣ ਦੀਆਂ ਚੀਜ਼ਾਂ ਵੀ ਨਹੀਂ ਲੈ ਸਕਦੇ। ਜੇਕਰ ਕੋਈ ਔਰਤ ਇਕੱਲੀ ਜਾਂਦੀ ਹੈ, ਤਾਂ ਉਸਨੂੰ ਪੁਲਿਸ ਫੜ ਲੈਂਦੀ ਹੈ ਅਤੇ ਆਪਣਾ ਸ਼ਿਕਾਰ ਬਣਾਉਂਦੀ ਹੈ।'

ਨਾਗਰਿਕ-ਰਾਜ ਦਰਮਿਆਨ ਇਹ ਫ਼ੌਜੀਕ੍ਰਿਤ ਰਿਸ਼ਤਾ ਇੱਕ ਅਜਿਹਾ ਫੰਦਾ ਸਿਰਜਦਾ ਹੈ ਜਿਸ 'ਚੋਂ ਬਾਹਰ ਨਿੱਕਲਣਾ ਅਸੰਭਵ ਹੈ। ਮਿਡਿਆਮੀ ਨੇ ਫਰਵਰੀ 2025 ਵਿਚ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਇਹ ਗੱਲ ਕਹੀ ਸੀ: 'ਨੀਮ-ਫ਼ੌਜੀ ਤਾਕਤਾਂ ਦੇ ਗ਼ੈਰਹਕੀਕੀ ਟੀਚੇ ਸਿਰਫ਼ ਜੰਗਲਾਂ ਵਿਚ ਜਾ ਕੇ ਪੂਰੇ ਨਹੀਂ ਕੀਤੇ ਜਾ ਸਕਦੇ। ਉਹ ਹਰ ਤਰ੍ਹਾਂ ਦੀ ਸਹੂਲਤ ਵਾਲੇ ਕੈਂਪ ਬਣਾਉਂਦੇ ਹਨ ਤਾਂ ਜੋ ਆਦਿਵਾਸੀ ਕਿਸੇ ਨਾ ਕਿਸੇ ਮਜਬੂਰੀ ਵੱਸ ਉਨ੍ਹਾਂ ਦੇ ਅੰਦਰ ਲਾਜ਼ਮੀ ਜਾਣ। ਉਹ ਆਦਿਵਾਸੀ ਲੋਕਾਂ ਨੂੰ ਇਸ ਤਰ੍ਹਾਂ ਫੜਦੇ ਹਨ।'

ਜ਼ਿਲ੍ਹਾ ਅਧਿਕਾਰੀ, ਪੁਲਿਸ, ਨੀਮ-ਫ਼ੌਜ, ਵਣ ਅਧਿਕਾਰੀ - ਜਦੋਂ ਇੱਕ ਹੀ ਫ਼ੌਜੀ ਕਮਾਂਡ ਹੇਠ ਆ ਜਾਂਦੇ ਹਨ ਤਾਂ ਜੋ ਹੋਰ ਕਿੱਧਰੇ ਨਾਗਰਿਕ ਜੀਵਨ ਦੀ ਸਧਾਰਨ ਪ੍ਰਕਿਰਿਆ ਹੁੰਦੀ ਹੈ, ਉਹ ਬਸਤਰ ਵਿਚ ਸੋਚਿਆ-ਸਮਝਿਆ ਜੋਖ਼ਮ ਬਣ ਜਾਂਦੀ ਹੈ। ਬਸਤਰ ਵਿਚ, ਸਿਹਤ ਕੇਂਦਰ ਜਾਣਾ ਜਾਂ ਰਾਸ਼ਨ ਲੈਣ ਜਾਣਾ ਰਾਜ ਮਸ਼ੀਨਰੀ ਦੇ ਪਤਾਲ ਵਿਚ ਗੁੰਮ ਹੋ ਜਾਣ ਦੇ ਖ਼ਤਰੇ ਨੂੰ ਦਰਸਾਉਂਦਾ ਹੈ।

ਬਸਤਰ ਦਾ ਫ਼ੌਜੀਕਰਨ ਮਹਿਜ਼ ਇੱਕ ਘਰੇਲੂ ਸੁਰੱਖਿਆ ਮੁਹਿੰਮ ਨਹੀਂ ਹੈ - ਇਹ ਉਹ ਪ੍ਰਯੋਗਸ਼ਾਲਾ ਹੈ ਜਿੱਥੇ ਵਿਸ਼ਵ ਪੱਧਰ ਦੀਆਂ ਬਗਾਵਤ-ਵਿਰੋਧੀ ਤਕਨੀਕਾਂ ਦੀ ਪਰਖ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀਆਂ ਗੰਭੀਰ ਅੰਤਰਰਾਸ਼ਟਰੀ ਅਰਥ-ਸੰਭਾਵਨਾਵਾਂ ਹਨ।

ਐਫ.ਓ.ਬੀ. ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਹਨ ਜਿਨ੍ਹਾਂ ਵਿਚ ਨੇਤਰਾ-3 ਅਤੇ ਭਾਰਤ ਡਰੋਨ ਸ਼ਾਮਲ ਹਨ, ਜੋ ਇੱਕ ਵਾਰ 5 ਕਿਲੋਮੀਟਰ ਦੇ ਦਾਇਰੇ ਉੱਪਰ 60 ਮਿੰਟ ਲਈ ਨਿਗਰਾਨੀ ਕਰਨ ਦੇ ਸਮਰੱਥ ਹਨ। ਇਹ 'ਆਸਮਾਨੀ ਅੱਖਾਂ' ਕੰਪੈਕਟ ਲਾਂਚ ਪੈਡਾਂ ਤੋਂ ਵਾਸਤਵਿਕ ਸਮੇਂ ਦੀਆਂ (ਰੀਅਲ-ਟਾਈਮ) ਤਸਵੀਰਾਂ ਭੇਜਦੀਆਂ ਹਨ ਜਿਨ੍ਹਾਂ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ 'ਮਨੁੱਖਾਂ ਨੂੰ ਜਾਨਵਰਾਂ ਤੋਂ ਵੱਖ ਕਰਕੇ ਦਿਖਾ ਸਕਦੀਆਂ ਹਨ'। ਹੁਣ ਸੋਚਿਆ ਜਾਵੇ ਤਾਂ ਇਹ ਕਿੰਨਾ ਭਿਆਨਕ ਵਖਰੇਵਾਂ ਹੈ: ਕੋਈ ਵੀ ਡਰੋਨ ਜੰਗਲੀ ਉਪਜ ਇਕੱਠੀ ਕਰ ਰਹੇ ਆਦਿਵਾਸੀ ਅਤੇ ਇਕ ਕਥਿਤ ਨਕਸਲੀ ਵਿਚ ਕੀ ਵਖਰੇਵਾਂ ਕਰ ਸਕਦਾ ਹੈ?

ਇਸ ਤੋਂ ਵੀ ਚਿੰਤਾਜਨਕ ਹੈ ਬਸਤਰ ਵਿਚ ਬਿਨਾਂ ਪਾਈਲਟ ਹੇਰੋਨ ਡਰੋਨਾਂ ਦੀ ਤਾਇਨਾਤੀ। ਇਹ ਡਰੋਨ ਇਜ਼ਰਾਈਲ ਏਅਰੋਸਪੇਸ ਇੰਡਸਟਰੀਜ਼ (ਆਈਏਆਈ) ਦੁਆਰਾ ਬਣਾਏ ਗਏ ਹਨ। ਇਹ ਸਰਕਾਰੀ ਕੰਪਨੀ ਹੈ ਜੋ ਗਾਜ਼ਾ ਵਿਚ ਜਾਰੀ ਕਤਲੇਆਮ ਵਿਚ ਆਪਣੀ 'ਨਿਰਣਾਇਕ ਭੂਮਿਕਾ' ਦਾ ਜਸ਼ਨ ਮਨਾਉਂਦੀ ਹੋਈ ਆਪਣੇ ਰਿਕਾਰਡ ਮੁਨਾਫ਼ਿਆਂ 'ਤੇ ਮਾਣ ਕਰਦੀ ਹੈ। ਭਾਰਤੀ ਫ਼ੌਜੀ ਤਾਕਤਾਂ ਇਨ੍ਹਾਂ ਡਰੋਨਾਂ ਦੀ ਵਰਤੋਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਰ ਰਹੀਆਂ ਹਨ, ਉਦੋਂ ਇਹ ਬਿਨਾਂ ਹਥਿਆਰਾਂ ਦੇ ਨਿਗਰਾਨੀ ਕਰਨ ਵਾਲੇ ਡਰੋਨ ਹੁੰਦੇ ਸਨ। ਫਿਰ, ਸਭ ਕਾਸੇ ਨੂੰ ਘਾਤਕ ਸਮਰੱਥਾ ਨਾਲ ਲੈਸ ਕਰ ਦਿੱਤਾ ਗਿਆ।

ਹੇਰੋਨ ਦੇ ਨਵੇਂ ਮਾਡਲ ਮਹਿਜ਼ ਨਿਰਪੱਖ ਨਿਗਰਾਨੀ ਦੇ ਸੰਦ ਨਹੀਂ ਹਨ; ਜਦੋਂ ਇਨ੍ਹਾਂ 'ਚ ਚੱਕਰ ਲਾਉਂਦੇ ਹੋਏ ਹਮਲਾ ਕਰਨ ਵਾਲੇ ਹਥਿਆਰ (ਲੋਇਟਰਿੰਗ ਮਿਊਨੀਸ਼ਨ) ਫਿੱਟ ਕਰ ਦਿੱਤੇ ਜਾਂਦੇ ਹਨ, ਤਾਂ ਇਹ ਕਤਲੇਆਮ ਕਰਨ ਵਾਲੀਆਂ ਬੇਕਿਰਕ ਮਸ਼ੀਨਾਂ ਬਣ ਜਾਂਦੇ ਹਨ। ਆਈਏਆਈ ਆਪਣੀ ਵੈੱਬਸਾਈਟ ਉੱਪਰ ਹੇਰੋਨ ਨੂੰ 'ਯੁੱਧ ਵਿਚ ਪਰਖਿਆ' ਦੇ ਤੌਰ 'ਤੇ ਪੇਸ਼ ਕਰਦੀ ਹੈ - ਇਸ ਸੰਕੇਤਕ ਐਲਾਨ ਦਾ ਭਾਵ ਇਹ ਹੈ ਕਿ ਇਹ ਹਥਿਆਰ ਮਜ਼ਲੂਮ ਫ਼ਲਸਤੀਨੀਆਂ ਉੱਪਰ ਪਰਖਿਆ ਜਾ ਚੁੱਕਾ ਹੈ। 2008-09 ਦੇ ਓਪਰੇਸ਼ਨ ਕਾਸਟ ਲੀਡ ਤੋਂ ਬਾਅਦ, ਹਿਊਮਨ ਰਾਈਟਸ ਵਾਚ ਨੇ ਇਨ੍ਹਾਂ ਡ੍ਰੋਨਾਂ ਤੋਂ ਦਾਗ਼ੀਆਂ ਗਈਆਂ ਮਿਜ਼ਾਈਲਾਂ ਨਾਲ ਦਰਜਨਾਂ ਗਾਜ਼ਾ ਵਾਸੀਆਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਦੇ ਵੇਰਵੇ ਦੇ ਕੇ ਰਿਪੋਰਟ ਜਾਰੀ ਕੀਤੀ ਸੀ। 2013 'ਚ, ਭਾਰਤੀ ਮੀਡੀਆ ਨੇ ਇਹ ਕਹਿਣ ਦੀ ਹਿੰਮਤ ਦਿਖਾਈ ਸੀ ਕਿ ਹੇਰੋਨ ਡਰੋਨ ਬੇਕਾਰ ਸਾਬਤ ਹੋ ਰਹੇ ਸਨ - ਇਹ ਆਦਿਵਾਸੀ ਝੁੱਗੀਆਂ ਦੀਆਂ ਤਸਵੀਰਾਂ ਲੈ ਰਹੇ ਹਨ ਨਾ ਕਿ ਨਕਸਲੀ ਕੈਂਪਾਂ ਦੀਆਂ।

ਇਹ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਦੀ ਗੱਲ ਹੈ, ਉਸ ਸਮੇਂ ਦੀ ਜਦੋਂ ਕੌਮੀ ਮੀਡੀਆ, ਮੁਹਿੰਮ ਵਿਚ ਸ਼ਾਮਲ ਕਿਸੇ ਬੇਨਾਮ ਅਧਿਕਾਰੀ ਦਾ ਇਹ ਹਵਾਲਾ ਦੇਣ ਦੀ ਹਿੰਮਤ ਕਰ ਸਕਦਾ ਸੀ: 'ਤੁਸੀਂ ਜੰਗਲ ਵਿਚ ਡਰੋਨ ਦੁਆਰਾ ਦੇਖੀ ਗਈ ਹਰ ਚੀਜ਼ 'ਤੇ ਗੋਲੀ ਨਹੀਂ ਚਲਾ ਸਕਦੇ। ਇਹ ਸਾਡਾ ਆਪਣਾ ਮੁਲਕ ਹੈ; ਅਸੀਂ ਅਫ਼ਗਾਨਿਸਤਾਨ ਵਿਚ ਅਮਰੀਕਨ ਨਹੀਂ ਹਾਂ।'

ਅੱਜ, ਜੀ-ਹਜ਼ੂਰ ਮੀਡੀਆ ਹੂਬ-ਹੂਬ ਕੇ ਰਿਪੋਰਟ ਕਰਦਾ ਹੈ ਕਿ ਕਿਵੇਂ ਜ਼ੁਲਮ ਦਾ ਸੰਦ ਸਿੱਧ ਹੋ ਚੁੱਕੇ ਇਹ ਯੰਤਰ ਦੰਡਕਾਰਣੀਆ ਉੱਪਰ 35,000 ਫੁੱਟ ਦੀ ਉਚਾਈ 'ਤੇ 10-10 ਘੰਟੇ ਲਗਾਤਾਰ ਚੱਕਰ ਲਾਉਂਦੇ ਹਨ, ਤਸਵੀਰਾਂ ਲੈਂਦੇ ਹਨ ਅਤੇ ਵਾਇਰਲੈੱਸ ਤੇ ਮੋਬਾਈਲ ਫੋਨਾਂ 'ਤੇ ਹੋ ਰਹੀ ਗੱਲਬਾਤ ਨੂੰ ਸੁਣਦੇ ਹਨ। ਜਦੋਂ ਸੁਰੱਖਿਆ ਅਧਿਕਾਰੀ ਇਹ ਦਾਅਵਾ ਕਰਦੇ ਹਨ ਕਿ 'ਕਿਸੇ ਬੇਆਬਾਦ ਜਗ੍ਹਾ ਤੋਂ ਕੋਈ ਗੱਲਬਾਤ, ਕੋਈ ਫੋਨ ਕਾਲ, ਜਾਂ ਅੱਗ ਦਾ ਧੂੰਆਂ ਨਿਕਲਣਾ ਬਾਗ਼ੀਆਂ ਦੀ ਮੌਜੂਦਗੀ ਦਾ ਸੰਕੇਤ ਹੈ', ਤਾਂ ਉਹ ਜੰਗਲ ਵਿਚ ਲਏ ਗਏ ਹਰ ਅਣ-ਅਧਿਕਾਰਤ ਸਾਹ ਲਈ ਮੌਤ ਦੀ ਸਜ਼ਾ ਸੁਣਾ ਰਹੇ ਹੁੰਦੇ ਹਨ।

ਕੇਂਦਰ ਸਰਕਾਰ ਜਿਸ ਸਪਸ਼ਟ ਸੱਚਾਈ ਨੂੰ ਮੰਨਣ ਤੋਂ ਇਨਕਾਰੀ ਹੈ - ਅਤੇ ਜਿਸਨੂੰ ਅਖ਼ਬਾਰ ਤਕਨੀਕੀ ਵਿਸਥਾਰਾਂ ਅਤੇ ਵਧਾਈ ਸੰਦੇਸ਼ਾਂ ਥੱਲੇ ਦਬਾ ਦਿੰਦੇ ਹਨ - ਉਹ ਇਹ ਹੈ ਕਿ ਗਾਜ਼ਾ ਵਿਚ ਅਜ਼ਮਾਏ ਗਏ ਹਥਿਆਰਾਂ ਨੂੰ ਆਪਣੇ ਹੀ ਨਾਗਰਿਕਾਂ ਵਿਰੁੱਧ ਵਰਤਣਾ ਬਗਾਵਤ ਵਿਰੋਧੀ ਮੁਹਿੰਮ (ਕਾਊਂਟਰ-ਇਨਸਰਜੰਸੀ) ਨਹੀਂ ਹੈ। ਇਹ ਆਦਿਵਾਸੀਆਂ ਵਿਰੁੱਧ ਖੁੱਲ੍ਹੇਆਮ ਯੁੱਧ ਦਾ ਐਲਾਨ ਕਰਨਾ ਹੈ। ਰਾਜ ਨੇ ਇਜ਼ਰਾਈਲ ਦੀ ਯੁੱਧਨੀਤੀ ਆਤਮਸਾਤ ਕਰ ਲਈ ਹੈ, ਜਿਸ ਵਿਚ ਇਸ ਧਰਤੀ ਦੇ ਮੂਲ ਵਾਸੀਆਂ ਨੂੰ ਅੰਦਰੂਨੀ ਦੁਸ਼ਮਣ 'ਚ ਬਦਲ ਦਿੱਤਾ ਗਿਆ ਹੈ ਜਿਸ ਦੀ ਨਿਗਰਾਨੀ ਕਰਨੀ, ਜਿਸ ਨੂੰ ਕਾਬੂ ਕਰਨਾ ਅਤੇ ਭੈਅ ਦੇ ਸਾਮਰਾਜ ਨੂੰ ਸਥਾਈ ਬਣਾਉਣ ਲਈ ਜਿਸ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ।

ਇਸ ਨਸਲਕੁਸ਼ੀ ਦੀ ਮੁਹਿੰਮ ਦੇ ਰੂਪ 'ਚ, ਜਿਸ ਨੂੰ ਕੌਮੀ ਸੁਰੱਖਿਆ ਦਾ ਲਿਬਾਸ ਪਹਿਨਾ ਕੇ ਚਲਾਇਆ ਜਾ ਰਿਹਾ ਹੈ, ਅਮਿਤ ਸ਼ਾਹ ਨੇ ਆਪਣੀ ਮਾਸਟਰ ਪਲਾਨ ਪੇਸ਼ ਕੀਤੀ ਹੈ। ਕੋਈ ਵੀ ਰਾਜਨੀਤਕ ਵਿਸ਼ਲੇਸ਼ਕ ਦੱਸ ਸਕਦਾ ਹੈ ਕਿ ਇਹ ਸਿਰਫ਼ ਮਾਓਵਾਦੀਆਂ ਨੂੰ ਕੁਚਲਣ ਲਈ ਨਹੀਂ ਹੈ, ਬਲਕਿ ਇਹ ਅਮਿਤ ਸ਼ਾਹ ਵੱਲੋਂ ਆਪਣਾ ਜਾਨਸ਼ੀਨ ਵਾਲਾ ਬਿਰਤਾਂਤ ਘੜਨ ਦਾ ਸੰਦ ਹੈ। ਗ੍ਰਹਿ ਮੰਤਰੀ ਸਹਿਜੇ-ਸਹਿਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੈਂਠਮਾਰ ਤੋਂ ਉਸ ਦਾ ਸਪਸ਼ਟ ਜਾਨਸ਼ੀਨ ਬਣਨ ਦੀ ਦਿਸ਼ਾ 'ਚ ਵਧ ਰਿਹਾ ਹੈ, ਮੁਲਕ ਨੂੰ ਇਸਦੇ ਅੰਦਰੂਨੀ ਦੁਸ਼ਮਣਾਂ ਤੋਂ ਬਚਾਉਣ ਵਾਲੇ ਰਾਜਨੇਤਾ ਦੇ ਰੂਪ 'ਚ।

ਦੂਜੀ ਗੱਲ, ਇਹ ਬੇਰਹੋਸਗੀ ਵਾਲੀ ਸਮਾਂ-ਸੀਮਾ ਅਤੇ ਗਿਣਤੀ ਪੂਰੇ ਮੁਲਕ ਦੇ ਫ਼ੌਜੀਕਰਨ ਨੂੰ ਯੋਜਨਾਬੱਧ ਰੂਪ 'ਚ ਅੰਜਾਮ ਦੇਣ ਦੀ ਇਜਾਜ਼ਤ ਵੀ ਦਿੰਦੀ ਹੈ। ਬੇਰੋਕ-ਟੋਕ ਤਾਕਤ ਦੀ ਵਰਤੋਂ, ਮੁਹਿੰਮਾਂ ਦੀ ਜਲਦਬਾਜ਼ੀ, ਨਿਗਰਾਨੀ ਦਾ ਸ਼ਿਕੰਜਾ ਜਿਸ ਤੋਂ ਕੋਈ ਵੀ ਬਚ ਨਹੀਂ ਸਕਦਾ - ਇਹ ਸਭ ਕੁਝ ਸਾਡਾ ਵੀ ਇੰਤਜ਼ਾਰ ਕਰ ਰਿਹਾ ਹੈ।

ਤੀਜੀ ਗੱਲ, ਇਹ ਸੰਜੇਪੱਖੀ ਧਿਰ ਦੇ ਦੁਸ਼ਮਣ ਨੂੰ ਪਰਿਭਾਸ਼ਿਤ ਕਰਨ ਦੇ ਪ੍ਰੋਜੈਕਟ ਨੂੰ ਖ਼ੁਰਾਕ ਦਿੰਦਾ ਹੈ। ਮਾਓਵਾਦੀ ਖ਼ਤਰੇ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਨਾਲ 'ਅਰਬਨ ਨਕਸਲ' ਵਰਗੇ ਸ਼ਬਦ ਨਾਅਰਾ ਅਤੇ ਤਕੀਆ-ਕਲਾਮ ਬਣਕੇ ਪ੍ਰਚਲਤ ਹੋ ਜਾਂਦੇ ਹਨ। ਹਰ ਗ੍ਰਿਫ਼ਤਾਰੀ, ਆਦਿਵਾਸੀ ਜਨ-ਅੰਦੋਲਨਾਂ ਉੱਪਰ ਹਰ ਪਾਬੰਦੀ ਇਹ ਸੰਦੇਸ਼ ਦਿੰਦੀ ਹੈ: ਕਿਸੇ ਵੀ ਰੂਪ 'ਚ ਵਿਰੋਧ/ਟਾਕਰੇ ਨੂੰ ਅਪਰਾਧ ਮੰਨਿਆ ਜਾਵੇਗਾ। ਇੱਥੋਂ ਤੱਕ ਕਿ ਟਰੇਡ ਯੂਨੀਅਨਾਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।

ਚੌਥੀ, ਅਤੇ ਆਖਰੀ ਗੱਲ, ਓਪਰੇਸ਼ਨ ਕਗਾਰ ਮੁਹਿੰਮ ਕਾਰਪੋਰੇਟ-ਰਾਜ ਦੇ ਗੰਢ-ਚਿਤਰਾਵੇ ਨੂੰ ਮੁਕੰਮਲ ਕਰਦੀ ਹੈ। ਦਸਤੇ ਬਣਾ ਕੇ ਘੁੰਮਦੇ ਹਥਿਆਰਬੰਦ ਛਾਪਾਮਾਰ ਭਲੇ ਹੀ ਖ਼ਤਰਾ ਨਾ ਹੋਣ, ਫਿਰ ਵੀ ਉਹ ਐਸਾ ਝਮੇਲਾ ਹਨ ਜਿਸ ਤੋਂ ਕੰਪਨੀਆਂ ਛੁਟਕਾਰਾ ਪਾਉਣਾ ਚਾਹੁਣਗੀਆਂ।

ਖਣਨ ਕੰਪਨੀਆਂ ਨੂੰ ਵਸੋਂ ਰਹਿਤ ਜ਼ਮੀਨ ਚਾਹੀਦੀ ਹੈ; ਰਾਜ, ਭਾੜੇ ਦੇ ਫ਼ੌਜੀ ਦੀ ਤਰ੍ਹਾਂ, ਇਸ ਕੰਮ ਲਈ ਰਾਸ਼ਟਰਵਾਦ ਦਾ ਲਿਬਾਸ ਪਹਿਨਾ ਕੇ ਦਸਤੇ ਮੁਹੱਈਆ ਕਰਾਉਂਦਾ ਹੈ। ਅੰਤਰਰਾਸ਼ਟਰੀ ਸਰਮਾਏ ਨੂੰ ਕੁਦਰਤੀ ਦੌਲਤ ਦੀ ਬੇਰੋਕ-ਟੋਕ ਲੁੱਟਮਾਰ ਚਾਹੀਦੀ ਹੈ; ਅਮਿਤ ਸ਼ਾਹ ਇਸ ਨੂੰ ਉਨ੍ਹਾਂ ਫ਼ੌਜੀ ਛਾਉਣੀ ਬਣਾਏ ਖੇਤਰਾਂ ਦੇ ਰੂਪ 'ਚ ਯਕੀਨੀ ਬਣਾਉਂਦਾ ਹੈ ਜਿੱਥੇ ਕੋਈ ਪੁੱਛਣ ਵਾਲਾ ਨਹੀਂ ਹੈ। ਇਨ੍ਹਾਂ ਕਤਲਗਾਹਾਂ ਦੇ ਰੰਗ-ਮੰਚ ਵਿਚ, ਬਗਾਵਤ-ਵਿਰੋਧੀ ਮੁਹਿੰਮ ਮਹਿਜ਼ ਇਕ ਪਿੱਠਭੂਮੀ ਹੈ - ਅਸਲੀ ਯੋਗਤਾ-ਪ੍ਰਦਰਸ਼ਨ ਤਾਂ ਸੱਤਾ ਲਈ ਹੋ ਰਿਹਾ ਹੈ। ਜਦੋਂ ਕਿ ਮਾਓਵਾਦੀਆਂ ਨੂੰ ਤਾਂ ਸਹੂਲਤ ਲਈ ਖ਼ਤਰੇ ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ, ਅਮਿਤ ਸ਼ਾਹ ਦਾ ਅਸਲ ਨਿਸ਼ਾਨਾ ਜਮਹੂਰੀ ਸਪੇਸ ਹੈ, ਜਿਸਨੂੰ ਸਿਲਸਿਲੇਵਾਰ ਤਰੀਕੇ ਨਾਲ ਇਸ ਤਰ੍ਹਾਂ ਸੁੰਗੇੜਿਆ ਜਾ ਰਿਹਾ ਹੈ ਕਿ ਅੰਤ 'ਚ ਸਿਰਫ਼ ਵਫ਼ਾਦਾਰੀ ਅਤੇ ਚੁੱਪ ਹੀ ਬਾਕੀ ਬਚੇ।

ਇਸ ਦੌਰਾਨ, ਬਸਤਰ ਅੰਦਰ ਸਰਕਾਰੀ ਮੁਰਦਾ ਘਰਾਂ ਅਤੇ ਬੇਪਛਾਣ ਕਬਰਾਂ ਵਿਚ ਆਦਿਵਾਸੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਰਹੇ ਹਨ, ਜਦੋਂ ਕਿ ਨੀਮ-ਫ਼ੌਜੀ ਤਾਕਤਾਂ ਇਨ੍ਹਾਂ ਕਤਲਾਂ ਬਦਲੇ ਆਪਣੇ ਇਨਾਮ ਅਤੇ ਤਰੱਕੀਆਂ ਬਟੋਰ ਰਹੀਆਂ ਹਨ। ਇਸ ਘੇਰਾਬੰਦੀ ਦੇ ਮਾਹੌਲ ਵਿਚ ਬੱਚੇ ਯੁੱਧ ਦੇ ਲਾਜ਼ਮੀ ਨੁਕਸਾਨ ਵਜੋਂ ਮਾਰੇ ਜਾ ਰਹੇ ਹਨ, ਅਤੇ ਆਦਿਵਾਸੀ ਔਰਤਾਂ ਗੋਲੀਆਂ ਨਾਲ ਮਰਨ ਨੂੰ ਤਰਜੀਹ ਦਿੰਦੀਆਂ ਹਨ ਕਿਉਂਕਿ ਉਹ ਬਲਾਤਕਾਰ ਬਰਦਾਸ਼ਤ ਨਹੀਂ ਕਰ ਸਕਦੀਆਂ - ਇਹ ਸ਼ਬਦ ਸਿਰਫ਼ ਵਿਅਕਤੀਗਤ ਸੈਨਿਕਾਂ ਨੂੰ ਨਹੀਂ, ਦਰਅਸਲ ਲੋਕਤੰਤਰ ਦੀ ਜਨਨੀ ਕਹਾਉਣ ਵਾਲੇ ਇਸ ਪ੍ਰਬੰਧ ਅੰਦਰ ਵਿਆਪਕ ਕਬਜ਼ੇ ਅਤੇ ਰਾਜਕੀ ਹਿੰਸਾ ਦੇ ਢਾਂਚੇ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹਨ।

ਦੰਡਕਾਰਣੀਆ ਹੁਣ ਸਮੂਹਿਕ ਸਜ਼ਾ ਦਾ ਜੰਗਲ ਬਣ ਚੁੱਕਾ ਹੈ, ਸਾਡੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਜੰਗੀ ਜੁਰਮ। ਜਦੋਂ ਇਨ੍ਹਾਂ ਜ਼ੁਲਮਾਂ ਨੂੰ ਸਾਡੀਆਂ ਅੱਖਾਂ ਸਾਹਮਣੇ ਅੰਜਾਮ ਦਿੱਤਾ ਜਾ ਰਿਹਾ ਹੈ ਤਾਂ ਚੁੱਪ ਰਹਿਣਾ ਉਸ ਹਿੰਸਾ ਵਿਚ ਭਾਈਵਾਲ ਬਣਨਾ ਹੈ ਜਿਸ ਨੂੰ ਉਦੋਂ ਤੱਕ ਭੜਕਾ ਕੇ ਰੱਖਿਆ ਜਾਵੇਗਾ ਜਦੋਂ ਤੱਕ ਇਹ ਸਾਰਿਆਂ ਨੂੰ ਲਪੇਟ 'ਚ ਲੈਣ ਵਾਲੀ ਅੱਗ ਵਿਚ ਨਹੀਂ ਬਦਲ ਜਾਂਦੀ।

(ਫਰੰਟਲਾਈਨ, 30 ਅਪ੍ਰੈਲ 2025 ਦੇ ਧੰਨਵਾਦ ਸਹਿਤ)

# ‘ਮਿਜ਼ਾਈਲਾਂ/ਡਰੋਨਾਂ ਦੀ ਹਨੇਰੀ ’ਚ ਕਾਵਿਕ ਕਿਣ-ਮਿਣ’

7 ਤੋਂ 10 ਮਈ ਤਕ ਹੋਈ ਚਾਰ ਦਿਨਾਂ ਦੀ ਜੰਗ ਦੌਰਾਨ ‘ਮਿਜ਼ਾਈਲਾਂ, ਡਰੋਨਾਂ, ਬੰਬਾਂ, ਹਵਾਈ ਹਮਲਿਆਂ ਦੀ ਹਨੇਰੀ ਦੌਰਾਨ ਅਤੇ ਤੁਰੰਤ ਮਗਰੋਂ ਸਾਡੇ ਪ੍ਰਧਾਨ ਮੰਤਰੀ ਦੇ ਕੌਮ ਦੇ ਨਾਮ ਸੰਦੇਸ਼ ਅਤੇ ‘ਓਪਰੇਸ਼ਨ-ਸਿੰਧੂਰ’ ਦੇ ਮਿਲਟਰੀ ਕਮਾਂਡਰਾਂ ਵਲੋਂ ਕੀਤੀਆਂ ਗਈਆਂ ਮੀਡੀਆ ਕਾਨਫਰੰਸਾਂ ਵਿਚ ਬਹੁਤ ਕਾਵਿਕ ਕਿਣ-ਮਿਣ ਹੋਈ, ਖੂਬ ਸ਼ੇਅਰੋ-ਸ਼ਾਇਰੀ ਸੁਣਨ ਨੂੰ ਮਿਲੀ ਤੇ ਕ੍ਰਿਕਟ ਦੇ ਹਵਾਲੇ ਵੀ ਦਿੱਤੇ ਗਏ। ਸਾਹਿਤਕ, ਧਾਰਮਿਕ,



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਸਭਿਆਚਾਰਕ ਹਵਾਲਿਆਂ ਦਾ ਆਹਵਾਨ ਇਸ ਲਈ ਕੀਤਾ ਗਿਆ ਤਾਂ ਕਿ ਆਪਣੀ ਗੱਲ ਵਧੇਰੇ ਦ੍ਰਿੜ੍ਹਤਾ ਨਾਲ ਸਮਝਾਈ ਅਤੇ ਆਪਰੇਸ਼ਨ ਦੀ ਆਕਰਮਤਾ ਦਰਸਾਈ ਜਾ ਸਕੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਨ ਤਾਂ ਹੁੰਦਾ ਹੀ ਜੋਸ਼ੀਲਾ, ਅਲੰਕ੍ਰਿਤ ਅਤੇ ਭਾਵੁਕ। ਇਸ ਵਿਚ ਵਿਸ਼ੇਸ਼ ਕਰਕੇ ਅਨੁਪ੍ਰਾਸ ਅਲੰਕਾਰ ਜੜਿਆ ਹੁੰਦੈ। ਉਹ ਸ਼ੇਅਰੋ-ਸ਼ਾਇਰੀ ਤਾਂ ਘੱਟ ਕਰਦੇ ਹਨ ਪਰ ਬੋਲਣ ਦਾ ਲਹਿਜ਼ਾ ਸ਼ਾਇਰਾਨਾ ਹੁੰਦੈ ਤੇ ਗੜ੍ਹਕੇ-ਦੜ੍ਹਕੇ ਵਾਲਾ ਵੀ।

ਪਰ ਆਦਮਪੁਰ ਏਅਰਬੇਸ ਉੱਪਰ 13 ਮਈ ਨੂੰ ਫੌਜੀ ਯੋਧਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਵੀ ਕਵੀ ਸ਼ਿਆਮ ਨਰਾਇਣ ਪਾਂਡੇ ਦੀ ਰਾਣਾ ਪ੍ਰਤਾਪ ਦੇ ਤੇਜ਼, ਤਕੜੇ ਤੇ ਸਾਵਾਮੀ-ਭਗਤ ਘੋੜੇ ‘ਚੇਤਕ’ ਉੱਪਰ ਲਿਖੀ ਕਵਿਤਾ ਦੀਆਂ ਚਾਰ ਪੰਕਤੀਆਂ ਸੁਣਾਈਆਂ। ਇਨ੍ਹਾਂ ਦਾ ਮਕਸਦ ਸਾਡੀ ਹਵਾਈ ਫੌਜ ਦੇ ਰੱਖਿਆ ਸਿਸਟਮ, ਸਾਡੇ ਮਿਜ਼ਾਈਲਾਂ, ਲੜਾਕੂ ਜਹਾਜ਼ਾਂ ਦੀ ਸ਼ਕਤੀ, ਫੁਰਤੀ ਅਤੇ ਹੌਸਲਾ ਦਰਸਾਉਣਾ ਸੀ। ਸੈਨਾ ਦੇ ਬਾਕੀ ਅੰਗਾਂ, ਅਰਧ-ਸੈਨਿਕ ਬਲਾਂ ਅਤੇ ਹੋਰ ਸਭ ਜੋ ਇਸ ਆਪਰੇਸ਼ਨ ਵਿਚ ਸ਼ਾਮਿਲ ਸਨ ਨੂੰ ਸਲਾਮ ਕਰਨਾ ਅਤੇ ਉਨ੍ਹਾਂ ਦੇ ‘ਦਰਸ਼ਨ’ ਕਰਨਾ ਸੀ।

ਨਾਲ ਹੀ ਸਰਹੱਦ ਪਾਰੋਂ ਬੋਲੇ ਜਾ ਰਹੇ ਮਣਾਂ-ਮੂੰਹੀਂ ਝੂਠ, ਕਿ ਆਦਮਪੁਰ ਹਵਾਈ ਅੱਡਾ ‘ਖੰਡਰ’ ਕਰ ਦਿਤਾ ਗਿਐ, ਨੂੰ ਸੱਚ ਦੇ ਆਹਮੋ-ਸਾਹਮਣੇ ਖੜ੍ਹਾ ਕਰਨਾ ਸੀ ਅਤੇ ਪੂਰੇ ਸੰਸਾਰ ਨੂੰ ਇਹ ਦਰਸਾਉਣਾ ਸੀ ਕਿ ਸਾਡਾ ਏਅਰਬੇਸ ਨਾ ਸਿਰਫ ਬਿਲਕੁਲ ਠੀਕ ਹੈ ਬਲਕਿ ਇੰਨਾ ਠੀਕ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਥੇ ਪੁੱਜ ਕੇ, ਦੁਸ਼ਮਣ ਦੇਸ਼ ਦੀ ਸਰਹਦ ਤੋਂ ਸਿਰਫ 100 ਕਿਲੋ ਮੀਟਰ ਦੀ ਦੂਰੀ ’ਤੇ, ਹਵਾਈ ਸੈਨਾ ਦੇ ਸੂਰਮਿਆਂ ਨੂੰ ਮਿਲਣ ਆਇਆ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ। ਉਹ ਵੀ ਉਸ ਵੇਲੇ ਜਦ ਫਿਜ਼ਾ ਵਿਚ ਬਾਰੂਦ ਦੀ ਬੂ ਅਜੇ ਬਿਲਕੁਲ ਉਵੇਂ ਦੀ ਉਵੇਂ ਆ ਰਹੀ ਸੀ।

ਖੈਰ, ‘ਪਾਂਡੇ’ ਦੀ ਇਹ ਲੰਮੀ ਕਵਿਤਾ ‘ਚੇਤਕ ਕੀ ਵੀਰਤਾ’ ਇੰਝ ਸ਼ੁਰੂ ਹੁੰਦੀ ਹੈ:

‘ਰਣ ਬੀਚ ਚੌਕੜੀ ਭਰ ਭਰ ਕਰ,
ਚੇਤਕ ਬਨ ਗਯਾ ਨਿਰਾਲਾ ਥਾ।
ਰਾਣਾ ਪ੍ਰਤਾਪ ਕੇ ਘੋੜੇ ਸੇ,
ਪੜ ਗਯਾ ਹਵਾ ਕਾ ਪਾਲਾ ਥਾ’। ...

ਪ੍ਰਧਾਨ ਮੰਤਰੀ ਨੇ ਹੇਠਲੀਆਂ ਸਤਰਾਂ ਕੋਟ ਕੀਤੀਆਂ ਸਨ-

‘ਕੌਸ਼ਲ ਦਿਖਲਾਯਾ ਚਾਲੋਂ ਮੇਂ,
ਉੜ ਗਯਾ ਭਿਆਨਕ ਭਾਲੋਂ ਮੇਂ।
ਨਿਰਭੀਕ ਗਯਾ ਵਹ ਢਾਲੋਂ ਮੇਂ,
ਸਰਪਟ ਦੌੜਾ ਕਰਬਾਲੋਂ ਮੇਂ।

ਉਨ੍ਹਾਂ ਨੇ ਸ਼ਾਂਤੀ-ਦੂਤ ਬੁੱਧ ਦੀ ਧਰਤੀ ਦਾ ਜ਼ਿਕਰ ਵੀ ਕੀਤਾ ਅਤੇ ਬਹਾਦਰਾਂ ਦੀ ਧਰਤੀ ਦਾ ਵੀ, ਜਿਥੇ ਜ਼ੁਲਮ-ਜਬਰ ਵਿਰੁੱਧ ਲੜਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੋਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੇਠ ਲਿਖੀਆਂ ਟੂਕਾਂ ਦਾ ਹਵਾਲਾ ਦਿੱਤਾ-

‘ਸਵਾ ਲਾਖ ਸੇ ਏਕ ਲੜਾਊਂ...
ਚਿੜੀਉਂ ਸੇ ਮੈਂ ਬਾਜ ਤੁੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ”।

ਅਜਿਹਾ ਉਨ੍ਹਾਂ ਸ਼ਾਂਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਦਰਸਾਉਣ ਲਈ ਕੀਤਾ।

ਕੌਮ ਦੇ ਨਾਮ 12 ਮਈ ਦੀ ਰਾਤ 8 ਵਜੇ ਦਿਤਾ ਸੰਦੇਸ਼ ਅਤੇ 13 ਮਈ ਨੂੰ ਆਦਮਪੁਰ ਵਿਚਲੇ ਜੋਸ਼ੀਲੇ ਭਾਸ਼ਨ ਵਿਚ ਅਨੁਪ੍ਰਾਸ ਅਲੰਕਾਰ ਦੀ ਭਰਮਾਰ ਸੀ। (ਲਿਖਤ, ਖਾਸ ਕਰਕੇ ਕਵਿਤਾ ਵਿਚ, ਇੱਕੋ ਅੱਖਰ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਦੀ ਵਰਤੋਂ ਕਰਨ ਨੂੰ ਅਨੁਪ੍ਰਾਸ ਕਿਹਾ ਜਾਂਦੈ) ਪ੍ਰਧਾਨ ਮੰਤਰੀ ਇਸ ਕਲਾ ਦੇ ਮਾਹਿਰ ਹਨ। ਕੁਝ ਕੁ ਉਦਾਹਰਨਾਂ ਪੇਸ਼ ਹਨ:

‘ਟਾਕਸ’ ਅਤੇ ‘ਟੈਰਰ’(ਗਲਬਾਤ ਅਤੇ ਅਤਿਵਾਦ), ‘ਟਰੇਡ’ ਅਤੇ ‘ਟੈਰਰ’ (ਵਪਾਰ ਅਤੇ ਗੱਲਬਾਤ) ਇਕੱਠੇ ਨਹੀਂ ਚਲ ਸਕਦੇ। ਮੈਟਾਫਰ (ਰੂਪਕ ਅਲੰਕਾਰ) ਵਰਤਦਿਆਂ ਉਨ੍ਹਾਂ ਇਹ ਵੀ ਕਿਹਾ ਕਿ ‘ਪਾਣੀ’ ਅਤੇ ‘ਖੂਨ’ ਵੀ ਇਕੱਠੇ ਨਹੀਂ ਵਗ ਸਕਦੇ। ਇਥੇ ਉਨ੍ਹਾਂ ਦਾ ਭਾਵ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਕੀਤੇ ਜਾਣਾ ਅਤੇ ਸਰਹੱਦੋਂ ਪਾਰ ਅਤਿਵਾਦੀਆਂ ਦੀ ਹੁੰਦੀ ਪੁਸ਼ਤਪਨਾਹੀ ਸੀ।

ਉਨ੍ਹਾਂ ਨੇ ‘ਨੀਅਤ, ਨੀਤੀ ਅਤੇ ਨਿਰਣੇ’ ਲੈਣ ਦੀ ਸਮਰੱਥਾ ਦਾ ਜ਼ਿਕਰ ਕਰਦਿਆਂ ਵੀ ਇਹ ਅਲੰਕਾਰ ਵਰਤਿਆ। ਜਵਾਨਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ‘ਅ’ ਅੱਖਰ ਦੀ ਖੁੱਲ੍ਹ ਕੇ ਵਰਤੋਂ ਕੀਤੀ ਅਤੇ ਕਿਹਾ, ‘ਆਪ ਨੇ ਜੋ ਕੀਆ ਵੋ ਅਭੂਤਪੂਰਵ (ਬੇਮਿਸਾਲ), ਅਕਲਪਨੀਯ (ਕਲਪਨਾ ਤੋਂ ਪਰੇ) ਔਰ ਅਭੂਤ (ਹੈਰਾਨੀਜਨਕ) ਹੈ’।



ਉਨ੍ਹਾਂ ਪਾਕਿਸਤਾਨ ਵਲੋਂ ਨਿਊਕਲਰ ਬਲੈਕਮੇਲ ਨੂੰ ਖਾਰਿਜ ਕਰਦਿਆਂ ਹਰ ਆਤੰਕੀ ਹਮਲੇ ਦਾ ਆਪਣੇ ਅਨੁਸਾਰ ਜਵਾਬ ਦੇਣ ਦੀ ਗੱਲ ਦੁਹਰਾਈ।

ਇਸ ਤੋਂ ਪਹਿਲਾਂ 10 ਮਈ ਨੂੰ ਆਪਣੀ ਪ੍ਰੈਸ ਕਾਨਫ੍ਰੰਸ ਦੌਰਾਨ ‘ਓਪਰੇਸ਼ਨ ਸਿੰਧੂਰ’ ਦੇ ਤਿੰਨਾਂ ਸੈਨਾਵਾਂ ਦੇ ਡਾਇਰੈਕਟਰ ਜਨਰਲ ਆਫ ਆਪਰੇਸ਼ਨਜ਼ ਨੇ ਕ੍ਰਿਕਟ, ਕਵਿਤਾ ਅਤੇ ਧਾਰਮਿਕ ਹਵਾਲੇ ਦਿਤੇ। ਸਾਡੇ ਲਈ ਇਹ ਬਾ-ਕਮਾਲ ਗੱਲ ਸੀ। ਅਸੀਂ ਆਪ ਵੀ ਅੱਧੇ-ਪਚੱਧੇ ਫੌਜੀ ਹਾਂ ਕਿਉਂਕਿ ਸਾਡੀ ਸੁਰੱਖਿਆ ਦੀ ਦੂਜੀ ਕਤਾਰ ਸਮਝੀ ਜਾਂਦੀ ਰਾਸ਼ਟਰੀ ਕੈਡਿਟ ਕੋਰ (ਐਨ.ਸੀ.ਸੀ.) ਅਸੀਂ 3 ਸਾਲ ਕੀਤੀ ਹੈ, ‘ਸੀ’ ਸਰਟੀਫਿਕੇਟ ਪਾਸ ਹਾਂ ਅਤੇ ਬਾਅਦ ਵਿਚ ਕਾਲਜ ਦੀ ਸਰਵਿਸ ਸਮੇਂ ਕਈ ਸਾਲ ਐਨ.ਸੀ.ਸੀ. ਅਫਸਰ ਰਹੇ ਹਾਂ। ਫੌਜ ਦੀ ਕਾਫੀ ਸਖਤ ਟਰੇਨਿੰਗ ਲਈ ਹੈ। ਮੇਰੇ ਪਿਤਾ ਜੀ ਵੀ ਸਿਗਨਲ ਕੋਰ ਵਿਚ ਸਨ। ਅਸੀਂ ਇਹ ਗੱਲ ਤਾਂ ਦੱਸ ਰਹੇ ਹਾਂ ਕਿ ਫੌਜ ਦੀ ਆਮ ਦਿਨਾਂ ਦੀ ਟਰੇਨਿੰਗ ਹੀ ਐਨੀ ਸਖਤ ਹੁੰਦੀ ਹੈ ਕਿ ਬੰਦਾ ਥੱਕ ਟੁੱਟ ਕੇ ਬਿਸਤਰ ਉਪਰ ਧੜੰਮ ਡਿਗ ਪੈਂਦੈ, ਸ਼ੇਅਰੋ-ਸ਼ਾਇਰੀ ਤਾਂ ਗਈ ਤੇਲ ਲੈਣ! ਅਤੇ ਜਦ ਫੌਜ ਇੱਕ ਜੰਗ ਲੜ ਰਹੀ ਹੋਵੇ ਤਾਂ ਆਪਾਂ ਆਪ ਹੀ ਸਮਝ ਸਕਦੇ ਹਾਂ ਕਿ ਜਰਨੈਲਾਂ ਅਤੇ ਆਪਰੇਸ਼ਨ ਦੇ ਕਮਾਂਡਰਾਂ ਉੱਪਰ ਕਿੰਨਾ ਦਬਾਅ ਅਤੇ ਤਣਾਅ ਹੁੰਦਾ ਹੋਵੇਗਾ।

ਪਰ ਤਿੰਨਾਂ ਮਿਲਟਰੀ ਕਮਾਂਡਰਾਂ ਨੇ ਬਿਲਕੁਲ ਸਹਿਜ-ਭਾਅ, ਪੇਸ਼ਾਵਰ ਰਵੱਈਏ ਅਤੇ ਹਾਜ਼ਰ ਜਵਾਬੀ, ਚੁਸਤ ਫਿਕਰੇ ਅਤੇ ਕ੍ਰਿਕਟ ਦੇ ਹਵਾਲੇ ਇੰਝ ਦਿਤੇ ਜਿਵੇਂ ਉਹ ਜੰਗ ਦੇ ਮੈਦਾਨ ਵਿਚ ਨਹੀਂ ਸਗੋਂ ਆਮ ਦਿਨਾਂ ਵਾਂਗ ਵਿਚਰ ਰਹੇ ਹੋਣ। ਹੋਰ ਤਾਂ ਹੋਰ, ਇਕ ਦੋ ਵਾਰ ਤਨਜ਼ ਵੀ ਕੱਸੀ। ਪਰ ਮੀਡੀਆ ਦੇ ਸਵਾਲਾਂ ਦੇ ਜਵਾਬ ਬੜੀ ਦ੍ਰਿੜ੍ਹਤਾ ਪਰ ਸਲੀਕੇ ਨਾਲ ਦਿਤੇ।

ਉਸ ਦਿਨ ਕ੍ਰਿਕਟ ਜਗਤ ਦੇ ਨਾਇਕ ਵਿਰਾਟ ਕੋਹਲੀ ਨੇ ਟੈਸਟ ਕ੍ਰਿਕਟ ਤੋਂ ਰਿਟਾਇਰ ਹੋਣ ਦਾ ਐਲਾਨ ਕੀਤਾ ਸੀ। ਇਸ ਗੱਲ ਵੱਲ ਇਸ਼ਾਰਾ ਕਰਦਿਆਂ ਡਾਇਰੈਕਟਰ ਜਨਰਲ ਆਫ ਮਿਲਟਰੀ ਆਪਰੇਸ਼ਨ ਲੈਫਟੀਨੈਂਟ ਜਨਰਲ ਰਜੀਵ ਘਈ ਨੇ ਦਸਿਆ ਕਿ ਉਹ ਕੋਹਲੀ ਦੇ ਫੈਨ ਹਨ। ਫਿਰ ਉਨ੍ਹਾਂ ਦੁਸ਼ਮਣ ਦੇ ਦੰਦ ਖੱਟੇ ਕੀਤੇ ਜਾਣ ਸਬੰਧੀ ਕ੍ਰਿਕਟ ਦਾ ਦ੍ਰਿਸ਼ਟਾਂਤ ਦਿੰਦਿਆਂ ਆਸਟਰੇਲੀਆ ਦੇ ਨਾਮਵਰ ਕ੍ਰਿਕਟ ਗੇਂਦਬਾਜ਼ਾਂ ਜੈਫ ਟਾਮਸ ਅਤੇ ਡੈਨਿਸ ਲਿੱਲੀ ਬਾਰੇ ਪ੍ਰਚੱਲਿਤ 1975 ਦੇ ਇੱਕ ਕਾਵਿਕ ਟੋਟਕੇ ਦਾ ਜ਼ਿਕਰ ਕੀਤਾ ਜੋ ਗੇਂਦਬਾਜ਼ਾਂ ਵਲੋਂ ਉਸ ਸਮੇਂ ਇੰਗਲੈਂਡ ਦੇ ਬੱਲੇਬਾਜ਼ਾਂ ਦੀ ਰੱਜ ਕੇ ਧੁਲਾਈ ਕਰਨ ਕਾਰਨ ਲਿਖੀ ਗਈ ਸੀ-’ਐਸ਼ਜ਼ ਟੂ ਐਸ਼ਜ਼, ਡਸਟ ਟੂ ਡਸਟ/ਇਫ ਟੌਮੋ ਡਸ ਨਾਟ ਗੈਟ ਯੂ, ਲਿੱਲੀ ਮਸਟ’, ਭਾਵ ਤੁਹਾਡੀ ਠੁਕਾਈ ਨਿਰਦੈਤਾ ਨਾਲ ਹੋਊ, ਸਵਾਹ ਕਰ ਦਿਤੇ ਜਾਓਗੇ, ਮਿੱਟੀ ’ਚ ਮਿਲਾ ਦਿਤੇ ਜਾਓਗੇ, ਜੇ ਟਾਮਸ ਤੋਂ ਬਚ ਗਏ ਤਾਂ ਲਿੱਲੀ ਤੋਂ (ਮਾਰ) ਖਾਓਗੇ’! ਇਥੇ ਇਹ ਦੱਸ ਦਈਏ ਕਿ ‘ਐਸ਼ਜ਼’ ਕ੍ਰਿਕਟ ਦੀ ਮਸ਼ਹੂਰ ਸ਼ਾਰੰਖਲਾ ਦਾ ਨਾਮ ਹੈ ਪਰ ਇਥੇ ਇਸ ਸ਼ਬਦ ਉਪਰ ‘ਪਲੇ’ ਕਰਦਿਆਂ ਇਸ ਦਾ ਦੂਸਰਾ ਅਰਥ ‘ਸਵਾਹ’ ਵੀ ਵਰਤਿਆ ਗਿਆ ਹੈ।

ਜਦ ਇਸ ਬ੍ਰੀਫਿਗ ਵਿਚ ਇੱਕ ਵੀਡੀਓ ਦਿਖਾਈ ਗਈ ਤਾਂ ਉਸ ਵਿਚ ਰਾਸ਼ਟਰੀ ਕਵੀ ਰਾਮਧਾਰੀ ਸਿੰਘ ‘ਦਿਨਕਰ’ ਦੀ ਮਸ਼ਹੂਰ ਕਵਿਤਾ ‘ਕ੍ਰਿਸ਼ਨਾਂ ਦੀ ਚਿਤਾਵਨੀ’ ਦੀਆਂ ਇਹ ਸਤਰਾਂ ਸਨ-

‘ਹਿਤ ਵਚਨ ਨਹੀਂ ਤੂ ਨੇ ਮਾਨਾਂ
ਮੈਤ੍ਰੀ ਕਾ ਮੂਲਯ ਨਾਂ ਪਹਿਚਾਨਾ
ਤੋ ਲੇ ਅਬ ਮੈਂ ਭੀ ਜਾਤਾ ਹੂੰ
ਅੰਤਿਮ ਸੰਕਲਪ ਸੁਨਾਤਾ ਹੂੰ;
ਯਾਚਨਾਂ ਨਹੀਂ ਅਬ ਰਣ ਹੋਗਾ
ਜੀਵਨ ਜਯਾ ਯਾ ਕੀ ਮਰਨ ਹੋਗਾ’!

ਜਦ ਇੱਕ ਪੱਤਰਕਾਰ ਨੇ ਇਸ ਦੇ ਕਾਰਨ ਬਾਰੇ ਸਵਾਲ ਕੀਤਾ ਤਾਂ ਏਅਰ ਮਾਰਸ਼ਲ ਏ.ਕੇ. ਭਾਰਤੀ ਨੇ ‘ਰਾਮ ਚਰਿੱਤਰ ਮਾਨਸ’ ਦਾ ਹਵਾਲਾ ਦਿਤਾ ਜਿਥੇ ਭਗਵਾਨ ਰਾਮ, ਸਮੁੰਦਰ ਵਲੋਂ ਲੰਕਾ ਜਾਣ ਲਈ ਰਾਹ ਦੇਣ ਤੋਂ ਇਨਕਾਰ ਕਰਨ ਉਪਰੰਤ ਆਪਣਾ ਰਾਮਬਾਣ ਦਾਗਣ ਦੀ ਚਿਤਾਵਨੀ ਦਿੰਦੇ ਹਨ-’ਵਿਨੈ ਨਾਂ ਮਾਨਤ ਜਲਧ ਜੜ ਗਏ ਤੀਨ ਦਿਨ ਬੀਤ/ਬੋਲੇ ਰਾਮ ਸਕੋਪ ਤਬ ਭੈਅ ਬਿਨ ਹੋਏ ਨਾਂ ਪ੍ਰੀਤ’! ਫਿਰ ਉਨ੍ਹਾਂ ਮਾਅਨੀਖੇਜ਼ ਅੰਦਾਜ਼ ’ਚ ਕਿਹਾ, ‘ਸੰਦੇਸ਼ ਜਿਥੇ ਪੁੱਜਣਾ ਚਾਹੀਦਾ ਸੀ ਓਥੇ ਪੁੱਜ ਗਿਐ’। ਸਪਸ਼ਟ ਹੈ ਕਿ ਉਨ੍ਹਾਂ ਦਾ ਮਤਲਬ ਪਾਕਿਸਤਾਨ ਤੋਂ ਸੀ।

ਇਸ ਹੀ ਪ੍ਰੈੱਸ ਬਰੀਫਿੰਗ ਵਿਚ ਵਾਈਸ ਐਡਮੀਰਲ ਏ.ਐਨ. ਪ੍ਰਮੋਦ ਨੇ ਵੀ ਵੈਦਿਕ ਤੁਕ ਦਾ ਜ਼ਿਕਰ ਕੀਤਾ-‘ਸ਼ਾਮ ਨੋ ਵਰੁਨਾਂ’(ਸਮੁੰਦਰ ਦੇ ਦੇਵਤੇ ਵਰੁਨ ਦੀ ਮਿਹਰ ਬਣੀ ਰਹੇ)। ਉਹ ਭਾਰਤੀ ਜਲ ਸੈਨਾ ਦਾ ਦੁਸ਼ਮਣ ਦੀ ਜਲ ਸੈਨਾ ਉਪਰ ਬਣੇ ਦਬ-ਦਬੇ ਦਾ ਸੰਦੇਸ਼ ਦੇ ਰਹੇ ਸਨ।

ਇਸ ਤੋਂ ਪਹਿਲਾਂ 11 ਮਈ ਨੂੰ ਮਿਲਟਰੀ ਕਮਾਂਡਰਾਂ ਵਲੋਂ ਕੀਤੀ ਗਈ ਪਹਿਲੀ ਪ੍ਰੈੱਸ ਕਾਨਫਰੰਸ ਦੌਰਾਨ ਦਿਖਾਈ ਗਈ ਵੀਡੀਓ ਵਿਚ ‘ਸ਼ਿਵ ਤਾਂਡਵ ਸਤੋਤਰਮ’ ਦਿਖਾਇਆ ਜੋ ਭਗਵਾਨ ਸ਼ਿਵ ਦੇ ਉਸ ਬ੍ਰਹਿਮੰਡੀ ਡਾਂਸ ਦਾ ਹਵਾਲਾ ਦਿੰਦੈ, ਜੋ ਜੀਵਨ-ਮ੍ਰਿਤੂ ਦੇ ਚੱਕਰ ਦਾ ਪ੍ਰਤੀਕ ਹੈ। ਇਸ ਸੰਕੇਤ ਨਾਲ ਕਮਾਂਡਰ ਦੇਸ਼ ਦੇ ਦੁਸ਼ਮਣ ਦੀ ਤਬਾਹੀ ਦਾ ਸੰਕੇਤ ਦੇ ਰਹੇ ਸਨ! ਸਲਾਈਡਾਂ ਉਪਰ ਸਾਫ ਲਿਖਿਆ ਸੀ-ਜਦ ਆਤੰਕ ਸਾਡੀ ਮਾਤਰ-ਭੂਮੀ ਉਪਰ ਹਮਲਾ ਕਰੇਗਾ ਤਾਂ ਪੂਰੇ ਭਾਰਤ ਦੀ ਆਤਮਾ ਜਾਗ ਉਠਦੀ ਹੈ।’

ਭਾਵ ਜੇ ਪਾਕਿਸਤਾਨ ‘ਛੇੜੇਗਾ ਤਾਂ ਛੱਡਾਂਗੇ ਨਹੀਂ’!

ਇਹ ਸਾਰੇ ਕਾਵਿਕ, ਧਾਰਮਿਕ, ਸਭਿਆਚਾਰਕ ਅਤੇ ਖੇਡਾਂ ਦੇ ਹਵਾਲੇ ਸਿਰਫ ਇੱਕ ਗੱਲ ਪੂਰੇ ਜ਼ੋਰ ਨਾਲ ਦੱਸਣ ਲਈ ਦਿਤੇ ਗਏ ਕਿ ਹੁਣ ‘ਇੱਟ ਬਦਲੇ ਪੱਥਰ’, ‘ਗੋਲੀ ਬਦਲੇ ਗੋਲਾ’ ਅਤੇ ਕਿਸੇ ਵੀ ਅਤਿਵਾਦੀ ਹਮਲੇ ਨੂੰ ਜੰਗ ਸਮਝਦਿਆਂ ਦੁਸ਼ਮਣ ਨੂੰ ਬੰਦੇ ਦਾ ਪੁੱਤ ਬਣਾ ਦਿਤਾ ਜਾਏਗਾ!

ਅਸੀ ਹਾਂ ਤਾਂ ਅਮਨ-ਪਸੰਦ ਅਤੇ ਜੰਗਾਂ-ਯੁੱਧਾਂ ਦੇ ਖ਼ਿਲਾਫ। ਪਰ ਕਰੀਏ ਕੀ ਜੇ ‘ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ’ ਤਾਂ ਫਿਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਤਾਂ ਮੰਨਣੀ ਪਊ-

‘ਚੂੰਕਾਰ ਅਜ਼ਹਮਾ ਹੀਲਤੇ ਦਰ ਗੁਜ਼ਸਤ
ਹਲਾਲ ਅਸਤ ਬੁਰਦਨ ਬਾ-ਸ਼ਮਸ਼ੀਰ ਦਸਤ’!

(ਜਦ ਹੋਰ ਸਾਰੇ ਹੀਲੇ ਅਸਫਲ ਹੋ ਜਾਣ ਤਾਂ ਤਲਵਾਰ ਚੁਕਣੀ ਜਾਇਜ਼ ਹੈ)

# ਵਿਜੇ ਦੀ ਭੈਅ ਭਰੀ ਇਕ ਰਾਤ !

ਪਿੰਡਾਂ ਵਿਚਲੇ ਸਿਵੇ, ਜਿਨ੍ਹਾਂ ਨੂੰ ਸ਼ਹਿਰਾਂ ਵਿਚ ਸ਼ਮਸ਼ਾਨਘਾਟ ਕਹਿੰਦੇ ਹਨ, ਆਮ ਤੌਰ ’ਤੇ ਫਿਰਨੀ ਦੇ ਬਾਹਰਵਾਰ ਹੁੰਦੇ ਤੇ ਮੂੰਹ-ਹਨੇਰੇ ਲੰਘਦਿਆਂ ਨੂੰ ਜੇ ਕਿਸੇ ਸਿਵੇ ਵਿਚ ਅੱਗ ਬਲਦੀ ਦਿੱਸਦੀ ਤਾਂ ਮਨ ਵਿਚ ਇਕ ਅਜੀਬ ਕਿਸਮ ਦਾ ਡਰ ਜਿਹਾ ਬੈਠ ਜਾਂਦਾ ਤੇ ਦਿਲ ਦੀ ਧੜਕਣ ਪੀਟਰ ਇੰਜਣ ਵਾਂਗ ਵਧ ਜਾਣੀ। ਡਰ ਅਤੇ ਭੈਅ ਕਾਰਨ ਉਹ ਪਗਡੰਡੀ ਜਾਂ ਰਸਤਾ ਚੁੱਪ-ਚਾਪ ਲੰਘਣਾ ਪੈਂਦਾ ਸੀ ਤੇ ਜੇ ਕਿਸੇ ਪਾਸਿਓਂ“ ਝਾੜੀਆਂ ਜਾਂ ਅੱਕਾਂ



ਕੁਲਦੀਪ ਧਨੌਲਾ
ਫੋਨ: 94642-91023

ਵਿਚੋਂ ਕੋਈ ਕੁੱਤਾ-ਬਿੱਲਾ ਨਿਕਲ ਆਉਂਦਾ ਤਾਂ ਇਉਂ ਜਾਪਦਾ ਜਿਵੇਂ ਮੁਰਦਾ ਹੀ ਆ ਗਿਆ ਹੋਵੇ। ਅੱਬਲ ਤਾਂ ਸਿਵਿਆਂ ਵਾਲਾ ਰਾਹ ਕੋਈ ’ਕੱਲ੍ਹਾ ਜਾਂਦਾ ਹੀ ਨਾ ਤੇ ਜੇ ਜਾਂਦਾ ਤਾਂ ਸਾਹ ਘੜੀਸ ਕੇ ਲੰਘਦਾ। ਹੁਣ ਤਾਂ ਸ਼ਹਿਰਾਂ ਵਿਚ ਸ਼ਮਸ਼ਾਨਘਾਟ ਵੀ ਵਧੀਆ ਪਾਰਕਾਂ ਵਰਗੇ ਬਣ ਗਏ ਹਨ ਤੇ ਪਿੰਡਾਂ ਵਾਲਿਆਂ ਦੀ ਵੀ ਕੁਝ ਹੱਦ ਤਕ ਸੂਰਤ ਸੁਧਰ ਗਈ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸ਼ਮਸ਼ਾਨਘਾਟਾਂ ਦੁਆਲੇ ਵੀ ਉੱਚੀਆਂ-ਉੱਚੀਆਂ ਚਾਰਦੀਵਾਰੀਆਂ ਬਣਾ ਰੱਖੀਆਂ ਹਨ ਜਦੋਂ ਕਿ ਸ਼ਮਸ਼ਾਨਘਾਟ ਐਸੀ ਥਾਂ ਹੈ, ਜਿੱਥੇ ਬਾਹਰਲਾ ਬੰਦਾ ਅੰਦਰ ਜਾਣਾ ਨਹੀਂ ਚਾਹੁੰਦਾ ਤੇ ਜਿਹੜੇ ਅੰਦਰ ਚਲੇ ਜਾਂਦੇ ਹਨ ਤੇ ਉਹ ਬਾਹਰ ਨਹੀਂ ਆਉਂਦੇ ਪ੍ਰੰਤੂ ਫੇਰ ਵੀ ਚਾਰਦੀਵਾਰੀਆਂ? ਚੰਡੀਗੜ੍ਹ ਦੇ ਸੈਕਟਰ-25 ਵਾਲੇ ਸ਼ਮਸ਼ਾਨਘਾਟ ਵਿਚ ਅਨੇਕਾਂ ਸਿਵੇ ’ਕੱਠੇ ਬਲਦੇ ਦੇਖ ਕੇ ਕਈ ਵਾਰ “ਪਰੇ ਵਿਅਕਤੀ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਉਹ ਆਇਆ ਕੀਹਦੇ ਨਾਲ ਹੈ? ਇਸ ਤਰ੍ਹਾਂ ਬਾਲ ਮਨ ’ਤੇ ਸਿਵਿਆਂ ਦਾ ਬੈਠਾ ਡਰ ਕਈ ਵਾਰ ਜ਼ਿੰਦਗੀ ਵਿਚ ਅੱਗੇ ਵੀ ਭੈਅ ਬਣਿਆ ਰਹਿਣ ਕਾਰਨ ਡਰਾਉਣਾ ਦ੍ਰਿਸ਼ ਪੇਸ਼ ਕਰਦਾ ਹੈ।

ਚੰਡੀਗੜ੍ਹ ਵਰਗੇ ਆਧੁਨਿਕ ਸ਼ਹਿਰ ਵਿਚ ਤਾਂ ਨਹੀਂ ਪ੍ਰੰਤੂ ਪਿੰਡਾਂ ਦੇ ਸਿਵਿਆਂ ’ਚ ਦਾਹ-ਸਸਕਾਰ ਤੋਂ ਬਾਅਦ ਦੋ ਵਿਅਕਤੀ ਮੁਰਦੇ ਦੇ ਪੂਰਾ ਫੂਕਣ ਤਕ ਡਿਊਟੀ ਨਿਭਾਉਂਦੇ ਹਨ। ਫੇਰ ਮੁਰਦੇ ਦੀ ਇਕ ਹੱਡੀ ਬਾਹਰ ਕੱਢ ਕੇ ਦੂਰ ਦੱਬਦੇ ਹਨ ਤਾਂ ਕਿ ਕੋਈ ਜਾਦੂ-ਟੂਣੇ ਵਾਲਾ ਸਿਵਾ ਨਾ ਜਗਾ ਲਵੇ। ਭਾਵੇਂ ਸਿਵਾ ਜਗਾਇਆ ਕਿਸੇ ਨੇ ਦੇਖਿਆ ਤਕ ਨਹੀਂ ਪ੍ਰੰਤੂ ਸੁਣੀਆਂ-ਸਣਾਈਆਂ ਗੱਲਾਂ ਦੇ ਆਧਾਰ ’ਤੇ ਇਹ ਭਰਮ ਮੁੱਢ-ਕਦੀਮ ਤੋਂ ਚਲਿਆ ਆ ਰਿਹਾ ਹੈ। ਵਹਿਮ ਦੀ ਗੱਲ ਇੱਥੇ ਹੀ ਨਹੀਂ ਟਿੱਕਦੀ, ਫੇਰ ਫੁੱਲ ਚੁਗਣ ਵੇਲੇ ਬਾਹਰ ਕੱਢੀ (ਦੱਬੀ) ਹੱਡੀ ਨੂੰ ਮੁਰਦੇ ਦੀਆਂ ਹੱਡੀਆਂ ਵਿਚ ਲਿਆ ਕੇ ਰਲਾਇਆ ਜਾਂਦਾ ਹੈ ਤਾਂ ਕਿ ਹੱਡੀਆਂ ਦੀ ਗਿਣਤੀ ਪੂਰੀ ਹੋ ਸਕੇ, ਜਿਵੇਂ ਮੁਰਦੇ ਨੇ ਆ ਕੇ ਹਿਸਾਬ ਮੰਗਣਾ ਹੋਵੇ!

ਵਿਗਿਆਨਕ ਪੱਖ ਤੋਂ ਸੋਚਣ ਦੀ ਥਾਂ ਅਣਪੜ੍ਹਤਾ ਦੀ ਚਲਾਈ ਰੀਤ ਅੱਗੇ ਦੀ ਅੱਗੇ ਤੁਰੀ ਆ ਰਹੀ ਹੈ। ਦੀਵਾਲੀ ਮੌਕੇ ਵਡ-ਵਡੇਰਿਆਂ ਦੇ ਸਿਵਿਆਂ ’ਤੇ ਦੀਵੇ ਵਾਲੇ ਜਾਂਦੇ ਹਨ। ਦੱਸੋ ਐਨੇ ਚਿਰ ਦੇ ਕੀ ਵਡੇਰੇ ਉਥੇ ਹੀ ਬੈਠੇ ਹਨ? ਚੰਡੀਗੜ੍ਹ ਦੇ ਪਿੰਡ ਬੁੜੈਲ (ਸੈਕਟਰ-45) ਵਿਚ ਜਿੱਥੇ ਹੁਣ ਸ਼ਾਨਦਾਰ ਹਸਪਤਾਲ ਬਣਿਆ ਹੈ ਕਹਿੰਦੇ ਇਥੇ ਸਿਵੇ ਹੁੰਦੇ ਸਨ। ਆਮ ਤੌਰ ‘ਤੇ ਸਿਵੇ ਪਿੰਡੋਂ ਬਾਹਰ-ਬਾਰ ਹੁੰਦੇ ਸਨ ਪ੍ਰੰਤੂ ਅਮਰ



ਵੇਲ ਵਾਂਗ ਵਧੀ ਆਬਾਦੀ ਨੇ ਇਨ੍ਹਾਂ ਸਿਵਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਇਸੇ ਤਰ੍ਹਾਂ ਜ਼ੀਰਕਪੁਰ ਦੇ ਪਿੰਡ ਲੋਹਗੜ੍ਹ ਦੇ ਆਲੇ-ਦੁਆਲੇ ਏਨਾ ਵਿਕਾਸ ਹੋ ਗਿਆ ਕਿ ਇਹਦੇ ਸਿਵਿਆਂ ਦੁਆਲੇ ਫਲੈਟ ਬਣ ਗਏ ਪ੍ਰੰਤੂ ਪਿੰਡ ਦੇ ਕਈ ਬਜ਼ੁਰਗ ਅਜੇ ਵੀ ਅੜੀ ਕਰੀ ਬੈਠੇ ਹਨ ਕਿ ਸਾਨੂੰ ਤਾਂ ਏਥੇ ਹੀ ਫੂਕਿ“, ਜਿੱਥੇ ਸਾਡੇ ਵਡ-ਵਡੇਰੇ ਫੂਕੇ ਸਨ, ਬਸ ਇਸੇ ਕਾਰਨ ਫਲੈਟਾਂ ਵਿਚਾਲੇ ਸਿਵੇ ਜਿਉਂ ਦੇ ਤਿਉਂ ਹਨ।

ਕਿਸੇ ਦੇ ਅਕਾਲ ਚਲਾਣਾ ਕਰ ਜਾਣ ’ਤੇ ਜੁਆਕਾਂ ਨੂੰ ਨੇੜੇ ਨਹੀਂ ਜਾਣ ਦਿੰਦੇ ਤੇ ਨਾ ਹੀ ਕਦੇ ਸਿਵਿਆਂ ਵੱਲ ਜਾਣ ਦਿੰਦੇ ਹਨ। ਸ਼ਾਇਦ ਇਸੇ ਕਾਰਨ ਬਾਲ ਮਨ ’ਤੇ ਸਿਵਿਆਂ ਦੀ ਦਹਿਸ਼ਤ ਹੁੰਦੀ ਹੈ, ਜਿਵੇਂ ਮ੍ਰਿਤਕ ਭੂਤ ਬਣ ਕੇ ਉੱਥੇ ਹੀ ਬੈਠੇ ਰਹਿੰਦੇ ਹਨ।

ਬਟਾਲੇ ‘ਤੋਂ ਦੋਸਤ ਵਿਜੇ ਕੁਮਾਰ ਨੂੰ ਚੰਡੀਗੜ੍ਹ ਆਏ ਨੂੰ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ। ਬੇਟਾ ਵੀ ਉਹਦਾ ਛੋਟਾ ਹੀ ਸੀ। ਓਧਰ ਕਿਰਾਏ ਤੇ ਘਰ ਲਏ ਨੂੰ ਵੀ ਬਹੁਤਾ ਸਮਾਂ ਨਹੀਂ ਹੋਇਆ ਸੀ, ਇਸ ਕਰਕੇ ਮਕਾਨ ਮਾਲਕਾਂ ਦੇ ਮੈਂਬਰਾਂ ਨਾਲ ਵੀ ਬਹੁਤੀ ਜਾਣ-ਪਛਾਣ ਨਹੀਂ ਸੀ ਹੋਈ। ਰਾਤ ਦੀ ਡਿਊਟੀ ਹੋਣ ਕਾਰਨ ਦਿਨ ਅਰਾਮ ਕਰਦੇ ਦਾ ਲੰਘ ਜਾਂਦਾ ਤੇ ਜਦੋਂ ਸ਼ਾਮ ਨੂੰ ਮਕਾਨ ਮਾਲਕ ਘਰ ਆਉਂਦੇ, ਉਦੋਂ ਨੂੰ ਉਹ ਡਿਊਟੀ ਆ ਜਾਂਦਾ ਤੇ ਜਦੋਂ ਰਾਤ ਨੂੰ ਛੁੱਟੀ ਹੁੰਦੀ, ਉਦੋਂ ਨੂੰ ਮਾਲਕ ਸੁੱਤੇ ਹੁੰਦੇ। ਜਾਣ-ਪਛਾਣ ਕਿਹੜੇ ਵੇਲੇ ਹੁੰਦੀ? ਮਹੀਨੇ ਬਾਅਦ ਕਿਰਾਇਆ ਫੜਾਉਣ ਵੇਲੇ ਹੀ ’ਦਰਸ਼ਨ’ ਹੁੰਦੇ ਸੀ।

ਇਕ ਰਾਤ ਜਦੋਂ ਵਿਜੇ ਛੁੱਟੀ ਕਰਕੇ ਗਿਆ ਤਾਂ ਮਕਾਨ ਮਾਲਕ ਦੇ ਘਰ ਸੱਥਰ ਵਿਛਿਆ ਵੇਖ ਉਹ ਡੌਰ-ਭੌਰ ਹੋ ਗਿਆ ਤੇ ਉਹਦੀ ਪੌੜੀਆਂ ਚੜ੍ਹਨ ਦੀ ਹਿੰਮਤ ਨਾ ਪਈ ਕਿ ਇਹ ਮੇਰੇ ਬਾਰੇ ਕੀ ਸੋਚਣਗੇ ਕਿ ਚੰਗਾ ਕਿਰਾਏਦਾਰ ਆਇਐ? ਜਿਹੜਾ ਅਫ਼ਸੋਸ ਵੀ ਨਾ ਕਰ ਸਕਿਆ। ਪੁੱਛਣ ‘ਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਮਾਤਾ ਜੀ ਚੜ੍ਹਾਈ ਕਰ ਗਏ ਸਨ।

ਮਨ ਵਿਚ ਹੀ ਉਧੇੜ-ਬੁਣ ਕਰਦਾ-ਕਰਦਾ ਉਹ ਬੈਠ ਗਿਆ। ਜਿਉਂ-ਜਿਉਂ ਰਾਤ ਵਧਦੀ ਗਈ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੀਂਦ ਦੇ ਟੂਲੇ ਆਉਣ ਲੱਗੇ। ਪਹਿਲਾਂ ਮਾਤਾ ਦਾ ਪੋਤਾ ਉਠਿਆ, ਫੇਰ ਪੁੱਤ, ਹੌਲੀ-ਹੌਲੀ ਸਭ ਆਪੋ-ਆਪਣੇ ਕਮਰਿਆਂ ਵੱਲ ਨੂੰ ਖਿਸਕ ਗਏ। ਜਦੋਂ ਵਿਜੇ ਨੇ ਗਰਦਨ ਘੁੰਮਾ ਕੇ ਆਲਾ-ਦੁਆਲਾ ਦੇਖਿਆ ਤਾਂ ਆਪਣੇ ਆਪ ਨੂੰ ’ਕੱਲ੍ਹਾ ਦੇਖ ਅੰਦਰੋਂ ਬੁਰੀ ਤਰ੍ਹਾਂ ਡਰ ਗਿਆ ਤੇ ਉਹਨੂੰ ਪਿੰਡ ਵਾਲੇ ਸਿਵਿਆਂ ਵਿਚ ਮੁਰਦੇ ਜਲਦੇ ਨਜ਼ਰ ਆਉਣ ਲੱਗੇ। ਕਾਰਨ ਸਾਫ਼ ਸੀ ਕਿ ਉਹ ਤਾਂ ਸਿਰਫ਼ 15-20 ਮਿੰਟ ਜਾਂ ਅੱਧੇ ਘੰਟੇ ਦਾ ਅਨੁਮਾਨ ਲਾ ਕੇ ਲੋਕ-ਲੱਜੋ ਹੀ ਬੈਠਾ ਸੀ, ਉਹਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਘਰ ਦੇ ਮੈਂਬਰ ਮ੍ਰਿਤਕ ਮਾਤਾ ਨੂੰ ਉਹਦੇ ਸਹਾਰੇ ਛੱਡ ਕੇ ‘ਫਰਾਰ’ ਹੋਣਗੇ। ਜੇ ਕਿਸੇ ਨੂੰ ਨੀਂਦ ਬਹੁਤਾ ਹੀ ਤੰਗ ਕਰਦੀ ਸੀ ਤਾਂ ਉਹ ਮਾਤਾ ਕੋਲੇ ਵੀ ਸੌਂ ਸਕਦਾ ਸੀ ਪਰ ਉਨ੍ਹਾਂ ਅਜਿਹਾ ਕਰਨਾ ਮੁਨਾਸਿਬ ਨਹੀਂ ਸਮਝਿਆ। ਬਾਕੀ ਇਸ ਤੋਂ ਪਹਿਲਾਂ ਉਹ ਕਦੇ ਕਿਸੇ ਮ੍ਰਿਤਕ ਦੇਹ ਕੋਲ ਬੈਠਿਆ ਨਹੀਂ ਸੀ ਤੇ ਓਪਰੀ ਦੇਹ ਤੋਂ ਤਾਂ ਹੋਰ ਵੀ ਡਰ ਆਉਂਦੈ। ਗਰਮੀਆਂ ਦੇ ਦਿਨ ਹੋਣ ਕਾਰਨ ਮ੍ਰਿਤਕ ਮਾਤਾ ਦੁਆਲੇ ਕਈ ਪੱਖੇ ਲਾਏ ਹੋਏ ਸਨ। ਜਦੋਂ ਮ੍ਰਿਤਕ ਮਾਤਾ ਦੇ ਕੱਪੜੇ ਹਿੱਲਦੇ ਤਾਂ ਉਹਨੂੰ ਇੰਜ ਜਾਪਦਾ ਸੀ ਕਿ ਜੇ ਮਾਤਾ ਉੱਠ ਕੇ ਬੈਠ ਗਈ ਤਾਂ ਉਹ ਕਿੱਧਰ ਨੂੰ ਭੱਜੇਗਾ? ਇਸ ਤਰ੍ਹਾਂ ਉਹਦੀ ਮ੍ਰਿਤਕ ਮਾਤਾ ਕੋਲ ਬੈਠੇ ਦੀ ਭੈਅ ਭਰੀ ਰਾਤ ਨਿਕਲੀ। ਉਸ ਤੋਂ ਬਾਅਦ ਵਿਜੇ ਮੁੜ ਕਿਸੇ ਮੁਰਦੇ ਦੁਆਲੇ 15-20 ਮਿੰਟ ਤੋਂ ਵੱਧ ਨਹੀਂ ਬੈਠਿਆ।

# ਸੁਰਿੰਦਰ ਗੀਤ ਦੇ ਕਾਵਿ-ਬੋਲਾਂ ਦੀ ਵਿਲੱਖਣਤਾ

ਸੁਰਿੰਦਰ ਗੀਤ (2 ਅਪ੍ਰੈਲ 1951) ਪੰਜਾਬੀ ਸ਼ਾਇਰੀ ਦੀ ਗੌਲਣਯੋਗ ਅਤੇ ਪ੍ਰਤਿਭਾਸ਼ਾਲੀ ਸ਼ਾਇਰਾ ਹੈ। ਜਨਮ ਉਸਦਾ ਪਿੰਡ ਬੀੜ-ਰਾਊਕੇ ਜ਼ਿਲ੍ਹਾ ਮੋਗਾ (ਪਹਿਲਾਂ ਫਿਰੋਜ਼ਪੁਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਉਸ ਨੇ ਮੋਗਾ ਸਰਕਾਰੀ ਸਕੂਲ ਤੋਂ ਹਾਸਲ ਕੀਤੀ ਅਤੇ ਡੀ.ਐਮ. ਕਾਲਜ ਮੋਗਾ ਤੋਂ ਪ੍ਰੀ-ਮੈਡੀਕਲ ਕਰਨ ਉਪਰੰਤ ਉਹ ਖਾਲਸਾ ਕਾਲਜ ਫ਼ਾਰ ਵਿਮੈਨ ਲੁਧਿਆਣਾ ਬੀ.ਐਸ.ਸੀ ਮੈਡੀਕਲ ਕਰਨ ਅੱਪੜ ਗਈ। ਏਥੋਂ ਹੀ ਉਸ ਲੰਮੀ ਉਡਾਰੀ ਮਾਰੀ ਅਤੇ 1974 ਤੋਂ ਕੈਨੇਡਾ ਦੇ ਸ਼ਹਿਰ ਕੈਲਗਰੀ ਜਾ ਟਿਕੀ। ਪਿੰਡ, ਮੋਗੇ ਅਤੇ ਲੁਧਿਆਣੇ ਦੇ ਇਰਦ-ਗਿਰਦ ਵਿਚਰਦੀ ਦੇ ਅੰਦਰ ਕਿਤੇ ਕਵਿਤਾ ਵੱਸ ਗਈ। ਜਾਪਦੈ ਜਿਵੇਂ ਉਸਦਾ ਵਜੂਦ ਕਿਧਰੇ ਦੋ ਖ਼ਾਨਿਆਂ ਵਿਚ ਵੰਡਿਆ ਗਿਆ : ਇਕ ਖਾਨਾ ਉਹ ਸੀ ਜਿਸ ਉਸਨੂੰ ਇਲਮ ਤੇ



**ਪ੍ਰੋਫ਼ੈਸਰ ਹਰਿਭਜਨ ਸਿੰਘ ਭਾਟੀਆ**
**(ਸਾਬਕਾ ਮੁਖੀ ਅਤੇ ਡੀਨ ਭਾਸ਼ਾਵਾਂ)**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

ਤਾਲੀਮ (ਵਿਗਿਆਨ) ਨਾਲ ਜੋੜੀ ਰੱਖਿਆ ਅਤੇ ਦੂਸਰੇ ਵਿਚ ਜਜ਼ਬਾਤ, ਤਜਰਬੇ ਅਤੇ ਅਹਿਸਾਸ ਜਨਮਦੇ, ਪੁੰਗਰਦੇ ਅਤੇ ਜਵਾਨ ਹੁੰਦੇ ਰਹੇ। ਖ਼ੂਬਸੂਰਤੀ ਹੈ ਕਿ ਵਿਗਿਆਨ ਅਤੇ ਸੰਵੇਦਨਾ ਨੂੰ ਉਸ ਕਦੀ ਆਪਸ ਵਿਚ ਭਿੜਨ ਨਹੀਂ ਦਿੱਤਾ, ਸਗੋਂ ਇਕ ਦੂਸਰੇ ਦਾ ਸੰਗੀ ਸਾਥੀ ਬਣਾਈ ਰੱਖਿਆ।

ਨਿੱਕੇ-ਨਿੱਕੇ ਕੋਮਲ ਅਹਿਸਾਸਾਂ ਨੂੰ ਪਕੜਦੀ ਸੁਰਿੰਦਰ ਉਨ੍ਹਾਂ ਨੂੰ ਹਰਫ਼ਾਂ ਦਾ ਲਿਬਾਸ ਪਹਿਨਾਉਣ ਲੱਗੀ। ਆਪਣੇ ਪਿੰਡ ਜੰਮਣ-ਭੋਇੰ ਅਤੇ ਆਲ਼ੇ-ਦੁਆਲ਼ੇ ਦੇ ਸਮੁੱਚੇ ਮਾਹੌਲ ਤੋਂ ਟੁੱਟਣ ਉਪਰੰਤ ਉਸਦੇ ਜਜ਼ਬਾਤ ਨੇ ਸਾਹ ਕੱਢਣਾ ਆਰੰਭ ਕੀਤਾ। ਉਸ ਦੇ ਬੋਲ ਲਫ਼ਜ਼ਾਂ ਦਾ ਲਿਬਾਸ ਪਹਿਨ ਕਾਗ਼ਜ਼ਾਂ ਦੀ ਧਰਤੀ ਉੱਪਰ ਲੱਥੇ ਤਾਂ ਸ਼ਾਇਰ ਸੁਰਜੀਤ ਪਾਤਰ ਨੇ ਉਨ੍ਹਾਂ ਨੂੰ ਪੁਸਤਕ ਵਿਚ ਸ਼ਿੰਗਾਰ ਕੇ ਸਮੋ ਦਿੱਤਾ। ਸੁਰਿੰਦਰ ਨਾਲ 'ਗੀਤ' ਲਫ਼ਜ਼। ਤਖੱਲੁਸ ਵੀ ਸੁਰਜੀਤ ਪਾਤਰ ਨੇ ਆਪਣੀ ਲਤੀਫ਼ ਨਜ਼ਰ ਨਾਲ ਜੋੜਿਆ। ਇਸ ਲਫ਼ਜ਼ ਨੇ ਜਿਵੇਂ ਸ਼ਾਇਰੀ ਦੀ ਦੁਨੀਆ ਨਾਲ ਉਸਦਾ ਚਿਰੰਜੀਵੀ ਨਹੀਂ ਸਗੋਂ ਸਦੀਵੀ ਰਿਸ਼ਤਾ ਹੀ ਜੋੜ ਦਿੱਤਾ। ਉਸਦਾ ਪਹਿਲਾ ਕਾਵਿ ਸੰਗ੍ਰਹਿ 'ਤੁਰੀ ਸਾਂ ਮੈਂ ਓਥੋਂ' (1996) ਸਾਹਮਣੇ ਆਇਆ ਅਤੇ ਮੁੜ ਉਸਦੀ ਕਲਮ ਪੂਰੀ ਸ਼ਿੱਦਤ ਨਾਲ ਅਗਾਂਹ ਸਰਕਦੀ ਰਹੀ। 'ਸੁਣ ਨੀਂ ਜਿੰਦੇ' (1999), 'ਚੰਦ ਸਿਤਾਰੇ ਮੇਰੇ ਵੀ ਨੇ' (2005), 'ਮੋਹ ਦੀਆਂ ਛੱਲਾਂ' (2011), 'ਕਾਨੇ ਦੀਆਂ ਕਲਮਾਂ' (2014), 'ਰੁੱਖ ਤੇ ਪੰਛੀ' (2017) ਅਤੇ 'ਸ਼ਬਦ ਸੁਨੱਖੇ' (2019) ਤੋਂ ਮਗਰੋਂ ਛਪ ਰਹੀ ਪੁਸਤਕ 'ਗੁਸਤਾਖ਼ ਹਵਾ' ਨੇ ਉਸਦੇ ਸ਼ਾਇਰੀ ਨਾਲ ਅਟੁੱਟ ਰਿਸ਼ਤੇ ਤੇ ਬੇਪਨਾਹ ਮੁਹੱਬਤ ਨੂੰ ਜ਼ਾਹਰ ਕਰ ਦਿੱਤਾ ਹੈ।

ਮੈਨੂੰ ਸੁਰਿੰਦਰ ਗੀਤ ਨੇ ਇਹ ਸਭ ਪੁਸਤਕਾਂ ਇਕ ਖ਼ੂਬਸੂਰਤ ਅਦਬੀ ਤੋਹਫ਼ੇ ਵਜੋਂ ਭੇਜੀਆਂ ਅਤੇ ਲੰਮਾ ਅਰਸਾ ਇਹ ਮੈਨੂੰ ਆਪਣੇ ਨੇੜੇ ਆਉਣ ਦੀਆਂ ਸੈਨਤਾਂ ਕਰਦੀਆਂ ਰਹੀਆਂ। ਅਖ਼ੀਰ ਮਿਲਦੀ ਫ਼ੁਰਸਤ ਦੇ ਪਲਾਂ ਵਿਚ ਮੈਂ ਇਨ੍ਹਾਂ ਦੇ ਸਾਹ ਸੁਣਨੇ ਸ਼ੁਰੂ ਕੀਤੇ। ਸੁਰਿੰਦਰ ਨੇ ਕਿਧਰੋਂ ਕਾਵਿ ਹੁਨਰ ਸਿੱਖਿਆ ਨਹੀਂ ਸਗੋਂ ਸ਼ਾਇਰੀ ਨਾਲ ਕਰੀਬੀ ਰਿਸ਼ਤੇ ਅਤੇ ਉਸ ਦੇ ਪੁਰਜ਼ੋਰ ਜਜ਼ਬਾਤ ਹੀ ਜਾਪਦੈ ਉਸ ਨੂੰ ਸ਼ਾਇਰੀ ਦੀਆਂ ਅਟਕਲਾਂ ਸਿਖਾਉਂਦੇ ਰਹੇ ਨੇ। ਉਸਦੀ ਸ਼ਾਇਰੀ ਨਾਲ ਨਿਕਟ ਰਿਸ਼ਤਾ ਜੋੜਨ ਵਾਲ਼ਿਆਂ ਨੂੰ ਮਸ਼ਵਰਾ ਹੈ ਕਿ ਉਸਨੂੰ ਹੁਣਵੇਂ ਸਮੇਂ ਬਿੰਦੂ ਉੱਪਰ ਟਿਕ ਕੇ ਨਾ ਪੜ੍ਹਨ; ਉਸ ਨੂੰ ਸਥਿਰ ਵਰਤਾਰੇ ਵਜੋਂ ਸਮਝਣ ਦੀ ਬਜਾਏ ਉਸਦੀ ਗਤੀ ਵਿਚ ਪਕੜਨ ਅਤੇ ਜਾਣਨ ਸਮਝਣ ਦਾ ਯਤਨ ਕਰਨ। ਅਜਿਹੇ ਯਤਨ ਸਦਕਾ ਉਸ ਦੀ ਸਰੋਕਾਰਾਂ ਉੱਪਰ ਵਧਦੀ ਪਕੜ, ਉਨ੍ਹਾਂ ਦੀਆਂ ਬਰੀਕੀਆਂ ਨੂੰ ਜਾਣਨ ਦੀ ਤੌਫ਼ੀਕ, ਉਸਦੀ ਕਲਾ ਨਿਪੁੰਨਤਾ ਦੀ ਮਜ਼ਬੂਤ ਪਕੜ ਅਤੇ ਉਸਦਾ ਲੋਕ-ਪੱਖੀ ਮਾਨਵੀ ਨਜ਼ਰੀਆ ਸਾਫ਼-ਸਫ਼ਾਫ਼ ਹੋ ਸਾਹਮਣੇ ਆ ਜਾਵੇਗਾ। ਸ਼ੁਰੂ ਤਾਂ ਕੀਤਾ ਸੀ ਉਸ ਇਕ ਭਾਂਤ ਦੀ ਭੂ ਹੇਰਵੇ ਦੀ ਭਾਵਨਾ, ਆਪਣੀ ਮਿੱਟੀ ਨਾਲ ਮੋਹ ਅਤੇ ਰਿਸ਼ਤਿਆਂ ਨਾਲ ਫ਼ਾਸਲੇ ਵਿਚੋਂ ਪੈਦਾ ਹੋਈ ਕਸਕ ਨੂੰ ਲਫ਼ਜ਼ੀ ਜਾਮਾ ਪਹਿਨਾਉਣ ਤੋਂ ਪਰੰਤੂ ਸਹਿਜੇ-ਸਹਿਜੇ ਉਸ ਦਾ ਅਨੁਭਵ ਡੂੰਘਾ ਅਤੇ ਵਿਸ਼ਾਲ ਰੂਪ ਧਾਰਦਾ ਗਿਆ। ਉਸ ਦੀ ਸ਼ਾਇਰੀ ਰਿਸ਼ਤਿਆਂ ਦੀ ਅਸਥਿਰਤਾ, ਮੋਹ ਦੀਆਂ ਛੱਲਾਂ, ਕੁਦਰਤ ਦੇ ਵਿਸਮਾਦੀ ਗੀਤਾਂ ਦੁਆਲੇ ਘੁੰਮਦੀ ਹੋਈ ਉਦਾਸੀ, ਪੀੜਾ ਅਤੇ ਬਿਰਹਾ ਦੇ ਭਾਵਾਂ ਨੂੰ ਜ਼ਬਾਨ ਦੇਂਦੀ ਹੋਈ ਪਰਵਾਸ ਦੇ ਤ੍ਰਾਸਦਿਕ ਅਨੁਭਵਾਂ, ਮਨੁੱਖੀ ਪਿਆਰ, ਨਿਰੰਤਰ ਵਿਹੁਲੇ ਹੁੰਦੇ ਜਾ ਰਹੇ ਵਾਤਾਵਰਣ, ਰਿਸ਼ਤਿਆਂ ਦੀ ਅਸਲੀਅਤ, ਔਰਤ ਦੇ ਮਸਲਿਆਂ, ਧਾਰਮਿਕ ਆਡੰਬਰ, ਸੱਚ ਤੇ ਨਿਆਂ, ਸਮਾਜਕ ਕ੍ਰਾਂਤੀ ਦੀ ਜ਼ਰੂਰਤ ਅਤੇ ਸਮਕਾਲੀ ਰਾਜਨੀਤੀ ਆਦਿ ਕਈ ਕੁਝ ਨੂੰ ਆਪਣੀ ਬੁੱਕਲ ਵਿਚ ਸਮੇਟਦੀ ਗਈ। ਉਸਦੇ ਜਜ਼ਬਾਤ ਕਦੀ ਗ਼ਜ਼ਲਾਂ, ਕਦੀ ਗੀਤਾਂ ਅਤੇ ਕਦੀ ਨਜ਼ਮਾਂ ਵਿਚ ਢਲਦੇ ਗਏ। ਉਸਦੀ ਕਵਿਤਾ ਦੇ ਸਫ਼ਰ ਦੇ ਆਰੰਭ ਤੋਂ ਹੀ ਇਸਨੂੰ ਫਰੋਲਣਾ ਸ਼ੁਰੂ ਕਰੋ ਤਾਂ ਇਸ ਨੂੰ ਵਿੱਥਾਂ, ਵਿਤਕਰੇ, ਅਨਿਆਂ, ਨਾਬਰਾਬਰੀ ਸਤਾਉਂਦੀ ਹੈ ਅਤੇ ਇਹ ਮੁੜ ਮੁੜ ਮਾਨਵੀ ਮੁਹੱਬਤ ਤੇ ਸਾਂਝ ਦੇ ਇਰਦ-ਗਿਰਦ ਘੁੰਮਦੀ ਹੈ। ਉਸਦੀ ਸ਼ਾਇਰੀ ਨਾਲ ਪੱਕਾ-ਪੀਡਾ ਨਾਤਾ ਜੋੜਨ ਲਈ ਕੁਝ ਮਿਸਾਲਾਂ ਦੀ ਜ਼ਰੂਰਤ ਹੈ:

ੳ. ਧਰਮਾਂ ਦੇ ਨਾਂ 'ਤੇ ਧਰਤ ਨੂੰ ਵੰਡਣਾ ਠੀਕ ਨਹੀਂ,
ਗੀਤ ਗ਼ਜ਼ਲ ਤੇ ਕਵਿਤਾ ਦੀ ਅਰਜ਼ੋਈ ਹੈ।
ਅ. ਇਸ ਤਰ੍ਹਾਂ ਤਾਂ ਹੈ ਨਹੀਂ,
ਪਰ ਇਸ ਤਰ੍ਹਾਂ ਹੁਣ ਜਾਪਦਾ,
ਬੇਵਫ਼ਾਵਾਂ-ਬੇਈਮਾਨਾਂ,
ਚੋਰਾਂ ਦਾ ਭਗਵਾਨ ਹੈ।

ੲ. ਨਫ਼ਰਤ, ਹਿੰਸਾ, ਮਾਤਮ,
ਸਾਡੇ ਸ਼ਹਿਰਾਂ ਦੇ ਨੇ ਵਾਸੀ
ਪਿਆਰ ਭਰੀ ਇਸ ਰੂਹ ਨੂੰ ਦੱਸੋ
ਕਿਹੜੇ ਸ਼ਹਿਰ ਵਸਾਵਾਂ।

ਸ. ਅੱਜ ਦੇ ਯੁੱਗ ਵਿਚ ਅਕਲਾਂ ਮੂਹਰੇ
ਇਹ ਧਰਤੀ ਅੱਜ ਹੋ ਗਈ ਛੋਟੀ
ਪਰ ਇਸ ਧਰਤੀ ਦੀ ਬੁੱਕਲ ਵਿਚ
ਨਿੱਤ ਨਵੇਂ ਕਈ ਲੱਖਾਂ ਮਰਦੇ
ਜਿਸ ਦਾ ਕਾਰਨ ਕੇਵਲ ਰੋਟੀ
ਰੋਟੀ ਤੋਂ ਖਾਲੀ ਢਿੱਡਾਂ ਲਈ
ਹਰ ਗੱਲ ਖੋਟੀ।

ਹ. ਹਰ ਥਾਂ 'ਤੇ ਬੀਜ ਅੱਗ ਦਾ
ਸੁੱਟਿਆ ਹਕੂਮਤਾਂ ਨੇ
ਗੁਲਮੋਹਰ ਬੀਜਣਾ ਮੈਂ
ਗਿੱਠ ਵੀ ਜ਼ਮੀਂ ਬਚੀ ਨਾ।

ਕ. ਅੱਗ ਵਾਂਗੂ ਸਾੜਦੀ ਤੇ ਬਰਫ਼ਾਂ ਵਾਂਗੂੰ ਠਾਰਦੀ ਹੈ
ਜ਼ਿੰਦਗੀ ਤੋਂ ਸੱਖਣੀ ਹੁਣ ਧਰਤੀ ਦੀ ਆਗੋਸ਼ ਹੈ।

ਖ. ਮਹਿਕ ਰਹੀ ਨਾ ਫੁੱਲਾਂ ਦੇ ਵਿਚ
ਰੂਪ ਰਿਹਾ ਨਾ ਤਿਤਲੀ 'ਤੇ
ਨਕਲੀ ਫੁੱਲ ਤੇ ਨਕਲੀ ਤਿਤਲੀ
ਵੇਖ ਸਜਾਈ ਜਾਂਦੇ ਲੋਕ।

ਇਹ ਨਮੂਨੇ ਉਸਦੇ ਸ਼ਾਇਰੀ ਦੇ ਵੱਖ-ਵੱਖ ਰੰਗਾਂ ਦੀ ਪਛਾਣ ਲਈ ਪ੍ਰਸਤੁਤ ਕੀਤੇ ਹਨ। ਸੁਰਿੰਦਰ ਗੀਤ ਦੀ ਸ਼ਾਇਰੀ ਪਰਵਾਸੀ ਸਾਹਿਤ/ਕਵਿਤਾ ਦੇ ਬਣੇ ਬਣਾਏ ਚੌਖ਼ਟਿਆਂ ਜਿਵੇਂ ਭੂ ਹੇਰਵਾ, ਨਸਲੀ ਵਿਤਕਰਾ, ਪੀੜ੍ਹੀ ਪਾੜਾ ਅਤੇ ਸੱਭਿਆਚਾਰ ਤਣਾਅ ਆਦਿ ਤੋਂ ਬਾਹਰ ਸਰਕਦੀ ਹੈ। ਇੰਝ ਹੀ ਲਗਪਗ ਪੂਰੀ ਸਦੀ ਉੱਪਰ ਫੈਲੀ ਹੋਈ ਪੰਜਾਬੀ ਇਸਤਰੀ ਸ਼ਾਇਰਾਵਾਂ ਜਿਵੇਂ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਸ਼ਰਨ ਮੱਕੜ, ਕੁਲਦੀਪ ਕਲਪਨਾ ਅਤੇ ਮਹਿੰਦਰ ਕੌਰ ਗਿੱਲ ਆਦਿ ਦੁਆਰਾ ਸਿਰਜੀਆਂ ਪੈੜਾਂ ਉੱਪਰ ਉਹ ਅੱਖਾਂ ਮੁੰਦ ਕੇ ਹਰਗਿਜ਼ ਨਹੀਂ ਤੁਰੀ। ਉਸ ਔਰਤ ਦੇ ਸਰੋਕਾਰਾਂ ਨੂੰ ਛੋਹਿਆ ਹੈ ਪਰੰਤੂ ਉਸਨੂੰ ਮਰਦ ਨੂੰ ਕੌੜੀ ਕੁਸੈਲੀ ਜ਼ੁਬਾਨ ਵਿਚ ਗਾਲੀ ਗਲੋਚ ਕਰਨ ਦੀ ਕਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਉਸ ਹਰੀਆਂ ਛਾਵਾਂ ਦੇ ਬਾਵਜੂਦ ਕਬਰਾਂ ਜੇਹੀ ਜ਼ਿੰਦਗੀ ਦੇ ਅਕਸ ਵੀ ਸ਼ਾਇਰੀ ਵਿਚ ਨਹੀਂ ਢਾਲੇ। ਉਸ ਔਰਤ ਦੀਆਂ ਭਾਵਨਾਵਾਂ, ਉਦਗਾਰਾਂ, ਸੁਪਨਿਆਂ ਅਤੇ ਉਸਦੀ ਮਾਨਵੀ ਹੋਂਦ ਦੇ ਮਹੱਤਵ ਨੂੰ ਮੁੜ-ਮੁੜ ਚਿਤਰਿਆ ਹੈ। ਔਰਤ ਅਤੇ ਮਰਦ ਦੋਵਾਂ ਲਈ ਬਰਾਬਰੀ ਅਤੇ ਨਿਆਂ ਭਰੇ ਮਾਨਵੀ ਜੀਵਨ ਦੀ ਜ਼ਰੂਰਤ ਨੂੰ ਉਹ ਮੁੜ-ਮੁੜ ਆਪਣੀ ਸ਼ਾਇਰੀ ਵਿਚ ਦ੍ਰਿੜ ਕਰਦੀ ਹੈ। ਉਸਦੀ ਔਰਤ ਦੀ ਆਜ਼ਾਦੀ ਅਤੇ ਖੁੱਲ੍ਹ ਵੀ ਮਾਨਵੀ ਸੀਮਾਵਾਂ ਤੇ ਆਦਰਸ਼ਾਂ ਦੇ ਅੰਦਰਵਾਰ ਵਿਚਰਦੀ ਹੈ। ਉਹ ਹਰ ਪ੍ਰਕਾਰ ਦੇ ਬੰਧਨਾਂ ਨੂੰ ਤੋੜਨ ਅਤੇ ਔਰਤ ਨੂੰ ਬਜ਼ਾਰੂ ਵਸਤ ਬਣਨ ਤੋਂ ਹੋੜਦੀ ਹੋਈ ਪੂਰੀ ਦ੍ਰਿੜਤਾ ਨਾਲ ਉਸ ਦੀ ਆਵਾਜ਼ ਨੂੰ ਕਾਵਿਕ ਬੋਲਾਂ ਵਿਚ ਢਾਲਦੀ ਹੈ:


ਪਰ ਅਸੀਂ ਔਰਤਾਂ ਬੇਜਾਨ ਨਹੀਂ
ਸਾਮਾਨ ਨਹੀਂ ਮਾਲ ਨਹੀਂ
ਇਸਤੇਮਾਲ ਹੋਣਾ
ਸਾਡਾ ਧਰਮ ਨਹੀਂ
ਇਸਤੇਮਾਲ ਹੋਣਾ ਸਾਡਾ ਕਰਮ ਨਹੀਂ
ਅਸੀਂ ਮਨੁੱਖ ਤਾਂ
ਮਨੁੱਖਤਾ ਦਾ ਸੁੱਖ ਹਾਂ

ਸੁਰਿੰਦਰ ਗੀਤ ਦੀ ਸ਼ਾਇਰੀ ਦੇ ਸਰੋਕਾਰ ਪਰਵਾਸੀ ਮੁੱਦਿਆਂ, ਔਰਤ ਦੇ ਮਸਲਿਆਂ ਅਤੇ ਧਰਤੀ ਦੇ ਮੋਹ ਤੋਂ ਅਗਾਂਹ ਸਰਕ ਮਾਨਵੀ ਧਰਾਤਲ ਉੱਪਰ ਆ ਟਿਕੇ ਹਨ। ਇਸ ਧਰਾਤਲ ਉੱਪਰ ਟਿਕ ਉਹ ਮਜ਼ਲੂਮ ਦੇ ਹੱਕ ਵਿਚ ਅਤੇ ਜ਼ਾਲਮ ਤੇ ਜ਼ੁਲਮ ਦੇ ਖਿਲਾਫ਼ ਖੜ੍ਹਦੀ ਦਿਖਾਈ ਦੇਂਦੀ ਹੈ। ਉਸਦੇ ਸਰੋਕਾਰ ਹਰ ਹੱਸਾਸ ਮਾਨਵ ਦੇ ਸਰੋਕਾਰ ਹਨ ਚਾਹੇ ਉਹ ਧਰਤੀ ਦੇ ਕਿਸੇ ਵੀ ਕੋਨੇ ਉੱਪਰ ਵਿਚਰ ਰਿਹਾ ਹੋਵੇ ਅਤੇ ਚਾਹੇ ਉਸਦਾ ਸੰਬੰਧ ਕਿਸੇ ਵੀ ਜਾਤ, ਧਰਮ ਜਾਂ ਨਸਲ ਨਾਲ ਹੋਵੇ। ਉਸਦਾ ਸੁਪਨਾ ਹੈ: ''ਸੁੱਤੇ ਲੋਕ ਜਾਗਣ/ਹਨੇਰਾ ਘਟੇ/ ਚਾਨਣ ਪਸਰੇ।'' ਆਪਣੇ ਅਜਿਹੇ ਸਰੋਕਾਰਾਂ ਕਰਕੇ ਇਹ ਸ਼ਾਇਰੀ ਪੀੜਤ ਤੇ ਮਜ਼ਲੂਮ ਧਿਰ ਦੇ ਹਿਰਦਿਆਂ ਅੰਦਰ ਵੀ ਲੱਥ ਰਹੀ ਹੈ ਅਤੇ ਇਸ ਤਰੱਕੀ ਪਸੰਦ ਸੋਚ ਨਾਲ ਜੁੜੀਆਂ ਧਿਰਾਂ ਦੁਆਰਾ ਵੀ ਸਤਿਕਾਰੀ, ਸਨਮਾਨੀ ਅਤੇ ਸਲਾਹੀ ਜਾ ਰਹੀ ਹੈ। ਆਪਣੇ ਇਸ ਨਿਰੰਤਰ ਸਫ਼ਰ ਨੂੰ ਕਾਵਿਕ ਬੋਲਾਂ ਵਿਚ ਢਾਲਦੇ ਉਸ ਲਿਖਿਆ ਹੈ:

ਰਾਤ ਦਿਨੇ ਮੈਂ ਭੱਜੀ ਫਿਰਦੀ,



*ਲੇਖਿਕਾ ਸੁਰਿੰਦਰ ਗੀਤ*




*ਪੁਸਤਕ 'ਗੁਸਤਾਖ਼ ਹਵਾ' ਦਾ ਸਰਵਰਕ*

ਪਰ ਉਹ ਹੱਥ ਨਾ ਆਉਂਦਾ,
ਮੈਨੂੰ ਟਿੱਚਰਾਂ ਕਰਦਾ ਫਿਰਦਾ
ਮੇਰਾ ਹੀ ਪਰਛਾਵਾਂ।
(ਕਾਨੇ ਦੀਆਂ ਕਲਮਾਂ ਪੰਨਾ-25)

ਸੁਰਿੰਦਰ ਗੀਤ ਨੇ ਆਪਣੀ ਇਹ ਕਾਵਿ ਪੁਸਤਕ 'ਗੁਸਤਾਖ਼ ਹਵਾ' ਸਮਰਪਣ ਕੀਤੀ ਹੈ: 'ਮੇਰੇ ਸੁਪਨਿਆਂ ਦੀ ਧਰਤੀ ਪੰਜਾਬ ਦੇ ਨਾਂ....।' ਆਪਣੀ ਧਰਤੀ ਤੇ ਮਿੱਟੀ ਦਾ ਮੋਹ ਮੁੜ-ਮੁੜ ਉਸ ਦੇ ਕਾਵਿ ਬੋਲਾਂ ਵਿਚ ਨਵੇਂ ਤੇ ਸੱਜਰੇ ਬਿੰਬਾਂ ਵਿਚ ਢਲਦਾ ਦਿਖਾਈ ਦੇਂਦਾ ਹੈ। ਇਸ ਸਭ ਦੇ ਬਾਵਜੂਦ ਉਸਦੀ ਸ਼ਾਇਰੀ ਦਾ ਕੇਂਦਰ ਉਹ ਗੁਸਤਾਖ਼ ਹਵਾ ਹੈ ਜਿਸਨੇ ਸਮੁੱਚੀ ਮਾਨਵ ਜਾਤੀ ਦੇ ਜੀਵਨ ਨੂੰ ਦੁਖਦ ਤੇ ਪੀੜਾ ਭਰਪੂਰ ਬਣਾਇਆ ਹੋਇਆ ਹੈ। ਗੁਸਤਾਖ਼ ਹਵਾ ਦੇ ਕੇਂਦਰੀ ਪ੍ਰਤੀਕ ਰਾਹੀਂ ਉਹ ਅਜੋਕੇ 'ਅਪਾਹਜ ਸਮੇਂ' ਦੇ ਮਾਨਵ ਵਿਰੋਧੀ ਸਰੂਪ ਨੂੰ ਪਛਾਣਦੀ ਅਤੇ ਕਾਵਿਕ ਬੋਲਾਂ ਵਿਚ ਢਲਦੀ ਹੈ। ਇਸ ਅਪਾਹਜ ਸਮੇਂ ਵਿਚ ਲੋਕਾਈ ਦੀ ਪੀੜ ਤੇ ਦਰਦ ਉਸਦੇ ਚੇਤਨ-ਅਵਚੇਤਨ ਨੂੰ ਡੱਸਦਾ ਹੈ। ਪੂਰੇ ਵਿਸ਼ਵ ਵਿਚ ਫੈਲੀ ਅਫ਼ਰਾ-ਤਫ਼ਰਾ, ਮਾਇਆ ਦੀ ਸਰਦਾਰੀ, ਮੰਡੀ ਤੇ ਮੁਨਾਫ਼ੇ ਦੀ ਚੜ੍ਹਤ, ਕੁਦਰਤ ਦੇ ਵਿਨਾਸ਼ ਤੇ ਉਸ ਨਾਲ ਹੋ ਰਹੇ ਖਿਲਵਾੜ, ਕਾਰਪੋਰੇਟ ਘਰਾਣਿਆਂ ਦੇ ਅਸਲ ਚਿਹਰੇ ਨੂੰ ਬੇਨਕਾਬ ਕਰਨ ਤੋਂ ਉਹ ਰਤਾ ਵੀ ਗੁਰੇਜ਼ ਨਹੀਂ ਕਰਦੀ। ਉਹ ਗੀਤ ਗਾਉਂਦੀ ਹੈ ਮਾਨਵ ਦੀ ਆਜ਼ਾਦੀ, ਮੁਕਤੀ ਅਤੇ ਖ਼ੁਸ਼ਹਾਲੀ ਦੇ। ਹਾਕਮ ਧਿਰ ਦੇ ਸੋਹਲੇ ਗਾਉਣ ਨਾਲੋਂ ਇਹ ਸ਼ਾਇਰੀ ਕਵਿਤਾ ਨੂੰ ਪੁਕਾਰਦੀ ਹੈ ਤਾਂ ਕੇਵਲ ਇਸ ਲਈ ਕਿ

ਕਵਿਤਾ ਤੂੰ ਆ ਪਰ ਇਸ ਤਰ੍ਹਾਂ ਆ....
ਨੰਗਿਆਂ ਨੂੰ ਤਨ ਢਕਣ ਲਈ ਕੱਪੜਾ ਮਿਲੇ
ਤੂੰ ਲੋਕਰਾਜ ਦੀ ਆਵਾਜ਼ ਬਣ ਕੇ ਆ
ਧਰਤੀ 'ਤੇ ਵੱਸਦੇ ਹਰ ਮਨੁੱਖ ਲਈ
ਮਨੁੱਖਾ ਜੂਨ ਬਣ ਕੇ ਆ।
(ਗੁਸਤਾਖ਼ ਹਵਾ ਪੰਨਾ-11)

ਇਹ ਸ਼ਾਇਰੀ ਪੂਰੇ ਵਿਸ਼ਵ ਵਿਚਲੀ ਮਨੁੱਖਤਾ ਨੂੰ ਮਹਾਂਮਾਰੀ ਅਤੇ ਕੁਦਰਤੀ ਆਫ਼ਤਾਂ ਤੋਂ ਬਚਾਉਣ ਦੀ ਗੱਲ ਆਖਦੀ ਹੈ। ਇਸਦੇ ਸਰੋਕਾਰ ਕਿਸੇ ਇਕ ਬਿੰਦੂ ਉੱਪਰ ਸੁੰਗੜੇ ਸਿਮਟੇ ਦਿਖਾਈ ਨਹੀਂ ਦਿੰਦੇ ਸਗੋਂ ਪੂਰੀ ਮਨੁੱਖਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਇਹ ਸ਼ਾਇਰੀ ਕਦੇ ਬੰਦੇ ਨੂੰ ਆਪਣੇ ਅੰਦਰ ਡੂੰਘਾ ਲੱਥ ਜਾਣ ਲਈ ਆਖਦੀ ਹੈ ਅਤੇ ਕਦੀ ਆਲ਼ੇ-ਦੁਆਲ਼ੇ ਅੱਖਾਂ ਖੋਲ੍ਹ ਕੇ ਲੁਕੇ ਪਾਸਾਰਾਂ ਦੇ ਅੰਦਰ ਝਾਕਣ ਲਈ ਪ੍ਰੇਰਦੀ ਹੈ। ਧਾਰਮਿਕ ਅਡੰਬਰ, ਦਹਿਸ਼ਤ ਅਤੇ ਪਿੰਡ ਕਈ ਵਾਰ ਉਸਦੀ ਸਿਮਰਤੀ 'ਚੋਂ ਨਿਕਲ ਉਸ ਦੇ ਕਾਵਿ ਸਰੋਕਾਰਾਂ ਦਾ ਹਿੱਸਾ ਬਣਦੇ ਦਿਖਾਈ ਦੇਂਦੇ ਹਨ। ਉਹ ਕਵਿਤਾ ਨੂੰ ਚਗਲੇ ਸਵਾਦਾਂ ਮਗਰ ਨੱਸਦੀ ਦੌੜਦੀ ਜਾਂ ਲਿਜ਼ਲਿਜ਼ੇ ਰੂਪ ਵਿਚ ਨਹੀਂ ਸਗੋਂ ਚਮਕਦੀ, ਲਿਸ਼ਕਦੀ ਅਤੇ ਦਮਦਾਰ ਵੇਖਣਾ ਲੋਚਦੀ ਹੈ। ਇਹ ਸ਼ਾਇਰੀ ਮੁੱਲਵਾਨ ਇਸ ਲਈ ਹੈ ਕਿਉਂਕਿ ਇਹ ਲੋਕਾਂ ਦੇ ਹੱਕਾਂ ਵਿਚ ਭੁਗਤਦੀ ਹੈ, ਸੁੱਤਿਆਂ ਨੂੰ ਹਲੂਣਦੀ ਹੈ ਅਤੇ ਜ਼ਮੀਰ ਨੂੰ ਜਗਾਉਂਦੀ ਹੈ। 'ਕਵਿਤਾ ਦੀ ਤਸੀਰ' ਨਜ਼ਮ ਵਿਚ ਉਸ ਦੀ, ਕਵਿਤਾ ਦਾ ਅਰਕ ਹਾਜ਼ਰ ਹੈ:

ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿਚ
ਉਸ ਜ਼ਫ਼ਰਨਾਮੇ ਦੀ ਤਾਸੀਰ ਹੈ
ਜਿਸ ਨੂੰ ਪੜ੍ਹ ਕੇ
ਔਰੰਗਜ਼ੇਬ ਦੇ ਦਿਲਾਂ ਦੀ ਧੜਕਣ
ਰੁਕ ਜਾਂਦੀ ਹੈ। (ਗੁਸਤਾਖ਼ ਹਵਾ, ਪੰਨਾ-59)

'ਗੁਸਤਾਖ਼ ਹਵਾ' ਵਿਚਲੀ ਸ਼ਾਇਰੀ ਆਪਣੇ ਭਾਵ-ਪ੍ਰਗਟਾਵੇ ਲਈ ਸਿੱਖ ਇਤਿਹਾਸ ਦੇ ਜੁਝਾਰੂ ਤੇ ਲੋਕ-ਪੱਖੀ ਹਵਾਲਿਆਂ ਅਤੇ ਪੰਜਾਬੀ ਲੋਕਧਾਰਾ ਦੇ ਵੇਰਵਿਆਂ ਨੂੰ ਇਸਤੇਮਾਲ ਕਰਦੀ ਹੈ। ਇਸ ਸੰਗ੍ਰਹਿ ਵਿਚ ਲੰਮੀਆਂ ਲੰਮੀਆਂ ਕਵਿਤਾਵਾਂ ਨਹੀਂ, ਅਨੁਭਵ ਦੇ ਛਿਣ ਉੱਪਰ ਖਲੋਤੇ ਸਮੇਂ ਦੇ ਹਾਣੀ ਸਾਰ-ਗਰਭਿਤ ਬੋਲ ਹਨ। ਇਹ ਬੋਲ ਕਿਰਤ ਦੇ ਮਹੱਤਵ ਨੂੰ ਉਭਾਰਦੇ, ਮਜ਼ਲੂਮ ਅੰਦਰ ਦਮ ਭਰਦੇ ਅਤੇ ਲੁੱਟ ਤੇ ਹਿੰਸਾ ਤੋਂ ਮੁਕਤੀ ਹਾਸਲ ਕਰਨ ਲਈ ਪ੍ਰੇਰਦੇ ਦਿਖਾਈ ਦੇਂਦੇ ਹਨ। ਸੁਰਿੰਦਰ ਗੀਤ ਨੂੰ ਆਪਣਾ ਇਹ ਸਫ਼ਰ ਜਾਰੀ ਰੱਖਣਾ ਚਾਹੀਦਾ ਹੈ। ਆਮੀਨ !

## ਕੁਲਵੰਤ ਕੁਠਾਲਾ ਦੀਆਂ ਦੋ ਕਵਿਤਾਵਾਂ

ਵਸਿਓ ਨਾ ਪਿੰਡੋਂ ਬਾਹਰ ਜ਼ੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ
ਵਤਨਾਂ ਦੇ ਵਿਚ ਤੁਸੀਂ ਮਿੱਟੀ ਨੂੰ ਸੰਭਾਲਿਓ
ਰੁਲੀ ਜਾਂਦੀ ਵੇਖ ਕੇ ਹਾਏ ਗੌਰ ਫਰਮਾ ਲਿਓ
ਪਰਦੇਸੀਆਂ ਦੇ ਕੋਲ ਐਵੇਂ ਸ਼ੋਰ ਪਾਉਂਦੀ ਰਹਿ ਗਈ
ਓ ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਪੰਜਾਬੀ ਤੋਂ ਦੂਰ ਹੋ ਕੇ ਰੁਲ ਕਿਤੇ ਜਾਇਓ ਨਾ
ਮਾਂ ਬੋਲੀ ਦੇ ਅਹਿਸਾਨ ਨੂੰ ਭੁੱਲ ਕਿਤੇ ਜਾਇਓ ਨਾ
ਵਾਰ ਵਾਰ ਬੋਲ ਕੇ ਓਹ ਗੌਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ...।

ਭੁੱਲ ਨਾ ਜਾਇਓ ਕਿਤੇ ਸੁਨਹਿਰੀ ਇਤਿਹਾਸ ਨੂੰ,
ਹਿੱਕ ਵਿਚ ਰੱਖੋ ਸ਼ਹੀਦਾਂ ਦੇ ਅਹਿਸਾਸ ਨੂੰ
ਸੁਣ ਸੁਣ ਵਾਰਾਂ ਓਹ ਲੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ...।

ਮਾੜੀ ਹੁੰਦੀ ਜਾਂਦੀ ਤੁਸੀਂ ਹਵਾ ਨੂੰ ਬਚਾ ਲਿਓ
ਘਰਾਂ ਕੋਲ ਆਪਣੇ ਹਾਏ ਰੁੱਖ ਲਗਾ ਲਿਓ
ਲਾ ਲਾ ਕੇ ਓਹ ਰੁੱਖ ਹੋਰ ਹੋਰ ਲਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਦੀ ਰਹਿ ਗਈ।

ਕਿੱਥੋਂ ਲਿਆਵਾਂਗੇ ਖਾਣ ਨੂੰ ਦਾਣੇ,
ਜਦ ਰੋਵਣਗੇ ਘਰੇ ਨਿਆਣੇ।
ਫਰਿਆਦ ਕਿਸ ਦੇ ਕਰਾਂਗੇ ਅੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਤੋਪਾਂ ਕਿੱਥੋਂ ਲੱਗਦੀਆਂ ਚੰਗੀਆਂ,
ਇਹ ਤਾਂ ਕਰਦੀਆਂ ਸਿਰ ਤੋਂ ਨੰਗੀਆਂ।
ਫਿਰ ਮਰਨ ਲਈ ਕੋਈ ਥਾਂ ਨਾ ਲੱਭੇ,
ਨਾ ਵੇ ਰੱਬਾ ਜੰਗ ਨਾ ਲੱਗੇ।

ਲਾਲ ਗੁਲਾਬੀ ਚਿਹਰੇ ਰਕਾਨਾਂ,
ਨਹੀਂ ਸਾਨੀ ਕੋਈ ਏਥੇ ਦਿਆਂ ਜਵਾਨਾਂ।
ਫਿਕਰਾਂ ਵਿਚ ਨਾ ਹੋਵਣ ਬੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।

ਜ਼ਮੀਨ ਦੇਸ ਦੀ ਉਪਜਾਊ ਬੜੀ ਏ ,
ਸੋਨਾ ਉਗਾਊਂ ਜ਼ਿਦ 'ਤੇ ਅੜੀ ਏ।
ਬੰਜਰਾਂ ਵਾਲੀ ਕੋਈ 'ਵਾ ਨਾ ਵੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਪਿਆਰ ਪਾਓ ਸਾਂਝ ਵਧਾਓ,
ਦੇਸ 'ਚ ਏਕੇ ਦੇ ਫੁੱਲ ਲਗਾਓ।
ਵੰਡੀਆਂ ਪਾ ਕੇ ਨਾ ਜਾਇਓ ਠੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਮੇਰਾ ਜਰਨੈਲ

***.ਗਦਰ ਲਹਿਰ ਦੇ ਮੋਢੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਕਰਤਾਰ ਸਿੰਘ ਸਰਾਭਾ ਦੀ ਆਯੂ ਨਾਲੋਂ ਵੱਡੇ ਅੰਤਰ ਦੇ ਬਾਵਜੂਦ ਉਹ ਸਰਾਭਾ ਦੇ ਚਰਿੱਤਰ ਤੋਂ ਪ੍ਰਭਾਵਿਤ ਹੋ ਕੇ 'ਮੇਰਾ ਜਰਨੈਲ' ਕਹਿ ਕੇ ਪੁਕਾਰਦੇ ਸਨ। .ਗਦਰ ਲਹਿਰ ਦੀ ਸਥਾਪਨਾ ਤੋਂ ਪਹਿਲਾਂ ਮਈ 1911 ਨੂੰ ਜੀ.ਡੀ. ਕੁਮਾਰ ਕਨੇਡਾ ਛੱਡ ਕੇ ਅਮਰੀਕਾ ਦੇ ਸ਼ਹਿਰ ਸਿਆਟਲ ਪੁੱਜੇ ਤਾਂ ਉਹ ਬਾਬੂ ਹਰਨਾਮ ਸਿੰਘ ਕਾਹਰੀ ਨਾਲ ਹਿੰਦੀਆਂ ਦੇ ਡੇਰਿਆਂ 'ਤੇ ਜਾ ਕੇ ਉਨ੍ਹਾਂ ਨੂੰ ਅਜ਼ਾਦੀ ਲਈ ਪ੍ਰੇਰਨ ਲੱਗੇ ਸਨ। ਛੇਤੀ ਹੀ ਪੋਰਟਲੈਂਡ ਵਿਚ ਮੀਟਿੰਗ ਕਰ ਕੇ 'ਹਿੰਦੁਸਤਾਨ ਐਸੋਸੀਏਸ਼ਨ' ਨਾਂਅ ਦੀ ਸੁਸਾਇਟੀ ਬਣਾ ਕੇ, ਪ੍ਰਚਾਰ ਲਈ ਉਰਦੂ ਵਿਚ ਹ.ਫਤਾਵਾਰੀ ਅ.ਖਬਾਰ 'ਦੀ ਇੰਡੀਆ' ਕੱਢਣ ਦਾ ਫੈਸਲਾ ਕੀਤਾ। ਇਸ ਸੁਸਾਇਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਕੱਤਰ ਜੀ.ਡੀ. ਕੁਮਾਰ ਅਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਚੁਣੇ ਗਏ। ਇਸ ਤਰ੍ਹਾਂ ਬਾਬੂ ਤਾਰਕ ਨਾਥ ਦਾਸ, ਬਾਬੂ ਹਰਨਾਮ ਸਿੰਘ ਸਾਹਰੀ ਤੇ ਜੀ.ਡੀ. ਕੁਮਾਰ ਨੇ ਦੇਸ਼ ਭਗਤੀ ਦੇ ਪ੍ਰਚਾਰ ਦਾ ਮੁੱਢ ਬੰਨ੍ਹ ਕੇ ਆਪਣੀਆਂ ਸਰਗਰਮੀਆਂ ਨੂੰ ਤੇਜ਼ ਕਰ ਦਿੱਤਾ ਸੀ। ਬਾਬਾ ਭਕਨਾ ਨੇ .ਗਦਰ ਲਹਿਰ ਦੇ ਇਸ ਤੋਂ ਅਗਲੇ ਪ੍ਰੋਗਰਾਮ ਅਤੇ ਸਰਾਭਾ ਦੇ ਬਿਰਤਾਂਤ ਨੂੰ ਇੰਜ ਪੇਸ਼ ਕੀਤਾ ਹੈ।***

ਜੀ.ਡੀ. ਕੁਮਾਰ ਬੀਮਾਰੀ ਨਾਲ ਪੈ ਗਏ ਤੇ ਛੇਤੀ ਤੰਦਰੁਸਤ ਨਾ ਹੋ ਸਕੇ। ਇਨ੍ਹਾਂ ਦੀ ਬੀਮਾਰੀ ਦੌਰਾਨ ਹੀ ਮੈਂ ਤੇ ਭਾਈ ਊਧਮ ਸਿੰਘ ਕਸੇਲ ਕੁਝ ਦਿਨ੍ਹਾਂ ਲਈ ਅਸਟੋਰੀਆ ਮਿੱਲ ਵਿਚ ਕੰਮ ਕਰਨ ਚਲੇ ਗਏ ਤੇ ਕਈ ਦਿਨ ਉਥੇ ਰਹੇ। ਮਿੱਲ ਵਿਚ 120 ਹਿੰਦੀ ਕੰਮ ਕਰਦੇ ਸਨ। ਕਈ ਦਿਨਾਂ ਦੇ ਵਿਚਾਰ ਵਟਾਂਦਰੇ ਪਿਛੋਂ ਉਥੇ ਵੀ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ' ਦੀ ਸ਼ਾਖ਼ ਕਾਇਮ ਹੋ ਗਈ। ਮੈਂਬਰ ਵੀ ਕਾਫ਼ੀ ਭਰਤੀ ਹੋਏ, ਇਸ ਸ਼ਾਖ ਦੇ ਪ੍ਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਮੁੱਖ ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖ਼ਜ਼ਾਨਚੀ ਮੁਨਸ਼ੀ ਰਾਮ ਮਿਥੇ ਗਏ। ਉਨ੍ਹੀਂ ਦਿਨੀਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਵਾਲੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤੇ ਇਥੇ ਹੀ

**ਬਾਬਾ ਸੋਹਣ ਸਿੰਘ ਭਕਨਾ**

ਮਿੱਲ ਵਿਚ ਕੰਮ ਕਰਦਾ ਸੀ। (ਨੋਟ: ਰੁਲੀਆ ਸਿੰਘ ਅੰਡੇਮਾਨ ਜੇਲ੍ਹ ਵਿਚ ਸ਼ਹੀਦੀ ਪਾ ਗਏ ਸਨ)

ਪਹਿਲੀ ਨਵੰਬਰ 1913 ਤੱਕ ਨਾ ਹੀ ਦਫ਼ਤਰ ਕਾਇਮ ਹੋਇਆ ਤੇ ਨਾ ਹੀ ਅਖ਼ਬਾਰ ਨਿਕਲਿਆ। ਅਖੀਰ ਸਥਾਨਕ ਕਮੇਟੀਆਂ ਨੇ ਪ੍ਰਧਾਨ ਇੰਤਜਾਮੀਆਂ ਕਮੇਟੀ ਨੂੰ ਲਿਖਣਾ ਸ਼ੁਰੂ ਕਰ ਦਿੱਤਾ ਤੇ ਲਾ-ਪ੍ਰਵਾਹੀ ਦੀ ਵਜ੍ਹਾ ਪੁੱਛੀ। ਪ੍ਰਧਾਨ ਨੇ ਲਾਲਾ ਹਰਦਿਆਲ ਨੂੰ ਸਥਾਨਕ ਕਮੇਟੀਆਂ ਦੀ ਸ਼ਿਕਾਇਤ ਤੋਂ ਜਾਣੂ ਕਰਵਾਇਆ ਤੇ ਜ਼ੋਰ ਦਿੱਤਾ ਕਿ ਹੁਣ ਦੇਰੀ ਕਰਨ ਨਾਲ ਜਨਤਾ ਬਦਜ਼ਨ ਹੋ ਜਾਵੇਗੀ। ਜਲਦੀ ਕੰਮ ਸ਼ੁਰੂ ਹੋਣਾ ਚਾਹੀਦਾ ਹੈ। ਤਦ ਪਹਿਲੀ ਨਵੰਬਰ 1913 ਨੂੰ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਹੈਂਡ ਮਸ਼ੀਨ 'ਤੇ ਕਰਤਾਰ ਸਿੰਘ ਸਰਾਭਾ ਤੇ ਰਘਬੀਰ ਦਿਆਲ (ਯੂ.ਪੀ.) ਦੀ ਮਦਦ ਨਾਲ ਕੱਢਿਆ ਗਿਆ। ਇਕ ਮਕਾਨ ਕਿਰਾਏ 'ਤੇ ਲੈ ਕੇ ਦਫ਼ਤਰ ਖੋਲ੍ਹਿਆ ਗਿਆ ਜਿਸ ਦਾ ਨਾਂ 'ਯੁਗਾਂਤਰ ਆਸ਼ਰਮ' ਰਖਿਆ ਗਿਆ। ਗ਼ਦਰ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਲਿਖਿਆ ਹੁੰਦਾ:

ਜੇ ਤਉ ਪ੍ਰੇਮ ਖੇਲਨ ਦਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ।

ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਤੇ ਪੰਜਾਬੀ ਵਿਚ ਉਲੱਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹਥੀਂ ਚਲਾਉਂਦਾ ਸੀ। ਸ਼ੁਰੂ-ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ 'ਤੇ ਹੀ ਰਿਹਾ। ਕਈ ਹਫ਼ਤੇ ਪਿਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁਝੀ, ਬਲਕਿ ਜਦ ਸੁਝਦਾ ਸੀ ਤਾਂ ਕੰਮ। ਜਿੰਨਾ ਉਹ ਅਣਥੱਕ ਮਿਹਨਤੀ ਸੀ, ਓਨਾ ਹੀ ਫੁਰਤੀਲਾ ਵੀ ਸੀ।

ਕੈਲੇਫੋਰਨੀਆ ਦੇ ਦੇਸ਼ ਭਗਤਾਂ ਨੇ ਸੈਕਰਾਮੈਂਟੋ ਵਿਚ ਦਸੰਬਰ 1913 ਨੂੰ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਕਾਨਫ੍ਰੰਸ ਰੱਖ ਦਿੱਤੀ, ਜਿਸ ਵਿਚ ਭਾਈ ਕੇਸਰ ਸਿੰਘ, ਪੰਡਤ ਕਾਂਸ਼ੀ ਰਾਮ, ਮੁਨਸ਼ੀ ਰਾਮ, ਲਾਲਾ ਹਰਦਿਆਲ ਤੇ ਮੈਂ ਓਰੇਗਾਨ ਤੇ ਵਾਸ਼ਿੰਗਟਨ ਸਟੇਟ ਵਲੋਂ ਸ਼ਾਮਲ ਹੋਏ। ਹਰਨਾਮ ਸਿੰਘ (ਟੁੰਡੀਲਾਟ), ਪਹਿਲਾਂ ਹੀ ਸਾਨਫ੍ਰਾਂਸਿਸਕੋ ਦੇ ਦਫ਼ਤਰ ਵਿਚ ਕੰਮ ਕਰਦਾ ਸੀ। ਕੈਲੇਫੋਰਨੀਆ ਵਾਲਿਆਂ ਨੇ ਪਿਛਲੀ ਚੋਣ ਹੀ ਪ੍ਰਵਾਨ ਕਰ ਲਈ, ਸਿਰਫ਼ ਉਨ੍ਹਾਂ ਅੰਤ ਪ੍ਰਧਾਨ ਭਾਈ ਜਵਾਲਾ ਸਿੰਘ ਨੂੰ ਰਖਿਆ। ਭਗਤ ਸਿੰਘ (ਦੂਜਾ ਨਾਂ ਗਾਂਧਾ ਸਿੰਘ), ਕਰਤਾਰ ਸਿੰਘ ਸਰਾਭਾ ਤੇ ਹੋਰ ਉੱਘੇ ਦੇਸ਼ ਭਗਤ ਵੀ ਕਾਨਫ੍ਰੰਸ ਵਿਚ ਸ਼ਾਮਲ ਸਨ। ਮੈਂ ਆਪਣਾ ਨਿੱਜੀ ਕੰਮ ਛੱਡ ਦਿੱਤਾ ਤੇ ਸਾਥੀਆਂ ਦੇ ਮਿਲਵਰਤਨ ਨਾਲ ਜਥੇਬੰਦਕ ਕੰਮ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ। ਭਾਈ ਗਾਂਧਾ ਸਿੰਘ ਤੇ ਭਾਈ ਕਰਤਾਰ ਸਿੰਘ (ਦੁੱਕੀ) ਹਮੇਸ਼ਾਂ ਮੇਰੇ ਨਾਲ ਰਹਿੰਦੇ ਤੇ ਕਦੇ ਟਾਈਮ ਮਿਲਣ 'ਤੇ ਕਰਤਾਰ ਸਿੰਘ ਸਰਾਭਾ ਵੀ ਮਦਦ ਦੇ ਜਾਂਦੇ। ਦਫ਼ਤਰ ਦਾ ਕੰਮ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਚਲਾਉਂਦੇ ਤੇ ਅਖ਼ਬਾਰ ਦਾ ਕੰਮ ਮੁੱਖ ਸੰਪਾਦਕ ਹਰਨਾਮ ਸਿੰਘ ਟੁੰਡੀਲਾਟ ਤੇ ਸਹਾਇਕ ਕਰਤਾਰ ਸਿੰਘ ਸਰਾਭਾ, ਰਾਮ ਚੰਦਰ ਤੇ ਸੋਹਣ ਲਾਲ ਪਾਠਕ ਚਲਾਉਂਦੇ ਸਨ।

ਫੌਜੀ ਸਿੱਖਿਆ: ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਪਿਛੋਂ ਮੈਂ ਬਹੁਤਾ ਵਕਤ ਆਸ਼ਰਮ ਨੂੰ ਹੀ ਦੇਣ ਲੱਗ ਪਿਆ। ਕਮਿਸ਼ਨ ਨੇ ਅਮਲੀ ਤਿਆਰੀ ਵੱਲ ਧਿਆਨ ਦਿੱਤਾ ਤੇ ਆਉਣ ਵਾਲੇ ਸਮੇਂ ਵਿਚ ਹਵਾਈ ਤਾਕਤ ਦੀ ਮਹਾਨਤਾ ਨੂੰ ਮਹਿਸੂਸ ਕੀਤਾ। ਨਾਲ ਹੀ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ, ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਕਸੇਲ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇਕ ਜਰਮਨ ਕੰਪਨੀ ਕੋਲ ਸਾਨਫ੍ਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ। ਇਹ ਜਰਮਨ ਕੌਂਸਲਰ ਨਾਲ ਪਹਿਲੀ ਗੱਲਬਾਤ ਸੀ, ਜਿਹੜੀ ਭਾਈ ਸੰਤੋਖ ਸਿੰਘ ਰਾਹੀਂ ਹੋਈ।

23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ (ਕਨੇਡਾ) ਪਹੁੰਚਿਆ। ਪਰ ਕਨੇਡਾ ਸਰਕਾਰ ਨੇ ਬੰਦਰਗਾਹ 'ਤੇ ਰੋਕ ਦਿੱਤਾ ਅਤੇ ਜਹਾਜ਼ ਬੰਦਰਗਾਹ ਦੀ ਹੱਦ ਤੋਂ ਪਰ੍ਹੇ ਸਮੁੰਦਰ ਵਿਚ ਹੀ ਖੜਾ ਰਿਹਾ। ਬਾਹਰ ਕਨੇਡਾ ਦੇ ਹਿੰਦੀ ਮੁਸਾਫ਼ਰਾਂ ਦੇ ਉਤਰਨ ਲਈ ਕਾਨੂੰਨੀ ਲੜਾਈ ਲੜ੍ਹ ਰਹੇ ਸਨ। ਬੜੀ ਜਦੋ-ਜਹਿਦ ਤੋਂ ਪਿਛੋਂ 23 ਜੁਲਾਈ 1914, ਜਹਾਜ਼ ਦੇ ਵਾਪਸ ਜਾਣ ਦੀ ਤਾਰੀਕ ਨਿਯਤ ਹੋ ਗਈ। ਤਦ ਤੱਕ ਗ਼ਦਰ ਪਾਰਟੀ ਦੇ ਜ਼ਿਮੇਵਾਰਾਂ ਨੇ ਫੈਸਲਾ ਕੀਤਾ ਕਿ ਇਕ ਪਾਰਟੀ ਦਾ ਜ਼ਿੰਮੇਵਾਰ ਕਾਮਾਗਾਟਾ ਮਾਰੂ ਦੇ ਨਾਲ-ਨਾਲ ਜਾਏ ਤੇ ਯੋਕੋਹਾਮਾ ਵਿਚ ਜਾ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਇਨਕਲਾਬੀ ਲਾਈਨ ਸਮਝਾਏ। ਇਸ ਕੰਮ ਲਈ ਮੇਰੀ ਡਿਊਟੀ ਲੱਗੀ। 200 ਪਿਸਤੌਲ ਅਤੇ 2000 ਗੋਲੀਆਂ, ਦੋ ਪੇਟੀਆਂ ਵਿਚ ਬੰਦ ਕਰਕੇ ਜਹਾਜ਼ ਨੂੰ ਦੇਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭੇ 'ਤੇ ਸੁੱਟਿਆ ਗਿਆ। ਉਨ੍ਹਾਂ ਨੇ ਜਹਾਜ਼ 'ਤੇ ਇਕ ਕਮਰਾ ਰੀਜ਼ਰਵ ਕਰਵਾ ਕੇ ਜਹਾਜ਼ ਚੱਲਣ ਤੋਂ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਕਮਰੇ ਵਿਚ ਰੱਖਵਾ ਦਿੱਤੀਆਂ। ਮੈਂ ਬੜੇ ਧਿਆਨ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਤੁਰਨ ਤੋਂ ਕੋਈ 15 ਮਿੰਟ ਪਹਿਲਾਂ ਜਹਾਜ਼ ਤੋਂ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿਚ ਜਾ ਬੈਠਾ। ਅਜੇ ਮੇਰਾ ਜਹਾਜ਼ ਅਮਰੀਕਾ ਅਤੇ ਜਾਪਾਨ ਦੇ ਵਿਚਾਲੇ ਹੀ ਸੀ ਕਿ ਜਹਾਜ਼ ਵਾਲਿਆਂ ਨੇ ਜੰਗ ਛਿੜਨ ਦੀ ਖ਼ਬਰ ਸੁਣਾ ਦਿੱਤੀ।



ਅਜੇ ਕਾਮਾਗਾਟਾ ਮਾਰੂ ਨਾਲ ਸਬੰਧਤ ਕੰਮ ਤੋਂ ਕੁਝ ਵਿਹਲ ਮਿਲੀ ਹੀ ਸੀ ਕਿ ਕਰਤਾਰ ਸਿੰਘ ਸਰਾਭਾ ਇਕ ਹੋਰ ਸਾਥੀ ਸਮੇਤ ਹੋਟਲ ਵਿਚ ਆ ਕੇ ਮਿਲੇ ਤੇ ਪਾਰਟੀ ਦੇ ਉਸ ਫੈਸਲੇ ਦੀ ਇਤਲਾਹ ਦਿੱਤੀ ਜਿਸ ਦੇ ਅਨੁਸਾਰ ਪਾਰਟੀ ਨੇ ਮੌਕੇ ਦੇ ਹਾਲਾਤ ਸਾਹਮਣੇ ਰਖਦਿਆਂ ਹੋਇਆਂ ਅੰਗਰੇਜ਼ਾਂ ਦੇ ਵਿਰੁੱਧ ਹਿੰਦੁਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ ਸੀ। ਜਦ ਜਹਾਜ਼ ਕਲਕੱਤੇ ਆ ਕੇ ਲੱਗਾ ਤਾਂ ਮੇਰੀ ਅਤੇ ਦੋ ਹੋਰ ਸਾਥੀ ਜੋ ਕਨੇਡਾ ਤੋਂ ਆਏ ਸਨ, ਤਿੰਨਾਂ ਦੀ ਪੁਲਿਸ ਨੇ ਗ੍ਰਿਫ਼ਤਾਰੀ ਕਰ ਲਈ ਤੇ ਬੰਦ ਗੱਡੀ ਵਿਚ ਬਿਠਾ ਕੇ ਫੌਜੀ ਪਹਿਰੇ ਹੇਠਾਂ ਕਲਕੱਤੇ ਦੀ ਕੋਤਵਾਲੀ ਵਿਚ ਲਿਆ ਕੇ ਬੰਦ ਕਰ ਦਿੱਤਾ। ਦੋ ਦਿਨ ਪਿਛੋਂ ਪੁਲਿਸ ਦੇ ਪਹਿਰੇ ਹੇਠ ਸਾਨੂੰ ਲੁਧਿਆਣੇ ਲੈ ਆਏ ਕਿਉਂਕਿ ਲੁਧਿਆਣਾ ਜੇਲ੍ਹ ਘਰ, ਬਾਹਰ ਤੋਂ ਆਏ ਇਨਕਲਾਬੀਆਂ ਦੀ ਜਾਂਚ ਪੜਤਾਲ ਲਈ ਮੁਕੱਰਰ ਸੀ। ਮੈਨੂੰ ਪੁਲੀਸ ਦੇ ਪਹਿਰੇ ਵਿਚ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਭੇਜ ਦਿੱਤਾ। ਜਦੋਂ ਮੈਨੂੰ ਲੁਧਿਆਣੇ ਜੇਲ੍ਹ ਤੋਂ ਪੁਲੀਸ ਦੇ ਪਹਿਰੇ ਵਿਚ ਟਾਂਗੇ 'ਤੇ ਬਿਠਾ ਕੇ ਸਟੇਸ਼ਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਪਿਛੋਂ ਸਾਈਕਲ 'ਤੇ ਕਰਤਾਰ ਸਿੰਘ ਸਰਾਭਾ ਆ ਮਿਲਿਆ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਉਹ ਫੌਜੀ ਪਲਟਨਾਂ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ। ਉਹਦੀ ਇਸ ਨਿਡਰਤਾ ਦਾ ਫੌਜੀਆਂ ਉਤੇ ਏਨਾ ਅਸਰ ਹੁੰਦਾ ਕਿ ਉਹ ਅਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ। ਮੈਂ ਕਰਤਾਰ ਸਿੰਘ ਸਰਾਭਾ ਨੂੰ ਦਸਿਆ ਕਿ ਮੇਰਾ ਚਲਾਨ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਹੋ ਗਿਆ ਹੈ ਤੇ ਤੁਸੀਂ ਜਾਉ। ਮੇਰੀ ਗ੍ਰਿਫ਼ਤਾਰੀ 1914 ਨੂੰ ਹੋਈ।

### *ਨਾਨਕ ਸਿੰਘ ਨਾਵਲਿਸਟ*

ਨਾਨਕ ਸਿੰਘ ਦੇ 'ਇਕ ਮਿਆਨ ਦੋ ਤਲਵਾਰਾਂ' ਵਿਚ ਕਰਤਾਰ ਸਿੰਘ ਸਰਾਭੇ ਦਾ ਇਕ ਰਘਬੀਰ ਕੌਰ ਨਾਮਕ ਕੁੜੀ ਨਾਲ ਪਿਆਰ ਦੇ ਵਰਨਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਬਾਬਾ ਭਕਨਾ ਨੇ ਕਿਹਾ:

ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਰੂਹ ਸੀ। ਉਹ ਪਾਰਟੀ ਦਾ ਸਕੱਤਰ ਤੇ 'ਗ਼ਦਰ ਦੀ ਗੂੰਜ' ਅਖ਼ਬਾਰ ਦਾ ਐਡੀਟਰ ਸੀ। ਉਹ ਬੜਾ ਨਿਧੜਕ ਤੇ ਦਲੇਰ ਨੌਜਵਾਨ ਸੀ। ਉਸ ਅੰਦਰ ਦੇਸ਼ ਭਗਤੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਦੇਸ਼ ਦੀ ਖ਼ਾਤਰ ਹੀ ਜੀਉਂਦਾ ਸੀ ਤੇ ਦੇਸ਼ ਦੀ ਖ਼ਾਤਰ ਹੀ ਮਰਿਆ ਸੀ। ਉਸ ਦਾ ਕਿਸੇ ਕੁੜੀ ਨਾਲ ਪਿਆਰ ਵਰਗਾ ਸਬੰਧ ਨਹੀਂ ਸੀ। ਹਾਂ ਉਸ ਨਾਲ ਕਈ ਕੁੜੀਆਂ ਉਸ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਉਸਦਾ ਕੁੜੀਆਂ ਨਾਲ ਵਾਹ ਪੈਂਦਾ ਸੀ ਪਰ ਉਸ ਦਾ ਸਬੰਧ ਕੇਵਲ ਉਨ੍ਹਾਂ ਤੋਂ ਦੇਸ਼ ਭਗਤੀ ਦੇ ਕੰਮਾਂ ਲਈ ਮਦਦ ਲੈਣ ਤੱਕ ਹੀ ਸੀਮਤ ਸੀ। ਉਹ ਜੇਲ੍ਹ ਵਿਚ ਮੇਰੇ ਨਾਲ ਹੀ ਸੀ। ਉਥੇ ਉਸਨੂੰ ਨਾਨਕ ਸਿੰਘ ਨਾਵਲਿਸਟ ਦੇ ਵਰਨਣ ਵਾਂਗ ਕੋਈ ਅਜਿਹੀ ਕੁੜੀ ਮਿਲਣ ਨਹੀਂ ਆਈ। ਇਹ ਘਟਨਾ ਨਾਨਕ ਸਿੰਘ ਦੇ ਆਪਣੇ ਦਿਮਾਗ ਦੀ ਕਾਢ ਹੈ। ਨਾਵਲਕਾਰ ਆਮ ਤੌਰ 'ਤੇ ਆਪਣੇ ਨਾਵਲਾਂ ਨੂੰ ਸੁਆਦਲਾ ਬਣਾਉਣ ਲਈ ਵਿਰੋਧੀ ਲਿੰਗਾਂ ਦੇ ਪਿਆਰ ਜਿਹੇ ਪਰਸਪਰ ਸਬੰਧਾਂ ਦੀਆਂ ਕਹਾਣੀਆਂ ਛੇੜ ਲੈਂਦੇ ਹਨ।

ਜੇ ਇਹ ਕਿਹਾ ਜਾਵੇ ਕਿ ਨਾਨਕ ਸਿੰਘ ਨੇ ਸਰਾਭੇ ਦੀ ਪਾਤਰ ਉਸਾਰੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਨ੍ਹਾਂ ਦੇ ਪਿਆਰ ਦਾ ਵਰਨਣ ਕਰਕੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਸਰਾਭੇ ਨੂੰ ਕਿਸੇ ਕੁੜੀ ਦਾ ਪਿਆਰ ਵੀ ਮੋਹ ਨਹੀਂ ਸੀ ਸਕਦਾ। ਉਹ ਤੇ ਦੇਸ਼ ਪਿਆਰ ਦਾ ਦੀਵਾਨਾ ਸੀ, ਇਸੇ ਕਰਕੇ ਆਪਣੀ ਪ੍ਰੇਮਿਕਾ ਦੀ ਪਰਵਾਹ ਨਹੀਂ ਕੀਤੀ ਤੇ ਦੇਸ਼ ਦੀ ਖ਼ਾਤਰ ਮਰ ਜਾਣਾ ਚੰਗਾ ਸਮਝਿਆ, ਤਾਂ ਇਹ ਵੀ ਇੰਨਾ ਫ਼ਬਦਾ ਨਹੀਂ, ਕਿਉਂਕਿ ਸਰਾਭੇ ਦਾ ਪਾਤਰ ਪਹਿਲਾਂ ਹੀ ਲਾਸਾਨੀ ਹੈ, ਜਿਸ ਨੇ ਆਪਣੇ ਦੇਸ਼-ਪਿਆਰ ਦੇ ਆਦਰਸ਼ ਖ਼ਾਤਰ ਉਨੀਂ ਸਾਲਾਂ ਦੀ ਉਮਰ ਵਿਚ ਫਾਂਸੀ ਦੇ ਰੱਸੇ ਨੂੰ ਹੱਸਦੇ-ਹੱਸਦੇ ਗੱਲ ਵਿਚ ਪਾ ਲਿਆ। ਉਸਦਾ ਅਸਲ ਪਿਆਰ ਦੇਸ਼ ਨਾਲ ਸੀ। ਉਸੇ ਖ਼ਾਤਰ ਉਸ ਨੇ ਜਾਨ ਲਾ ਦਿੱਤੀ।

(ਦੇਸ਼ ਭਗਤ ਯਾਦਾਂ ਦੇ ਮਈ 1964 ਦੇ ਗੋਲਡਨ ਜੁਬਲੀ ਅੰਕ ਵਿਚ)

ਅੱਜ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ, 1915 ਦਾ ਉਹ ਦਿਨ ਆ ਰਿਹਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ਼ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਨੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲਾਂ ਵਿਚ ਪਾਏ। ਆਖ਼ਰੀ ਸਮੇਂ ਫਾਂਸੀ ਦੇ ਤਖ਼ਤੇ ਉੱਤੇ ਖੜੇ ਹੋ ਕੇ ਆਪਣੀ ਮਾਤ ਭੂਮੀ ਨੂੰ ਸੁਨੇਹਾ ਦਿੱਤਾ, 'ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਨਹੀਂ ਸਕੇ। ਜੇ ਸਾਡੇ ਵਿਚੋਂ ਇਕ ਵੀ ਸਾਥੀ ਜੀਉਂਦਾ ਰਿਹਾ ਤਾਂ ਆਖ਼ਰੀ ਦਮ ਤੱਕ ਆਪਣੀ ਮਾਤਰ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ ਕੀ ਰਾਜਨੀਤਿਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।'

ਇਨ੍ਹਾਂ ਸ਼ਹੀਦਾਂ ਦਾ ਮੁਕੱਦਮਾ ਸੈਂਟਰਲ ਜੇਲ੍ਹ ਲਾਹੌਰ ਦੇ ਅੰਦਰ 16 ਨੰਬਰ ਪਾਰਕ ਵਿਚ ਸ਼ੁਰੂ ਹੋਇਆ। ਇਹ ਮੁਕੱਦਮਾ ਸਪੈਸ਼ਲ ਕੋਰਟ ਦੇ ਸਾਹਮਣੇ ਪੇਸ਼ ਹੋਇਆ। ਇਸ ਦਾ ਫੈਸਲਾ ਆਖਰੀ ਸੀ। ਇਸ ਦੇ ਵਿਰੁੱਧ ਨਾ ਕੋਈ ਅਪੀਲ ਅਤੇ ਨਾ ਕੋਈ ਦਲੀਲ ਸੀ।

ਪਹਿਲੇ ਮੁਕੱਦਮੇ-1915 ਵਿਚ 24 ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਹੁਕਮ ਨੂੰ ਉਨ੍ਹਾਂ ਖਿੜੇ ਮੱਥੇ ਸੁਣਿਆ। ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਨੇ ਉੱਚੀ ਆਵਾਜ਼ ਨਾਲ ਧੰਨਵਾਦ ਕਿਹਾ। ਜਦ ਕੈਦੀਆਂ ਵਾਲੇ ਕੱਪੜੇ ਪਹਿਨਾ ਕੇ ਫਾਂਸੀ ਦੀਆਂ ਕੋਠੜੀਆਂ ਵਿਚ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਤਾਂ ਜੇਲ੍ਹ ਨਿਯਮਾਂ ਅਨੁਸਾਰ, ਜੇਲ੍ਹ ਸੁਪਰੀਟੈਂਡੈਂਟ ਹਰ ਇਕ ਕੋਲ ਆਇਆ ਅਤੇ ਕਿਹਾ 'ਤੁਸੀਂ ਜਾਣਦੇ ਹੋ ਕਿ ਸਪੈਸ਼ਲ ਕੋਰਟ ਦਾ ਫੈਸਲਾ ਆਖ਼ਰੀ ਫ਼ੈਸਲਾ ਹੁੰਦਾ ਹੈ। ਹਾਂ ਤੁਸੀਂ ਬਾਅਦਸ਼ਾਹ ਅੱਗੇ ਰਹਿਮ ਦੀ ਦਰਖ਼ਾਸਤ ਕਰ ਸਕਦੇ ਹੋ।' ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ ਆਦਮੀ, ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੇਸ਼ਭਗਤਾਂ ਨੂੰ ਪਰੇਰ ਕੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਰਵਾਇਆ ਸੀ, ਜਿਸ ਦਾ ਕਿ ਉਸ ਨੇ ਕਰਜਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਖੌਲ ਉਡਾਇਆ ਅਤੇ ਕਿਹਾ ਕਿ 'ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।'

ਅਸੀਂ 24 ਫਾਂਸੀ ਲੱਗਣ ਵਾਲੇ ਪਾਰਕ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ-ਨਾਲ ਬੰਦ ਕੀਤੇ ਹੋਏ ਸੀ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਜਦ ਮੈਨੂੰ ਮੌਕਾ ਮਿਲਿਆ ਤਾਂ ਮੈਂ ਟਹਿਲਦਿਆਂ-ਟਹਿਲਦਿਆਂ ਕਰਤਾਰ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ ਸਾਹਮਣੇ ਕੰਧ ਉੱਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, 'ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।' ਪੜ੍ਹ ਕੇ ਮੈਂ ਆਖਿਆ, 'ਕਰਤਾਰ! ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ 'ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।' ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, 'ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।' ਅੱਜ ਕਰਤਾਰ ਦੀ ਭਵਿੱਖ ਬਾਣੀ ਮੈਨੂੰ ਚੇਤੇ ਆਉਂਦੀ ਹੈ ਕਿ ਉਹ ਕਿੰਨਾ ਸੂਝਵਾਨ, ਨਿਡਰ ਅਤੇ ਬਹਾਦਰ ਸੀ।

ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਲਾਉਣ ਵਾਲਾ ਕਰਤਾਰ ਸਿੰਘ ਹੀ ਸੀ। ਜਦ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾਂ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿਚ ਲਿਖੇ ਹੋਏ ਮਜ਼ਮੂਨਾਂ ਦਾ ਤਰਜਮਾ ਕਰਤਾਰ ਸਿੰਘ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀ ਚਲਾਉਂਦਾ। ਸ਼ੁਰੂ-ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ 'ਤੇ ਹੀ ਰਿਹਾ। ਕਈ ਹਫਤੇ ਪਿੱਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁਝੀ। ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾ ਉਹ ਅਣਥੱਕ ਮਿਹਨਤੀ ਸੀ ਉਨਾ ਹੀ ਫੁਰਤੀਲਾ ਵੀ। ਹਵਾਈ ਜਹਾਜ਼ ਚਲਾਉਣ ਅਤੇ ਥੋੜ੍ਹੀ ਬਹੁਤ ਮੁਰੰਮਤ ਦਾ ਕੰਮ ਛੇ ਮਹੀਨੇ ਦੇ ਅੰਦਰ ਹੀ ਸਿੱਖ ਲਿਆ। ਦੂਸਰੇ ਨੌਜਵਾਨਾਂ ਨੂੰ ਕੰਮ ਸਿਖਾਉਣ ਲਈ ਇਕ ਜੱਥਾ ਵੀ ਤਿਆਰ ਕਰ ਲਿਆ।

ਉਹ ਇਕ ਬੇਮਿਸਾਲ ਦੇਸ਼ ਭਗਤ ਹੀ ਨਹੀਂ ਸੀ ਬਲਕਿ ਉਸਦੇ ਮਨ ਵਿਚੋਂ ਭੈ ਅਤੇ ਮੌਤ ਦਾ ਡਰ ਵੀ ਦੂਰ ਹੋ ਚੁਕਿਆ ਸੀ। ਬੇਮਿਸਾਲ, ਤਿਆਗੀ ਅਤੇ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਹੋਇਆਂ ਉਹ ਦੋਸਤਾਂ ਦਾ ਦੋਸਤ ਸੀ। ਉਹ ਖਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫ਼ੌਜੀ ਪਲਟਣਾ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗ਼ੈਰ ਕਿਸੇ ਡਰ ਦੇ ਫ਼ੌਜੀਆਂ ਨੂੰ ਪਰੇਰਦਾ। ਉਸ ਦੀ ਇਸ ਨਿਡਰਤਾ ਦਾ ਫੌਜੀਆਂ ਉੱਤੇ ਅਜਿਹਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੋਰਨ ਤਿਆਰ ਹੋ ਜਾਂਦੇ।

ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਏਨੀਂ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ। ਉਸਦੀ ਵਿੱਦਿਆ ਐਫ. ਏ. ਦੇ ਬਰਾਬਰ ਸੀ। ਉਰਦੂ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਚੰਗੀ ਤਰ੍ਹਾਂ ਲਿਖ ਪੜ੍ਹ ਲੈਂਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।

1929-30 ਦੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਮੁਕੱਦਮਾ ਵੀ ਏਸੇ 16 ਨੰਬਰ ਪਾਰਕ ਸੈਂਟਰਲ ਜੇਲ੍ਹ ਵਿਚ ਹੋਇਆ। ਅਦਾਲਤ ਵੀ 1915 ਦੀ ਤਰ੍ਹਾਂ ਸਪੈਸ਼ਲ ਬਣਾਈ। ਉਸ ਫੈਸਲੇ ਦੀ 1915 ਦੇ ਦੇਸ਼ ਭਗਤਾਂ ਦੀ ਤਰ੍ਹਾਂ ਕੋਈ ਅਪੀਲ ਨਹੀਂ ਹੋ ਸਕਦੀ ਸੀ। ਜਦ ਭਗਤ ਸਿੰਘ ਤੇ ਉਸਦੇ ਸਾਥੀਆਂ 'ਤੇ ਮੁਕਦੱਮਾ ਚਲਾਉਣ ਲਈ ਬੌਸਟਲ ਜੇਲ੍ਹ ਤੋਂ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ ਤਾਂ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ, ਪਹਿਲਾਂ ਹੀ ਉਸ ਜੇਲ੍ਹ ਵਿਚ ਆ ਚੁੱਕੇ ਸਾਂ। ਕਿਸੇ ਨਾ ਕਿਸੇ ਤਰੀਕੇ ਨਾਲ ਤਿੰਨੀ ਕੁ ਦਿਨੀਂ ਮੈਂ ਤੇ ਭਗਤ ਸਿੰਘ ਜ਼ਰੂਰ ਮਿਲਦੇ ਸਾਂ ਤੇ ਵਿਚਾਰ ਚਰਚਾ ਕਰਦੇ ਸਾਂ। ਇਕ ਦਿਨ ਮੈਂ ਮਖੌਲ ਨਾਲ ਭਗਤ ਸਿੰਘ ਨੂੰ ਦੇਸ਼ ਭਗਤੀ ਵੱਲ ਆਉਣ ਬਾਰੇ ਪੁੱਛਿਆ ਤਾਂ ਉਸਨੇ ਹੱਸ ਕੇ ਜਵਾਬ ਦਿੱਤਾ, 'ਇਹ ਮੇਰਾ ਕਸੂਰ ਨਹੀਂ, ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ, ਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫਾਂਸੀਆਂ 'ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ।'

ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਲਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ, ਪਰ ਉਨ੍ਹਾਂ ਦੇ ਗੁਣ ਅਤੇ ਕਰਮ ਇਕੋ ਹੀ ਸਨ।

'ਏਕ ਜੋਤ ਦੋਏ ਮੂਰਤਿ'

ਭਾਰਤੀ ਨੌਜਵਾਨੋ। ਅੰਤ ਵਿਚ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਨ੍ਹਾਂ 19-20 ਸਾਲਾਂ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਨਾ ਭੁੱਲੋ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਨੌਜਵਾਨਾਂ ਨੂੰ ਪੂਰਨ ਆਜ਼ਾਦੀ ਅਤੇ ਬਰਾਬਰੀ ਦਾ ਰਾਹ ਵਿਖਾਉਣ ਲਈ ਬੇਗਰਜ਼ ਹੋ ਕੇ ਆਪਣੀਆਂ ਜਾਨਾਂ ਵਾਰੀਆਂ ਅਤੇ ਕੌਮੀ ਅਣਖ ਤੇ ਮਰ ਮਿਟੇ। ਦੇਸ਼ ਅੰਦਰ ਨਹੀਂ ਬਲਕਿ ਵੈਰੀ ਦੇ ਘਰ ਜਾ ਕੇ ਉਸਦੇ ਅਪਰਾਧਾਂ ਦੀ ਸਜ਼ਾ ਦਿੱਤੀ।

ਖੁਦੀ ਰਾਮ ਬੋਸ (ਬੰਗਾਲ), ਮਦਨ ਲਾਲ ਢੀਂਗਰਾ (ਅੰਮ੍ਰਿਤਸਰ), ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਸੁਨਾਮ ਅਤੇ ਦੂਸਰੇ ਇਨਕਲਾਬੀ ਦੇਸ਼ ਭਗਤ, ਮਨੁੱਖੀ ਸਮਾਜ ਵਿਚ ਪੂਰਨ ਆਜ਼ਾਦੀ ਅਤੇ ਬਰਾਬਰੀ ਦੇ ਉਦੇਸ਼ ਨੂੰ ਪਹੁੰਚਾਉਣ ਵਾਲੇ ਸਾਰੇ ਸ਼ਹੀਦਾਂ ਨੂੰ ਸਾਹਮਣੇ ਰੱਖੋ। ਉਨ੍ਹਾਂ ਦੇ ਵਿਖਾਏ ਹੋਏ ਰਸਤੇ ਉੱਤੇ ਚਲੋ। ਅਮਲੋਂ ਸੱਖਣੇ ਅਤੇ ਗੱਲਾਂ ਨਾਲ ਜਨਤਾ ਨੂੰ ਧੋਖਾ ਦੇਣ ਵਾਲਿਆਂ 'ਤੋਂ ਸਾਵਧਾਨ ਰਹੋ!

# ਫ਼ਿਲਮ ਲੋਕ



## ਹਿੰਦੀ ਫ਼ਿਲਮਾਂ ਕਰਨਾ ਚਾਹੁੰਦੀ ਹੈ ਅਨੀਤਾ ਦਾਤੇ ਕੇਲਕਰ

ਥੀਏਟਰ ਪਿੱਠਭੂਮੀ ਨੇ ਉਸ ਦੇ ਅਭਿਨੈ ਨੂੰ ਨਿਖਾਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਉਸ ਦੇ ਅੰਦਰ ਭਰਪੂਰ ਆਤਮ-ਵਿਸ਼ਵਾਸ ਆ ਚੁੱਕਿਆ ਹੈ। ਇਸ ਤਰ੍ਹਾਂ 'ਚ 2008 ਵਿਚ ਉਸ ਨੇ ਟੈਲੀਵਿਜ਼ਨ ਅਤੇ ਫ਼ਿਲਮਾਂ ਵਿਚ ਇਕੱਠੇ ਕਦਮ ਰੱਖਿਆ। ਟੈਲੀਵਿਜ਼ਨ 'ਤੇ ਅਨੀਤਾ ਦੀ ਸ਼ੁਰੂਆਤ 'ਦਾਰ ਉਘੜ ਨ ਗੜੇ' (2008) ਤੋਂ ਹੋਈ। ਲਗਭਗ ਇਕ ਦਰਜਨ ਤੋਂ ਜ਼ਿਆਦਾ ਫ਼ਿਲਮਾਂ ਦੇ ਨਾਲ-ਨਾਲ ਅਨੀਤਾ ਨੇ ਟੀ.ਵੀ. ਸ਼ੋਅ 'ਦਾਰ ਉਘੜ ਨੇ ਗੜੇ ਤੋਂ ਬਾਅਦ ਦੂਜੇ ਟੀ.ਵੀ. ਸ਼ੋਅ ਵਿਚ ਕੰਮ ਕਰਨਾ ਜਾਰੀ ਰੱਖਿਆ। ਟੀ.ਵੀ. ਸ਼ੋਅ 'ਮੰਥਨ', 'ਬੰਦਿਨੀ', 'ਭਾਈ ਭੈਯਾ ਔਰ ਬ੍ਰਦਰ' ਅਤੇ 'ਬਾਲ ਵੀਰ' ਵਿਚ ਅਨੀਤਾ ਨੇ ਅਹਿਮ ਭੂਮਿਕਾ ਨਿਭਾਈ। ਪੂਰੇ ਪੰਜ ਸਾਲ ਤੱਕ ਜੀ ਮਰਾਠੀ 'ਤੇ ਪ੍ਰਸਾਰਿਤ ਇਸ ਅਤਿਅੰਤ ਹਰਮਨ ਪਿਆਰੇ ਮਰਾਠੀ ਲੜੀਵਾਰ ਵਿਚ ਅਨੀਤਾ ਨੇ ਰਾਧਿਕਾ ਗੁਰੁਨਾਥ ਸੂਬੇਦਾਰ ਦੇ ਕਿਰਦਾਰ ਵਿਚ ਇਕ ਮਜ਼ਬੂਤ, ਭਾਵਨਾਤਮਕ ਅਤੇ ਪਰਿਵਾਰ ਦੇ ਪ੍ਰਤੀ ਸਮਰਪਿਤ ਇਕ ਇਸ ਤਰ੍ਹਾਂ ਦੀ ਪਤਨੀ ਦੀ ਭੂਮਿਕਾ ਨਿਭਾਈ, ਜੋ ਆਪਣੇ ਪਤੀ ਗੁਰੂਨਾਥ ਦੇ ਵਿਸ਼ਵਾਸਘਾਤ ਦੇ ਬਾਵਜੂਦ ਆਪਣੀ ਗਰਿਮਾ ਅਤੇ ਆਤਮ-ਸਨਮਾਨ ਨੂੰ ਬਣਾਈ ਰੱਖਦੀ ਹੈ। ਇਸ ਕਿਰਦਾਰ ਨੂੰ ਉਸ ਨੇ ਏਨੇ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਕਿ ਉਹ ਘਰ-ਘਰ ਵਿਚ ਮਸ਼ਹੂਰ ਹੋ ਗਈ। ਉਸ ਦੀ ਐਕਟਿੰਗ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਅਨੀਤਾ ਸਚਿਨ ਕੁੰਦਲਕਰ ਵਲੋਂ ਨਿਰਦੇਸ਼ਿਤ ਰਾਣੀ ਮੁਖਰਜੀ ਅਤੇ ਪ੍ਰਿਥਵੀਰਾਜ ਸੁਕੂਮਾਰਨ ਦੀ ਹਿੰਦੀ ਫ਼ਿਲਮ 'ਅਈਆ' (2012) ਵਿਚ ਇਕ ਛੋਟੀ ਭੂਮਿਕਾ ਵਿਚ ਨਜ਼ਰ ਆ ਚੁੱਕੀ ਹੈ। ਜੋ ਅਨੀਤਾ ਦੀ ਇਕ-ਮਾਤਰ ਹਿੰਦੀ ਫ਼ਿਲਮ ਹੈ ਪਰ ਉਹ ਹੋਰ ਹਿੰਦੀ ਫ਼ਿਲਮਾਂ ਕਰਨਾ ਚਾਹੁੰਦੀ ਹੈ।



## ਖੇਤਰੀ ਫ਼ਿਲਮਾਂ ਕਰਨ ਲਈ ਤਿਆਰ ਆਦਰਸ਼ ਗੌਰਵ

ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਫ਼ਿਲਮਾਂ ਅਤੇ ਟੈਲੀਵਿਜ਼ਨ ਲੜੀਵਾਰਾਂ ਵਿਚ ਆਪਣੇ ਕੰਮ ਲਈ ਜਾਣੇ ਜਾਂਦੇ ਐਕਟਰ ਆਦਰਸ਼ ਗੌਰਵ ਦਾ ਜਨਮ 1994 ਵਿਚ ਝਾਰਖੰਡ ਦੇ ਜਮਸ਼ੇਦਪੁਰ ਵਿਚ ਇਕ ਤੈਲਗੂ ਭਾਸੀ ਪਰਿਵਾਰ ਵਿਚ ਹੋਇਆ ਹੈ। ਆਦਰਸ਼ ਗੌਰਵ ਨੇ ਮੁੰਬਈ ਦੇ ਲੀਲਾਵਤੀਬਾਈ ਪੈਦਾਰ ਹਾਈ ਸਕੂਲ ਅਤੇ ਨਰਸੀ ਮੋਨਜੀ ਕਾਲਜ ਤੋਂ ਆਪਣੀ ਬਾਕੀ ਦੀ ਪੜ੍ਹਾਈ ਪੂਰੀ ਕੀਤੀ। 'ਕਾਲਾ ਘੋੜਾ' ਕਲਾ 'ਮਹਾਂਉਤਸਵ' ਵਿਚ ਹਿੱਸਾ ਲੈਣ ਤੋਂ ਬਾਅਦ ਇਕ ਆਡੀਸ਼ਨ ਜ਼ਰੀਏ ਉਸ ਨੂੰ ਫ਼ਿਲਮ 'ਮਾਈ ਨੇਮ ਇਜ਼ ਖਾਨ' ਵਿਚ ਯੁਵਾ (ਕਿਸ਼ੋਰ) ਸ਼ਾਹਰੁਖ ਖਾਨ ਦੇ ਰੂਪ ਵਿਚ ਕਾਸਟ ਕੀਤਾ ਗਿਆ।

ਉਸ ਤੋਂ ਬਾਅਦ ਉਹ 'ਮੈਡਲੀ', 'ਰੁਖ', 'ਮਾਮ', 'ਦ ਵਾਈਟ ਟਾਈਗਰ', 'ਕਿਸ', 'ਖੋ ਗਏ ਹਮ ਕਹਾਂ' ਅਤੇ 'ਵੋ ਭੀ ਦਿਨ ਥੇ' ਵਰਗੀਆਂ ਫ਼ਿਲਮਾਂ ਵਿਚ ਨਜ਼ਰ ਆਏ। ਇਸ ਸਾਲ 28 ਫਰਵਰੀ ਨੂੰ ਉਸ ਦੀ ਇਕ ਫ਼ਿਲਮ 'ਸੁਪਰਬੁਆਏਜ਼ ਆਫ਼ ਮਾਲੇਗਾਂਵ' ਰਿਲੀਜ਼ ਹੋਈ।

ਆਦਰਸ਼ ਗੌਰਵ ਫ਼ਿਲਮਾਂ ਤੋਂ ਇਲਾਵਾ ਵੈੱਬ ਸੀਰੀਜ਼ 'ਡਾਈ ਟ੍ਰਾਈਇੰਗ', ਦੀਪਤਾ ਮਹਿਤਾ ਦੀ ਨੈਟਫਲਿਕਸ ਸੀਰੀਜ਼ 'ਲੀਲਾ', ਕਾਮੇਡੀ ਸੀਰੀਜ਼ 'ਹਾਸਟਲ ਡੇਜ਼', 'ਐਕਸਪਲੇਸ਼ਨ ਕਾਮਿਕ ਥ੍ਰਿਲਰ ਸੀਰੀਜ਼ 'ਗਨਸ ਐਂਡ ਗੁਲਾਬਸ', ਤਾਰਕ ਰੈਨਾ ਅਤੇ ਪ੍ਰਾਜਕਤਾ ਕੋਲੀ ਦੇ ਨਾਲ ਆਡੀਬਲ ਦੀ ਪਾਡਕਾਸਟ ਸੀਰੀਜ਼ 'ਦੇਸੀ ਡਾਊਨ ਅੰਡਰ' ਦਾ ਵੀ ਹਿੱਸਾ ਰਹਿ ਚੁੱਕੇ ਹਨ।

ਕਾਮੇਡੀ ਸੀਰੀਜ਼ 'ਹਾਸਟਲ ਡੇਜ਼' ਵਿਚ ਕਾਲਜ ਦੇ ਲੜਕੇ ਅੰਕਿਤ ਪਾਂਡੇ ਦੇ ਕਿਰਦਾਰ ਲਈ ਆਦਰਸ਼ਕ ਸਰਬਉੱਤਮ ਅਭਿਨੇਤਾ ਲਈ ਫ਼ਿਲਮ ਫੇਅਰ ਓ.ਟੀ.ਟੀ. ਪੁਰਸਕਾਰ ਲਈ ਨਾਮਜ਼ਦ ਵੀ ਹੋ ਚੁੱਕਾ ਹੈ। ਫ਼ਿਲਮ 'ਮਾਮ' ਵਿਚ ਇਕ ਡਰਪੋਕ ਸਕੂਲ ਦੇ ਮੁੰਡੇ ਤੋਂ ਲੈ ਕੇ 'ਖੋ ਗਏ ਹਮ ਕਹਾਂ' ਵਿਚ ਇਕ ਕੈਲੀਸਥੇਨਿਕਸ ਟ੍ਰੇਨਰ ਤੋਂ ਲੈ ਕੇ 'ਗਨਸ ਐਂਡ ਗੁਲਾਬਸ' ਤੱਕ, ਹਰੇਕ ਭੂਮਿਕਾ ਨੂੰ ਉਸ ਨੇ ਜੀਵੰਤ ਬਣਾਇਆ। ਤੈਲਗੂ ਆਦਰਸ਼ ਦੀ ਮਾਤ ਭਾਸ਼ਾ ਹੈ, ਇਸ ਲਈ ਉਹ ਸ਼ੁਰੂ ਤੋਂ ਤੈਲਗੂ ਫ਼ਿਲਮ ਕਰਨ ਦਾ ਇੱਛੁਕ ਸੀ। ਹੁਣ ਉਹ ਇਕ ਤੈਲਗੂ ਫ਼ਿਲਮ ਜ਼ਰੀਏ ਦੱਖਣ ਦੀ ਫ਼ਿਲਮ ਸਨਅਤ ਵਿਚ ਡੈਬਿਊ ਕਰਨ ਲਈ ਤਿਆਰ ਹੈ। ਇਸ ਫ਼ਿਲਮ ਲਈ ਸਾਮੰਥਾ ਨੇ ਉਸ ਦੀ ਕਾਫ਼ੀ ਮਦਦ ਕੀਤੀ। ਇਹ ਇਕ ਮਲਟੀ-ਜਾਨਰ ਸਾਈਕੋਲਾਜੀਕਲ ਥ੍ਰਿਲਰ ਡਰਾਉਣੀ ਫ਼ਿਲਮ ਹੋਵੇਗੀ। ਇਸ ਵਿਚ ਡਾਰਕ ਕਾਮੇਡੀ ਵੀ ਹੈ। ਹਾਲਾਂਕਿ ਫ਼ਿਲਮ ਦਾ ਨਾਂਅ ਹਾਲੇ ਤੱਕ ਸਾਹਮਣੇ ਨਹੀਂ ਆਇਆ ਹੈ।

## ਡਾਇਮੰਡ ਕੁੜੀ ਰੂਪੀ ਗਿੱਲ

ਸੋਨੇ ਦੇ ਢੇਰ 'ਚੋਂ ਹੀਰੇ ਨੂੰ ਲੱਭਣਾ ਜਾਂ ਪਹਿਚਾਣਨਾ ਔਖਾ ਨਹੀਂ ਹੁੰਦਾ, ਕਿਉਂਕਿ ਉਸ ਦਾ ਚਮਕਣਾ ਲਾਜ਼ਮੀ ਹੁੰਦਾ ਹੈ, ਜਦ ਉਸ ਉੱਪਰ ਰੌਸ਼ਨੀ ਹੋਵੇ। ਰੂਪੀ ਗਿੱਲ ਵੀ ਪੰਜਾਬੀ ਸਿਨੇਮਾ ਲਈ ਕਿਸੇ ਹੀਰੇ ਤੋਂ ਘੱਟ ਨਹੀਂ। ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਸਦਕਾ ਉਸ ਦੀ ਮਿਹਨਤ ਨੇ ਉਸ ਨੂੰ ਪੰਜਾਬੀ ਫ਼ਿਲਮ 'ਬੀਬੀ ਰਜਨੀ' ਵਿਚ ਮੁੱਖ ਭੂਮਿਕਾ ਨਿਭਾਉਣ ਦਾ ਮੌਕਾ ਦਿਵਾਇਆ, ਜਿਸ ਦੀ ਕਾਮਯਾਬੀ ਨੇ ਉਸ ਨੂੰ ਸ਼ੁਹਰਤ ਦੇ ਸਿਖਰਾਂ 'ਤੇ ਪਹੁੰਚਾ ਦਿੱਤਾ। ਜ਼ਿਕਰਯੋਗ ਹੈ ਕਿ ਰੂਪੀ ਗਿੱਲ ਨੇ ਆਪਣੀ ਪਹਿਲੀ ਪਹਿਚਾਣ ਗੀਤਾਂ ਵਿਚ ਮਾਡਲਿੰਗ ਰਾਹੀਂ ਕਾਇਮ ਕੀਤੀ। ਗੁਰਨਾਮ ਭੁੱਲਰ ਦੇ ਗੀਤ 'ਡਾਇਮੰਡ' ਦੀ ਕਾਮਯਾਬੀ ਨੇ ਉਸ ਲਈ ਮਾਡਲਿੰਗ ਦੇ ਦਰਵਾਜ਼ੇ ਖੋਲ੍ਹ ਦਿੱਤੇ। ਦਿਲਜੀਤ ਦੁਸਾਂਝ ਦੇ ਗੀਤ 'ਸਟਰੇਂਜਰ', ਕਰਨ ਔਜਲਾ ਦੇ ਗੀਤ 'ਯਾਰੀਆਂ 'ਚ ਫਿੱਕ' ਵਿਚ ਉਸ ਨੇ ਆਪਣੀ ਅਦਾਕਾਰੀ ਦਾ ਉਹ ਸੋਹਣਾ ਰੂਪ ਵਿਖਾਇਆ ਸੀ।



2018 ਵਿਚ ਰੂਪੀ ਗਿੱਲ ਪਹਿਲੀ ਵਾਰ ਪਰਦੇ 'ਤੇ ਫ਼ਿਲਮ 'ਅਸ਼ਕੇ' ਨਾਲ ਨਜ਼ਰ ਆਈ ਤੇ ਇਸ ਤੋਂ ਬਾਅਦ ਉਸ ਨੇ 'ਵੱਡਾ ਕਲਾਕਾਰ', 'ਲਾਈਏ ਜੇ ਯਾਰੀਆਂ', 'ਮਾਂ ਦਾ ਲਾਡਲਾ', 'ਪਰਿੰਦਾ ਪਾਰ ਗਿਆ' ਫ਼ਿਲਮਾਂ ਵਿਚ ਅਹਿਮ ਕਿਰਦਾਰ ਨਿਭਾਏ। ਗਿੱਪੀ ਗਰੇਵਾਲ ਦੀ ਬੀਤੇ ਸਾਲ ਰਿਲੀਜ਼ ਹੋਈ ਫਿਲਮ 'ਜੱਟ ਨੂੰ ਚੁੜੇਲ ਟੱਕਰੀ' ਵਿਚ ਉਸ ਨੇ ਉਹ ਬਾਕਮਾਲ ਅਦਾਕਾਰੀ ਕਰਕੇ ਦਰਸ਼ਕਾਂ ਨੂੰ ਹਸਾ-ਹਸਾ ਲੋਟਪੋਟ ਕੀਤਾ ਕਿ ਉਹ ਸਭ ਦੀ ਚਹੇਤੀ ਬਣ ਗਈ। ਅਮਰ ਹੁੰਦਲ ਵਲੋਂ ਨਿਰਦੇਸ਼ਿਤ ਕੀਤੀ ਫ਼ਿਲਮ 'ਬੀਬੀ ਰਜਨੀ' ਦੀ ਮੁੱਖ ਭੂਮਿਕਾ ਮਿਲਣ ਸਦਕਾ ਗੰਭੀਰ ਕਿਰਦਾਰ ਨਿਭਾਉਣਾ ਉਸ ਵਾਸਤੇ ਇਕ ਵੱਡੀ ਚੁਣੌਤੀ ਸੀ। ਇਸ ਤੋਂ ਵੀ ਵੱਧ ਇਹ ਪੰਜਾਬ ਦੀ ਵਿਰਾਸਤ ਨਾਲ ਜੁੜੀ ਕਹਾਣੀ ਹੋਣ ਕਰਕੇ ਇਕ ਜ਼ਿੰਮੇਵਾਰੀ ਵਾਲਾ ਕਾਰਜ ਵੀ ਸੀ, ਜਿਸ ਨੂੰ ਰੂਪੀ ਗਿੱਲ ਨੇ ਸਮਝ ਕੇ ਸਹਿਜਤਾ ਅਤੇ ਗੰਭੀਰਤਾ ਨਾਲ ਨਿਭਾਅ ਕੇ ਉਸ ਨਾਲ ਇਨਸਾਫ਼ ਕੀਤਾ। ਦੇਵ ਖਰੌੜ ਤੇ ਗੁੱਗੂ ਗਿੱਲ ਨਾਲ ਆਈ ਮਲਟੀਸਟਾਰ ਕਾਸਟ ਵਾਲੀ ਐਕਸ਼ਨ ਫ਼ਿਲਮ 'ਮਝੈਲ' ਵਿਚ ਰੂਪੀ ਗਿੱਲ ਦੀ ਜਾਂਬਾਜ਼ ਅਦਾਕਾਰੀ ਨੇ ਇਕ ਵਾਰ ਫ਼ਿਰ ਦਰਸ਼ਕਾਂ ਦਾ ਦਿਲ ਜਿੱਤ ਕੇ ਸਾਬਤ ਕਰ ਦਿੱਤਾ ਕਿ ਉਹ ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣ ਦਾ ਦਮ ਰੱਖਦੀ ਹੈ। ਇਸ ਤੋਂ ਇਲਾਵਾ ਲੇਧਵ ਨਿਰਦੇਸ਼ਕ ਅੰਬਰਦੀਪ ਦੀ ਰੁਮਾਂਟਿਕ ਫ਼ਿਲਮ 'ਮਿੱਠੜੇ' ਵਿਚ ਵੀ ਰਪੀ ਗਿੱਲ ਦਰਸ਼ਕਾਂ ਦੀ ਪਸੰਦ ਬਣੀ ਹੋਈ ਹੈ।



## ਭਾਰਤ ਪ੍ਰੇਮਣ ਨੋਰਾ ਫ਼ਤੇਹੀ

'ਫਰੇਬ', 'ਧੋਖਾ', 'ਦਿਖਾਵਾ' ਤੇ 'ਝੂਠ' ਇਹ ਫਿਲਮਾਂ ਦੇ ਨਾਂਅ ਨਹੀਂ ਹਨ, ਜਿਨ੍ਹਾਂ ਦਾ ਜ਼ਿਕਰ ਇਥੇ ਕਰ ਰਹੇ ਹਾਂ, ਇਹ ਸ਼ਬਦ ਨੋਰਾ ਫਤੇਹੀ ਨੇ ਬੋਲੇ ਹਨ ਕਿ ਸਾਡੀ ਫਿਲਮਾਂ ਦੀ ਦੁਨੀਆ ਨੂੰ ਇਨ੍ਹਾਂ ਲਫਜ਼ਾਂ ਨਾਲ ਪ੍ਰੀਭਾਸ਼ਤ ਕੀਤਾ ਜਾ ਸਕਦਾ ਹੈ। ਨੋਰਾ ਨੇ ਤਿੰਨ-ਚਾਰ ਨਿਰਮਾਤਾਵਾਂ ਦੀ ਗੱਲ ਕੀਤੀ ਕਿ ਇਨ੍ਹਾਂ ਨੇ ਉਸ ਨੂੰ ਅਗਲੀ ਫ਼ਿਲਮ ਦੀ ਹੀਰੋਇਨ ਹੋ ਤੁਸੀਂ ਨੋਰਾ' ਆਖ ਕੇ ਉਸ ਤੋਂ ਮੁਫ਼ਤ 'ਚ ਆਪਣੇ ਵੀਡੀਓ ਗੀਤ ਕਰਵਾ ਲਏ। ਉਹ ਦਿਨ ਤੇ ਅੱਜ ਦਾ ਦਿਨ ਉਹ ਨਿਰਮਾਤਾ ਹੀ ਗਾਇਬ ਹਨ। ਹੁਣ ਉਹ ਸਿਆਣਪ ਤੋਂ ਕੰਮ ਲੈ ਰਹੀ ਹੈ ਤੇ ਬੀਤੇ ਨੂੰ ਯਾਦ ਕਰਕੇ ਰੋਣ-ਧੋਣ ਦਾ ਕੰਮ ਉਸ ਨੇ ਛੱਡ ਦਿੱਤਾ ਹੈ। ਹੁਣ ਉਹ ਏਜੰਸੀਆਂ ਤੇ ਦਲਾਲਾਂ ਤੇ ਨਿਰਮਾਤਾਵਾਂ ਦੇ ਭਰੋਸੇ ਨਹੀਂ ਰਹਿੰਦੀ। ਉਸ ਨੇ ਹੁਣ ਸਿੱਧਾ ਹਿਸਾਬ ਰੱਖਿਆ ਹੈ ਕਿ ਆਪਣੀ ਫਿਲਮ ਲਈ 'ਆਈਟਮ ਗੀਤ ਉਸ ਤੋਂ ਕਰਵਾਓ ਤੇ ਦੋ ਕਰੋੜ ਰੁਪਏ ਭਰ ਦਿਓ, ਜਿਸ ਨੂੰ ਇਹ ਸਵੀਕਾਰ ਹੈ, ਠੀਕ ਹੈ, ਵਰਨਾ ਉਹ ਆਪਣੇ ਘਰ ਰਾਜ਼ੀ ਤੇ ਨੋਰਾ ਆਪਣੇ ਘਰ ਰਾਜ਼ੀ। ਨੋਰਾ ਕੈਨੇਡੀਅਨ ਹੈ ਤੇ ਉਹ ਵਾਰ-ਵਾਰ ਧੰਨਵਾਦ ਭਾਰਤ ਆਖਦੀ ਹੈ ਤੇ ਬੋਲਦੀ ਹੈ ਕਿ ਉਹ ਤੇ ਟੋਰਾਂਟੋ ਤੋਂ ਆਈ ਸੀ ਪਰ ਧੰਨਵਾਦ ਭਾਰਤੀ ਦਰਸ਼ਕਾਂ ਦਾ ਜਿਨ੍ਹਾਂ ਨੇ ਉਸ ਨੂੰ ਸਵੀਕਾਰ ਕੀਤਾ ਹੈ ਤੇ ਉਸ ਦਾ ਕਰੀਅਰ ਚੋਟੀ 'ਤੇ ਪਹੁੰਚਾ ਦਿੱਤਾ ਹੈ। ਕੈਨੇਡਾ ਦੀ ਹੋ ਕੇ ਵੀ ਉਹ ਭਾਰਤ 'ਚ ਸਿਰਫ਼ ਦਿਸਚਸਪੀ ਹੀ ਨਹੀਂ ਰੱਖਦੀ ਬਲਕਿ ਭਾਰਤ ਨੂੰ ਦਿਲੋਂ ਪਿਆਰ ਵੀ ਕਰਦੀ ਹੈ। ਨੋਰਾ ਨੇ ਭਾਰਤੀ ਫ਼ੌਜ ਦੀ ਰੱਜ ਕੇ ਤਾਰੀਫ਼ ਕੀਤੀ ਹੈ ਤੇ ਬਾਕਾਇਦਾ ਇੰਸਟਾਗ੍ਰਾਮ ਕਹਾਣੀ 'ਚ ਨੋਰਾ ਨੇ ਕਿਹਾ ਕਿ ਪਿਆਰੀ ਭਾਰਤੀ ਸੈਨਾ ਤੁਹਾਡਾ ਅਟੁੱਟ ਦਲੇਰਾਨਾ ਵਤੀਰਾ, ਤਿਆਗ, ਬਲੀਦਾਨ ਤੇ ਸਮਰਪਣ ਦਾ ਦਿਲ ਤੋਂ ਧੰਨਵਾਦ। ਸਾਡੇ ਅਸਲੀ ਹੀਰੋ ਫ਼ੌਜੀ ਤੇ ਜੈ ਹਿੰਦ। ਉਸ ਨੇ ਲਿਖ ਕੇ ਮੂੰਹ 'ਚ ਘੁੰਗਣੀਆਂ ਪਾ ਕੇ ਬੈਠੀਆਂ ਭਾਰਤੀ ਹੀਰੋਇਨਾਂ ਨੂੰ ਪ੍ਰਭਾਵ ਦਿੱਤਾ ਹੈ ਕਿ ਦੇਸ਼ ਬਿਗਾਨੇ ਦੀ ਹਾਂ ਪਰ ਰੋਟੀ-ਰੋਜ਼ੀ ਦੇਣ ਵਾਲੇ ਦੇਸ਼ 'ਤੇ ਭੀੜ ਬਣੇ ਤਾਂ ਉਹ ਭਾਰਤ ਦੇਸ਼ ਲਈ ਹੀ ਪ੍ਰਾਰਥਨਾ ਕਰੇਗੀ। 8 ਕਿਸ਼ਤਾਂ ਦੀ ਵੈੱਬ ਸੀਰੀਜ਼ 'ਦਾ ਰਾਇਲਜ਼' 'ਚ ਵੀ ਉਹ ਹੈ ਤੇ ਇਸ ਵਿਚ ਉਹ ਰਾਜਕੁਮਾਰੀ ਆਇਸ਼ਾ ਬਣੀ ਹੈ। ਭੂਮੀ ਪੇਡਨਕਰ ਵੀ ਇਸ ਵੈੱਬ ਸੀਰੀਜ਼ 'ਚ ਹੈ ਤੇ 'ਬਿਕਨੀ ਗਰਲ' ਤੇ 'ਆਈਟਮ ਗਰਲ' ਨੋਰਾ ਨੇ ਇਹ ਸੀਮਤ ਜਿਹਾ ਕਿਰਦਾਰ ਨਿਭਾਅ ਕੇ ਪ੍ਰਭਾਵ ਦਿੱਤਾ ਹੈ ਕਿ ਉਹ ਵਧੀਆ ਅਭਿਨੇਤਰੀ ਵੀ ਹੈ। ਇਧਰ ਨੋਰਾ ਦਾ ਨਵਾਂ ਗੀਤ 'ਸਾਕੀ-ਓ-ਸਾਕੀ' ਵੀ ਚਰਚਾ 'ਚ ਹੈ ਤੇ ਵੈੱਬ ਸੀਰੀਜ਼ 'ਦਾ ਰਾਇਲਜ਼' ਵੀ ਬਾਕੀ ਇੰਸਟਾਗ੍ਰਾਮ ਤੇ ਭਾਰਤੀ ਫ਼ੌਜ ਦੇ ਜਵਾਨਾਂ ਲਈ ਲਿਖੀ ਉਸ ਦੀ ਸਟੋਰੀ ਬਹੁਤ ਵਾਇਰਲ ਹੋ ਰਹੀ ਹੈ ਤੇ ਫ਼ਿਲਮੀ ਮਾਹਿਰ ਵੀ ਆਖ ਰਹੇ ਹਨ ਕਿ ਭਾਰਤ ਦੀਆਂ ਜੰਮਪਲ ਅਭਿਨੇਤਰੀਆਂ ਚੁੱਪ ਹਨ ਤੇ ਨੋਰਾ ਫਤੇਹੀ ਨੇ ਕੈਨੇਡੀਅਨ ਹੋ ਕੇ ਵੀ ਭਾਰਤੀ ਫ਼ੌਜ ਨੂੰ ਉਤਸ਼ਾਹਿਤ ਕੀਤਾ ਹੈ, ਇਹ ਹੈ ਦੇਸ਼ ਪਿਆਰ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 8455 Peachtree Ave Newark CA 94560
2. 2125 Neptune Rd Livermore CA 94550
3. 2169 Charger Dr San Jose CA 95131
4. 9550 Appaloosa Pl Elk Grove CA 95624
5. 9810 Bobcat Ct Gilroy CA 95020
6. 106 Coralflower Ln, San Ramon, CA 94582
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 6388 Broadway Ave Newark CA 94560

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20